# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਦੂਜਾ — ਸਮੈਸਟਰ ਚੌਥਾ

ਪੇਪਰ : ਪੰਜਵਾਂ (ਕਿੱਸਾ ਕਾਵਿ) — ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.

**ਪੀਲੂ–ਮਿਰਜ਼ਾ–ਸਾਹਿਬਾ**


2.1 : ਪੀਲੂ ਜੀਵਨ, ਰਚਨਾ ਅਤੇ ਕਾਵਿ ਕਲਾ

2.2 : ਪੀਲੂ ਰਚਿਤ ਕਿੱਸਾ ਮਿਰਜ਼ਾ-ਸਾਹਿਬਾ ਦਾ ਵਿਸ਼ਾ-ਪੱਖ ਅਤੇ ਸੱਭਿਆਚਾਰਕ ਚਿਤਰਨ

2.3 : ਪੰਜਾਬੀ ਕਿੱਸਾ ਕਾਵਿ ਵਿੱਚ ਪੀਲੂ ਦਾ ਯੋਗਦਾਨ

2.4 : ਪੰਜਾਬੀ ਕਿੱਸਾ ਕਾਵਿ ਅਤੇ ਕਾਦਰਯਾਰ

2.5 : ਪੂਰਨ ਭਗਤ ਦੀ ਕਥਾ ਦਾ ਪਿਛੋਕੜ ਅਤੇ ਹੋਰ ਕਿੱਸਾਕਾਰ

2.6 : ਕਾਦਰਯਾਰ : ਜੀਵਨ ਅਤੇ ਰਚਨਾ

2.7 : ਕਾਦਰਯਾਰ ਰਚਿਤ ਪੂਰਨ ਭਗਤ ਦੀ ਮੂਲ ਕਥਾ ਅਤੇ ਵਿਸ਼ਾਗਤ ਅਧਿਐਨ

2.8 : ਕਾਦਰਯਾਰ ਰਚਿਤ ਪੂਰਨ ਭਗਤ ਦੀਆਂ ਕਲਾਤਮਕ ਜੁਗਤਾਂ


**Department website : www.pbidde.org**

ਪਾਠ ਨੰਬਰ : 2.1 ਲੇਖਕ : ਰੁਪਿੰਦਰ ਕੌਰ ਹਾਂਸ ਰਿਸਰਚ ਸਕਾਲਰ

## ਪੀਲੂ ਜੀਵਨ, ਰਚਨਾ ਅਤੇ ਕਾਵਿ–ਕਲਾ

ਕਿੱਸਾ ਸਾਹਿਤ ਮੱਧਕਾਲੀਨ ਸਾਹਿਤ ਦੀ ਇਕ ਮਹੱਤਵਪੂਰਨ ਕਾਵਿ ਪਰੰਪਰਾ ਅਤੇ ਅਮੀਰ ਵਿਰਸਾ ਹੈ। 'ਕਿੱਸਾ' ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸਦ ਅਰਥ ਹੈ ਕਹਾਣੀ। ਬਿਆਨੀ ਗਈ ਲੰਮੀ ਕਹਾਣੀ ਨੂੰ ਕਿੱਸਾ ਆਖਿਆ ਜਾਂਦਾ ਹੈ। ਇਸ ਕਹਾਣੀ ਦਾ ਸੰਬੰਧ ਪਿਆਰ, ਧਰਮ, ਸਮਾਜ ਸੁਧਾਰ, ਬਹਾਦਰੀ, ਇਤਿਹਾਸ, ਸਥਾਨਕ ਘਟਨਾ, ਦੇਸ਼ ਭਗਤੀ ਆਦਿ ਕਿਸੇ ਵੀ ਵਿਸ਼ੇ ਨਾਲ ਹੋ ਸਕਦਾ ਹੈ। ਇਵੇਂ ਕਿੱਸੇ ਨੂੰ ਕਈ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ।

ਪੀਲੂ ਮੁਗਲ ਰਾਜ ਦਾ ਪਸ੍ਰਿੱਧ ਕਵੀ ਸੀ। ਜਿਸ ਤਰ੍ਹਾਂ ਦਮੋਦਰ ਨੇ ਪਹਿਲੀ ਵਾਰ ਹੀਰ ਰਾਂਝੇ ਦੀ ਕਹਾਣੀ ਨੂੰ ਕਿੱਸੇ ਦੇ ਰੂਪ 'ਚ ਲਿਖ ਕੇ ਪੰਜਾਬੀ ਸਾਹਿਤ ਨੂੰ ਭੇਟ ਕੀਤਾ, ਉਸੇ ਤਰ੍ਹਾਂ ਪੀਲੂ ਨੇ ਮਿਰਜ਼ਾ ਸਾਹਿਬਾਂ ਦਾ ਕਿੱਸਾ ਪੰਜਾਬੀ ਵਿੱਚ ਪਹਿਲੀ ਵਾਰ ਦੁਖਾਂਤ 'ਚ ਪੇਸ਼ ਕੀਤਾ। ਇਸ ਤਰ੍ਹਾਂ ਪੰਜਾਬੀ 'ਚ ਪਹਿਲੀ ਵਾਰ ਤ੍ਰਾਸਦੀ ਲਿਖਣ ਦਾ ਮਾਣ ਪੀਲੂ ਨੂੰ ਜਾਂਦਾ ਹੈ। ਪੀਲੂ ਦੇ ਜੀਵਨ ਬਾਰੇ ਵੀ ਕੋਈ ਠੋਸ ਸਬੂਤ ਨਹੀਂ ਮਿਲਦੇ। ਵੱਖ–ਵੱਖ ਵਿਦਵਾਨਾਂ ਦੇ ਵੱਖ– ਵੱਖ ਵਿਚਾਰ ਮਿਲਦੇ ਹਨ। ਬਾਵਾ ਬੁੱਧ ਸਿੰਘ ਦੇ ਅਨੁਸਾਰ ਪੀਲੂ ਭਗਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਏ ਹਨ ਪਰ ਉਹ ਹਿੰਦੂ ਸਨ। ਜਦਕਿ ਮੋਹਨ ਸਿੰਘ ਦੀਵਾਨਾ ਪੀਲੂ ਦਾ ਜਨਮ ਸਥਾਨ ਅਮ੍ਰਿੰਤਸਰ ਦੇ ਕੋਲ ਅਟਾਰੀ ਲਾਗੇ ਦੱਸਦਾ ਹੈ। ਡਾ. ਮੋਹਨ ਸਿੰਘ ਤੋਂ ਉਪਰੰਤ ਮੌਲਾ ਬਖ਼ਸ਼ ਕੁਸ਼ਤਾ ਨੇ ਪੀਲੂ ਦੇ ਜੀਵਨ ਬਾਰੇ ਇਹ ਵੇਰਵਾ ਦਿੱਤਾ ਹੈ–

ਨਾਮ ਪੀਲੂ, ਕੌਮ ਦੇ ਮੁਸਲਮਾਨ ਜੱਟ, ਪਿੰਡ ਵੈਰੋਵਾਲ, ਤਹਿਸੀਲ ਤਰਨਤਾਰਨ, ਜ਼ਿਲਾ ਅਮ੍ਰਿੰਤਸਰ ਦੇ ਰਹਿਣ ਵਾਲੇ ਸਨ। ਜਹਾਂਗੀਰ ਤੇ ਸ਼ਾਹ ਜਹਾਨ ਦੇ ਸਮੇਂ ਹੋਏ। ਜਵਾਨੀ ਵਿਚ ਗੁਰੂ ਅਰਜਨ ਦੇਵ ਜੀ ਦੇ ਵੀ ਦਰਸ਼ਨ ਕੀਤੇ।

ਪ੍ਰੋ. ਪ੍ਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਵੇਲੇ ਪੀਲੂ ਭਗਤ ਦਾ ਜ਼ਿਕਰ ਆਉਂਦਾ ਹੈ। ਪੀਲੂ ਹੋਰ ਧਾਰਮਿਕ ਵਿਅਕਤੀਆਂ ਨਾਲ ਆਪਣੀ ਰਚਨਾ ਲੈ ਕੇ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਪਰ ਉਸਦੀ ਰਚਨਾ ਗੁਰਮਤਿ ਆਸ਼ੇ ਦੇ ਅਨੁਕੂਲ ਨਾ ਹੋਣ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਨਾ ਚੜ੍ਹ ਸਕੀ।

ਅਬਦੁਲ ਗਫੂਰ ਕੁਰੈਸ਼ੀ ਦੇ ਅਨੁਸਾਰ ਪੀਲੂ ਕਵੀ ਕੌਮ ਦੇ ਮੁਸਲਮਾਨ ਜੱਟ ਸਨ। ਜ਼ਿਲਾ ਅਮ੍ਰਿੰਤਸਰ ਦੀ ਤਹਿਸੀਲ ਤਰਨਤਾਰਨ ਦੇ ਪਿੰਡ ਵਿਚ 1580 ਦੇ ਨੇੜੇ ਪੈਦਾ ਹੋਏ। ਤਕਰੀਬਨ 95 ਸਾਲ ਦੀ ਉਮਰ ਵਿਚ 1675 ਈ. ਨੂੰ ਚਕਵਾਲ ਵਿਚ ਮੌਤ ਹੋ ਗਈ।

ਪੀਲੂ ਮੁਸਲਮਾਨ ਧਰਮ ਨਾਲ ਸੰਬੰਧਿਤ ਜਾਪਦਾ ਹੈ ਕਿਉਂਕਿ ਅਸੀਂ ਵੇਖਦੇ ਹਾਂ ਕਿ ਜਦ ਅਹਿਮਦਯਾਰ ਨੇ ਆਪਣੇ ਤੋਂ ਪਹਿਲਾਂ ਹੋ ਚੁੱਕੇ ਕਵੀਆਂ ਦੀ ਕਵਿਤਾ ਤੇ ਆਲੋਚਨਾ ਕੀਤੀ ਤਾਂ ਉਸਦੀ ਆਲੋਚਨਾ ਦੇ ਅਧਿਐਨ ਵਿਚ ਵਾਰਿਸ ਸ਼ਾਹ, ਮੁਕਬਲ, ਹਾਮਦ, ਹਾਸ਼ਮ, ਹਾਫ਼ਿਜ਼ ਬਰੁਖ਼ਰਦਾਰ ਆਦਿ ਮੁਸਲਮਾਨ ਲੇਖਕ ਸ਼ਾਮਿਲ ਹਨ। ਇਸ ਤਰ੍ਹਾਂ ਪੀਲੂ ਵੀ ਮੁਸਲਮਾਨ ਹੀ ਹੋਵੇਗਾ ਜਿਸਦੀ ਆਲੋਚਨਾ ਅਹਿਮਦਯਾਰ ਨੇ ਉਪਰੋਕਤ ਕਵੀਆਂ ਦੇ ਨਾਲ ਹੀ ਕੀਤੀ। ਹਾਫ਼ਿਜ਼ ਬਰੁਖ਼ਰਦਾਰ ਪੀਲੂ ਦੀ ਤਾਰੀਫ਼ ਕਰਦਾ ਹੋਇਆ ਲਿਖਦਾ ਹੈ:

ਯਾਰੋ ਪੀਲੂ ਨਾਲ ਬਰਾਬਰੀ, ਸ਼ਾਇਰ ਭੁੱਲ ਕਰੇਨ।
ਜਿਨੂੰ ਪੰਜਾਂ ਪੀਰਾਂ ਦੀ ਥਾਪਨਾ, ਕੰਧੀ ਦਸਤ ਧਰੇਨ।

ਇਹ ਤਾਂ ਹੀ ਸੰਭਵ ਹੈ ਜੇਕਰ ਪੀਲੂ ਮੁਸਲਮਾਨ ਹੋਵੇ। ਡਾ.ਤਿਵਾੜੀ ਅਨੁਸਾਰ ਤਰਨਤਾਰਨ ਦੇ ਨੇੜੇ ਇੱਕ ਖੂ ਅਜੇ ਤੱਕ ਕਾਇਮ ਹੈ। ਜਿਸਨੂੰ ਪੀਲੂ ਵਾਲਾ ਖੂਹ ਆਖਦੇ ਹਨ।

ਪੀਲੂ ਨੂੰ ਮਿਰਜ਼ਾਂ ਸਾਹਿਬਾਂ ਦੇ ਰੁਮਾਂਸ ਦਾ ਕਿੱਥੋਂ ਪਤਾ ਲੱਗਾ ਉਹ ਕਿੱਸਾ ਲਿਖਣ ਲਈ ਕਿੱਥੋਂ ਉਤਸਾਹਿਤ ਹੋਇਆ। ਇਸ ਬਾਰੇ ਮੌਲਾ ਬਖ਼ਸ਼ ਕੁਸ਼ਤਾ ਨੇ ਜ਼ਿਕਰ ਕੀਤਾ ਹੈ।

ਆਪ ਫ਼ਕਰੀਨਾ ਤਬੀਅਤ ਦੇ ਮਾਲਕ ਸਨ। ਜਦ ਜ਼ਰਾ ਜੁਆਨ ਹੋਏ ਤਾਂ ਸੈਰ ਦੇ ਸ਼ੌਕ ਕਾਰਨ ਘਰ ਤੋਂ ਨਿਕਲੇ, ਗੁਰੂ ਅਰਜਨ ਦੇਵ ਜੀ ਦੇ ਦੀਦਾਰ ਕਰਨ ਅਤੇ ਸੂਫ਼ੀਆਨਾ ਕਲਾਮ ਸਨਾਉਣ ਪਿੱਛੋਂ ਆਪ ਫ਼ਕੀਰਾਨਾ ਭੇਸ ਵਿਚ ਇਲਾਕਾ ਬਾਰ ਵਲ ਚਲੇ ਗਏ। ਜਦ ਰਾਵੀ ਤੋਂ ਪਾਰ ਗਏ ਤਾਂ ਦਾਨਾਬਾਦ ਖ਼ਰਲਾਂ ਵਿਚ ਚਲੇ ਗਏ। ਜਦ ਰਾਵੀ ਤੋਂ ਪਾਰ ਚਲੇ ਗਏ ਜੋ ਮਿੰਟਗੁਮਰੀ ਤੋਂ ਚਾਲੀ ਕੋਹ ਦੀ ਵਿੱਥ ਤੇ ਹੈ ਤੇ ਇਸ ਤਰ੍ਹਾਂ ਮਿਰਜ਼ਾਂ ਸਾਹਿਬਾਂ ਦਾ ਚਰਚਾ ਸੁਣਿਆ, ਕਵਿਤਾ ਵਿਚ ਲਿਖ ਦਿੱਤਾ। ਬੋਲੀ ਵਿਚ ਅਸਰ ਤੇ ਬਿਆਨ ਵਿਚ ਸੋਜ਼ ਸੀ। ਇਸ ਲਈ ਕਿੱਸੇ ਨੇ ਛੇਤੀ ਹੀ ਸ਼ੁਹਰਤ ਹਾਸਲ ਕਰ ਲਈ। ਇਸ ਤੋਂ ਪਿੱਛੋਂ ਸਾਂਦਲ ਬਾਰ ਵੱਲ ਚਲੇ ਗਏ ਤੇ ਉਧਰ ਹੀ ਕਾਲ–ਵਸ ਹੋ ਗਏ।

ਪੀਲੂ ਕਿੱਸਾਕਾਰ ਇਕ ਦਰਵੇਸ਼ ਵਿਅਕਤੀ ਸੀ ਜਿਸਦਾ ਜਨਮ ਮਾਝੇ ਵਿਚ ਹੋਇਆ। ਹੁਸ਼ਿਆਰਪੁਰ ਜਿੱਥੇ ਉਸਦੇ ਨਾਂ ਖੂਹ ਹਾਲੀ ਵੀ ਵਜਦਾ ਹੈ, ਉਸਦਾ ਜੱਦੀ ਪਿੰਡ ਵੀ ਹੋ ਸਕਦਾ ਹੈ। ਉਹ ਘੁੰਮਦਾ ਘਮਾਉਂਦਾ ਵਜ਼ੀਰਾਬਾਦ, ਠੱਟੀ ਬਲੋਚਾਂ ਆਦਿ ਥਾਵਾਂ 'ਤੇ ਗਿਆ ਤੇ ਰਿਹਾ ਹੋ ਸਕਦਾ ਹੈ। ਹਾਫ਼ਿਜ਼ ਬਰੁਖ਼ਰਦਾਰ ਨੇ ਜੋ ਪੀਲੂ ਦੀ ਤਾਰੀਫ਼ ਵਿਚ ਸ਼ਿਅਰ ਲਿਖਿਆ ਉਸ ਵਿਚ ਉਸ ਉਪਰ ਪੰਜਾਂ ਪੀਰਾਂ ਦੇ ਹੱਥ ਹੋਣ ਦਾ ਵਰਣਨ ਹੈ। ਮੌਲਵੀ ਅਹਿਮਦਯਾਰ ਨੇ ਵੀ ਉਸ ਉਪਰ ਕਿਸੇ ਫ਼ਕੀਰ ਵਲੀ ਦੀ ਮਸਤ ਨਿਗਾਹ ਦਾ ਸੰਕੇਤ ਕੀਤਾ ਹੈ। ਜਿਵੇਂ:

ਸਿਰ ਮੁੰਨੇ ਮੂੰਹ ਚੋਪੜੇ ਅੜਾ ਅੜਾ ਬਾਂਗਾਂ ਦੇਣ
ਜਿਨ੍ਹਾਂ ਆਭੀ ਖਾਧਾ ਭੁੰਨ ਕੇ, ਉਹ ਪੀਲੂ ਨੂੰ ਕੀ ਦੇਣ

ਇਸ ਤੋਂ ਪਤਾ ਲੱਗਦਾ ਹੈ ਕਿ ਪੀਲੂ ਸਚਮੁੱਚ ਫ਼ਕੀਰੀ ਜਾਮੇ ਵਿਚ ਵਿਚਰਦਾ ਰਿਹਾ। ਉਸਦੀ ਮਿਰਜ਼ਾਂ ਸਾਹਿਬਾਂ ਤੋਂ ਇਲਾਵਾ ਹੋਰ ਕੋਈ ਰਚਨਾ ਨਹੀਂ ਮਿਲਦੀ। ਇੰਜ ਲਗਦਾ ਹੈ ਕਿ ਜਵਾਨੀ ਵੇਲੇ ਇਹ ਕਿੱਸਾ ਰਚ ਕੇ ਫਿਰ ਪੀਲੂ ਨੇ ਫ਼ਕੀਰੀ ਵੇਸ ਧਾਰਨ ਕਰ ਲਿਆ ਹੋਵੇ।

ਕਿੱਸਾ ਮਿਰਜ਼ਾ ਸਾਹਿਬਾਂ ਤੋਂ ਇਲਾਵਾ ਪੀਲੂ ਦੀ ਕਿਸੇ ਹੋਰ ਰਚਨਾ ਦਾ ਜ਼ਿਕਰ ਨਹੀਂ ਮਿਲਦਾ। ਉਸਦੀ ਪੜ੍ਹਾਈ ਤੇ ਉਸਦੀ ਪ੍ਰਤਿਭਾ ਦੇ ਵਿਕਾਸ ਬਾਰੇ ਵੀ ਕੋਈ ਪਤਾ ਹੀ ਨਹੀਂ ਲੱਗਦਾ ਅਤੇ ਨਾ ਹੀ ਉਸ ਨੇ ਆਪਣੇ ਕਿੱਸੇ ਬਾਰੇ ਕੋਈ ਜ਼ਿਕਰ ਕੀਤਾ ਹੈ। ਕਿੱਸੇ ਵਿਚਲੇ ਕਾਵਿ ਗੁਣ ਸੰਖੇਪਤਾ, ਨਿੱਝਕ ਬਿਆਨ, ਇਤਿਹਾਸਕ ਤੇ ਮਿਥਿਹਾਸਕ ਸੰਕੇਤ ਬੀਬੀ ਫਾਤਮਾ, ਨਾਰਦ, ਸ਼ਾਹ ਅਲੀ, ਗੁੱਗਾ ਚੌਹਾਨ,ਰਾਜਾ ਰਸਾਲੂ, ਜੈਮਲ ਫੱਤਾ ਤੇ ਹਸਨ ਹੁਸੈਨ ਦਾ ਜ਼ਿਕਰ ਤੇ ਲੈਅ ਰਾਗ ਤੇ ਤੋਲ ਤਾਲ ਇਹ ਮੰਨਣ ਲਈ ਮਜਬੂਰ ਕਰਦਾ ਹੈ ਕਿ ਉਹ ਵਿਦਵਾਨ ਸੀ ਤੇ ਹਿੰਦੂ ਤੇ ਮੁਸਲਮਾਨੀ ਇਤਿਹਾਸ ਮਿਥਿਹਾਸ ਤੋਂ ਵਾਕਿਫ਼ ਸੀ। ਉਸਦੀ ਵਿਦਵਤਾ ਦਾ ਸਿੱਕਾ ਹਾਫ਼ਿਜ਼ ਬਰਖ਼ੁਰਦਾਰ ਨੇ ਵੀ ਮੰਨਿਆ ਹੈ ਤੇ ਉਸਨੂੰ "ਪੰਜਾਂ ਪੀਰਾਂ ਦੀ ਥਾਪਣਾ" ਪ੍ਰਾਪਤ ਹੋਣ ਬਾਰੇ ਲਿਖਿਆ ਹੈ। ਪੰਜਾਬੀ ਵਿਚ ਸਭ ਤੋਂ ਵੱਧ ਕਿੱਸੇ ਲਿਖਣ ਵਾਲੇ ਕਵੀ ਤੇ ਆਲੋਚਕ ਅਹਿਮਦਯਾਰ ਨੇ ਪੀਲੂ ਦੀ ਕਵਿਤਾ ਵਿਚਲੇ ਦਰਦ ਤੇ ਸੋਜ਼ ਬਾਰੇ ਇਸ ਤਰ੍ਹਾਂ ਲਿਖਿਆ ਹੈ:

ਪੀਲੂ ਨਾਲ ਨਾ ਰੀਸ ਕਿਸੇ ਦੀ, ਉਸ ਵਿਚ ਸੋਜ਼ ਅਲੈਹਦੀ।
ਮਸਤ ਨਿਗਾਹ ਕੀਤੀ ਉਸ ਪਾਸੇ, ਕਿਸੇ ਫ਼ਕੀਰ ਵਲੀ ਦੀ।

ਸਪਸ਼ਟ ਹੈ ਕਿ ਪੀਲੂ ਇਕ ਵਿਦਵਾਨ ਕਵੀ ਸੀ ਜਿਸਦਾ ਸਿੱਕਾ ਹੋਰ ਲੇਖਕ ਤੇ ਆਲੋਚਕ ਮੰਨਦੇ ਸਨ। ਉਸ ਨੇ ਹੋਰ ਵੀ ਕਿੱਸੇ ਲਿਖੇ ਹੋਣਗੇ ਪਰ ਉਹ ਮਿਲਦੇ ਨਹੀਂ ਹਨ। ਕਿੱਸਾ ਮਿਰਜ਼ਾਂ ਸਾਹਿਬਾਂ ਵੀ ਅਧੂਰਾ ਹੈ ਜਿਸ ਨੂੰ ਸਰ ਰਿਚਰਡ ਟੈਂਪਲ ਨੇ ਕਿਸੇ ਕੋਲੋ ਸੁਣ ਕੇ ਲਿਖਿਆ ਪਰ ਇਸ ਵਿਚਲੀਆਂ ਕਾਵਿ ਵਿਸ਼ੇਸ਼ਤਾਈਆਂ, ਸੱਚਾ ਤੇ ਸੁੱਚਾ ਬਿਆਨ, ਕੁਦਰਤ ਦਾ ਬਿਆਨ, ਹੋਣੀ ਦਾ ਪ੍ਰਭਾਵ, ਜੱਟਾਂ ਦਾ ਜੀਵਨ, ਸੱਚਾ ਤੇ ਸੁੱਚਾ ਬਿਆਨ, ਹੋਣੀ ਦਾ ਪ੍ਰਭਾਵ, ਜੱਟਾਂ ਦਾ ਜੀਵਨ, ਸੂਰਮਗਤੀ ਧਾਰਮਿਕ ਭਾਵ, ਲੜਾਈ ਤੇ ਹਥਿਆਰ ਆਦਿ ਪੰਜਾਬੀ ਸਾਹਿਤ ਵਿਚ ਕਿੱਸੇ ਦਾ ਖ਼ਾਸ ਸਥਾਨ ਨੀਅਤ ਕਰਦੇ ਹਨ।

ਪੀਲੂ ਦੀ ਕਲਮ ਰਾਹੀਂ ਕਿੱਸਾ ਮਿਰਜ਼ਾਂ ਸਾਹਿਬਾਂ ਇਸ ਤਰ੍ਹਾਂ ਪੇਸ਼ ਹੋਇਆ ਕਿ ਇਹ ਪੰਜਾਬੀ ਜੀਵਨ ਦੇ ਬਹੁਤ ਨੇੜੇ ਜਾਪਦਾ ਹੈ। ਸੱਸੀ ਪੁੰਨੂੰ, ਸੋਹਣੀ ਮਹੀਵਾਲ ਤੇ ਹੀਰ ਰਾਂਝਾ ਨੂੰ ਵੱਖ– ਵੱਖ ਕਵੀਆਂ ਵੱਲੋਂ ਕਈ ਢੰਗਾਂ ਨਾਲ ਪੇਸ਼ ਕੀਤਾ ਗਿਆ ਹੈ ਪਰ ਉਹ ਪੰਜਾਬੀ ਜੀਵਨ ਦੇ ਇੰਨੇ ਨੇੜੇ ਨਹੀਂ ਹਨ ਜਿੰਨਾ ਕਿ ਮਿਰਜ਼ਾਂ ਸਾਹਿਬਾਂ ਦਾ ਕਿੱਸਾ। ਮਿਰਜ਼ਾ ਪੰਜਾਬੀ ਨੌਜਵਾਨਾਂ ਦੇ ਖੁੱਲੇ ਡੁਲ੍ਹੇ ਤੇ ਦਲੇਰ ਸੁਭਾਅ ਦਾ ਪ੍ਰਤੀਨਿਧ ਬਣ ਕੇ ਸਾਹਮਣੇ ਆਉਂਦਾ ਹੈ ਤੇ ਇਕ ਅਸਲੀ ਦੁਖਾਂਤਕ ਨਾਇਕ ਹੈ ਜਿਹੜਾ ਇਕ ਸੱਚੀ ਪਿਆਰ ਕਹਾਣੀ ਵਿਚ ਚਾਹੀਦਾ ਸੀ। ਸਾਹਿਬਾਂ ਇਕ ਆਦਰਸ਼ਕ ਨਾਇਕਾ ਸੀ ਜਿਹੜੀ ਕਿ ਆਪਣੇ ਸੁਭਾਅ, ਭਾਵਾਂ ਤੇ ਝੁਕਾਵਾਂ ਵਜੋਂ ਉਸ ਵਕਤ ਦੀ ਪੰਜਾਬੀ ਮੁਟਿਆਰ ਦੀ ਪ੍ਰਤੀਨਿਧਤਾ ਕਰਦੀ ਹੈ।

ਸਾਹਿਬਾਂ ਉੱਤੇ ਮਿਰਜ਼ੇ ਦੀ ਬੇਵਫ਼ਾਈ ਦਾ ਦੋਸ਼ ਆਮ ਲਾਇਆ ਜਾਂਦਾ ਹੈ ਜੋ ਗਲਤ ਹੈ। ਪੀਲੂ ਦੇ ਮਿਰਜ਼ਾਂ ਸਾਹਿਬਾਂ ਦੇ ਕਿੱਸੇ ਦਾ ਡੂੰਘਾ ਅਧਿਐਨ ਕਰਨ ਤੋਂ ਪਤਾ ਚਲਦਾ ਹੈ ਕਿ ਮਿਰਜ਼ੇ ਦੇ ਆਚਰਣ ਵਿਚ ਇਕ ਔਗੁਣ ਸੀ ਕਿ ਉਸਨੂੰ ਆਪਣੀ ਤਾਕਤ ਵਿਚ ਅੰਧ–ਵਿਸ਼ਵਾਸ ਸੀ। ਇਸ ਔਗੁਣ ਕਰਕੇ ਹੀ ਉਹ ਮਾਰਿਆ ਗਿਆ। ਸਾਹਿਬਾਂ ਉਸ ਵਕਤ ਦੀ ਪ੍ਰਤੀਨਿਧ ਪਾਤਰ ਹੋਣ ਕਰਕੇ ਭਰਾਵਾਂ ਦਾ ਮਾਣ ਤੇ ਇੱਜਤ ਰੱਖ ਕੇ ਉਹਨਾਂ ਨੂੰ ਬਚਾਉਣਾ ਚਾਹੁੰਦੀ ਸੀ। ਪਰ ਨਾਲ ਹੀ ਉਹਨੂੰ ਆਪਣੇ ਪ੍ਰੇਮੀ ਦੀ ਜਾਨ ਵੀ ਪਿਆਰੀ ਸੀ ਪਰ ਉਹ ਮਜ਼ਬੂਰ ਸੀ ਮਿਰਜ਼ੇ ਦੀ ਮੌਤ ਪਿੱਛੇ ਉਸਦਾ ਕੋਈ ਹੱਥ ਨਹੀਂ ਸੀ।

ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਲਿਪੀਬੱਧ ਕਰਨ ਦਾ ਯੋਗ ਢੰਗ ਨਾ ਹੋਣ ਕਰਕੇ ਇਹ ਕਥਾਵਾਂ ਮੌਖਿਕ ਸਾਹਿਤ ਦਾ ਰੂਪ ਧਾਰਨ ਕਰਦੀਆਂ ਰਹੀਆਂ। ਮਿਰਜ਼ਾਂ ਸਾਹਿਬਾਂ ਦੇ ਪ੍ਰਚਲਿਤ ਹੋਣ ਦਾ ਹੋਰ ਸਭ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਇਸਨੂੰ ਲੋਕ ਕਵੀ ਜਾਂ ਪੇਸ਼ਾਵਰ ਲੋਕਾਂ ਦੇ ਦਿਲ ਪਰਚਾਵੇ ਲਈ ਪਿੜਾਂ, ਮੇਲਿਆਂ, ਵਿਆਹ ਸ਼ਾਦੀਆਂ ਤੇ ਹੋਰ ਮੌਕਿਆਂ ਤੇ ਗਾ ਗਾ ਕੇ ਸੁਣਾਉਂਦੇ ਸਨ।

ਲਿਖਤੀ ਰੂਪ ਵਿਚ ਮਿਰਜ਼ਾਂ ਸਾਹਿਬਾਂ ਦੀ ਪ੍ਰੇਮ ਘਟਨਾ ਦਾ ਸਭ ਤੋਂ ਪਹਿਲਾ ਹਵਾਲਾ ਗੁਰੂ ਗੋਬਿੰਦ ਸਿੰਘ ਦੀ ਰਚਨਾ ਚਰਿਤ੍ਰੋ ਪਾਖਿਆਨ (1700) ਵਿਚ ਮਿਲਦਾ ਹੈ। 1700 ਈ. ਤੋਂ ਪਿੱਛੋਂ ਦੇ ਲੋਕ ਸਾਹਿਤ ਵਿਚ ਵੀ ਮਿਰਜ਼ਾਂ ਸਾਹਿਬਾਂ ਦੇ ਹਵਾਲੇ ਮਿਲਦੇ ਹਨ। ਉਥੇ ਭਾਵੇਂ ਇਸ ਕਹਾਣੀ ਦੀ ਸ਼ਕਲ ਸੂਰਤ ਵਿਚ ਵਖਰੇਵੇਂ ਮਿਲਦੇ ਹਨ। ਕਹਾਣੀ ਵਿਚ ਵਖਰੇਵਾਂ ਸੁਭਾਵਿਕ ਹੈ ਕਿਉਂਕਿ ਸੀਨਾ– ਬਸੀਨਾ ਚਲਦੇ ਰਹਿਣ ਕਾਰਨ ਕਹਾਣੀ ਵਿਚ ਰਲਾ ਤੇ ਵਾਧੇ ਘਾਟੇ ਹੁੰਦੇ ਰਹਿਣ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਡਾ. ਕਾਲਾ ਸਿੰਘ ਬੇਦੀ ਦੇ ਅਨੁਸਾਰ ਇਹ ਕਿੱਸਾ ਪੀਲੂ ਤੋਂ ਪਹਿਲਾਂ ਵੀ ਲੋਕ ਬੁੱਲ੍ਹਾਂ ਉਪਰ ਟੁਰਦਾ ਰਿਹਾ। ਪੀਲੂ ਨੇ ਇਸ ਨੂੰ ਕਵਿਤਾ ਵੱਧ ਕੀਤਾ। ਪੀਲੂ ਇਸ ਕਿੱਸੇ ਦਾ ਪਹਿਲਾ ਰਚਣਹਾਰ ਹੋਣ ਕਾਰਨ ਵੀ ਇਸ ਕਿੱਸੇ ਨੂੰ ਲੋਕ ਪ੍ਰਸਿੱਧੀ ਮਿਲੀ। ਉਸ ਤੋਂ ਪਿਛਲੇਰੇ ਕਵੀਆਂ ਨੂੰ ਮਿਰਜ਼ਾ ਸਾਹਿਬਾਂ ਕਿੱਸਾ ਲਿਖ ਕੇ ਇੰਨੀ ਪ੍ਰਸਿੱਧੀ ਨਹੀਂ ਮਿਲੀ।

ਪੀਲੂ ਦੇ ਕਿੱਸੇ ਦੇ ਪਾਠਾਂ ਬਾਰੇ ਵੀ ਖੋਜ ਸੰਦੇਹਪੂਰਨ ਹੈ। ਹਰ ਵਿਦਵਾਨ ਨੇ ਆਪਣੀ ਲੋੜ ਅਨੁਸਾਰ ਉਸ ਕਿੱਸੇ ਦੇ ਪਾਠਾਂ ਵਿੱਚ ਅੰਤਰ ਸਪੱਸ਼ਟ ਕੀਤੇ ਹਨ ਪਰ ਕਿਉਂਕਿ ਇਹ ਕਿੱਸਾ ਮੌਖਿਕ ਰੂਪ ਵਿੱਚ ਹੀ ਚਲਦਾ ਰਿਹਾ ਇਸ ਕਰਕੇ ਇਸ ਵਿਚ ਬਹੁਤ ਸਾਰੀਆਂ ਤਬਦੀਲੀਆਂ ਆ ਗਈਆਂ। ਬਹੁਤ ਸਾਰੇ ਵਿਦਵਾਨਾਂ ਨੇ ਪੀਲੂ ਦੇ ਕਿੱਸੇ ਨੂੰ ਕਿੱਸਾ–ਕਾਵਿ ਦੀ ਕਸਵੱਟੀ ਤੇ ਪਰਖਣ ਦਾ ਯਤਨ ਕੀਤਾ ਹੈ। ਉਨ੍ਹਾਂ ਅਨੁਸਾਰ ਇਹ ਕਿੱਸਾ ਸਾਦ ਮੁਰਾਦੇ ਲੋਕਾਂ ਦੀ ਸਾਦ ਮੁਰਾਦੀ ਭਾਸ਼ਾ ਵਿਚ ਲਿਖਿਆ ਗਿਆ ਹੈ ਤੇ ਕਿੱਸਾ ਕਾਵਿ ਵਿਚ ਬਹੁਤ ਜਿਆਦਾ ਅਹਿਮੀਅਤ ਰੱਖਦਾ ਹੈ।

ਇਹ ਕਿੱਸਾ ਆਮ ਲੋਕਾਂ ਦੇ ਨੇੜੇ ਹੋਣ ਕਰਕੇ ਹੀ ਹਰਮਨ ਪਿਆਰਾ ਹੋਇਆ ਹੈ। ਇਹ ਕਿੱਸਾ ਆਮ ਭਾਸ਼ਾ ਵਿਚ ਲਿਖਿਆ ਗਿਆ ਹੈ ਜਿਸਨੂੰ ਸਾਧਾਰਨ ਬੁੱਧੀ ਵਾਲਾ ਪਾਠਕ ਵੀ ਪੜ੍ਹ ਤੇ ਸਮਝ ਸਕਦਾ ਹੈ। ਇਸ ਵਿੱਚ ਉਸ ਸਮੇਂ ਦੇ ਲੋਕਾਂ ਦੇ ਰੀਤੀ ਰਿਵਾਜ, ਜਨਮ, ਵਿਆਹ ਤੇ ਮੌਤ ਨਾਲ ਸੰਬੰਧਿਤ ਰਿਵਾਜਾਂ ਦਾ ਪਤਾ ਲੱਗਦਾ ਹੈ। ਇਹ ਪੰਜਾਬੀ ਮਨ ਖ਼ਾਸ ਕਰਕੇ ਪੇਂਡੂ ਮਨ ਨੂੰ ਖਿੱਚ ਪਾਉਣ ਵਾਲੀ ਚੀਜ਼ ਹੈ। ਇਸ ਲਈ ਮਿਰਜ਼ਾ ਸਾਹਿਬਾਂ ਦੇ ਕਿੱਸੇ ਦਾ ਲੋਕ ਪ੍ਰਿਯ ਹੋ ਜਾਣਾ ਸੁਭਾਵਿਕ ਹੈ।

ਪੀਲੂ ਦੇ ਕਿੱਸੇ ਦੀ ਕਾਵਿ ਕਲਾ ਵਿਚ ਵੀ ਬਹੁਤ ਸਾਰੇ ਗੁਣ ਹਨ। ਪੀਲੂ ਦੇ ਕਿੱਸੇ ਦੀ ਭਾਸ਼ਾ ਰਸਮਈ ਸੰਗੀਤ ਭਰਪੂਰ ਤੇ ਹੁਨਰੀ ਹੈ। ਮਾਝੀ ਬੋਲੀ ਦੇ ਸੱਦ ਰੂਪ ਵਿਚ ਲਿਖਿਆ ਹੋਇਆ ਪੀਲੂ ਦਾ ਇਹ ਛੋਟਾ ਜਿਹਾ ਕਿੱਸਾ ਪੰਜਾਬੀ ਦੀ ਜ਼ੁਬਾਨ ਉੱਤੇ ਅਜੇ ਤਕ ਮਚਲ ਰਿਹਾ ਹੈ। ਪੀਲੂ ਦੀ ਬੋਲੀ ਠੇਠ ਤੇ ਟਕਸਾਲੀ ਹੈ। ਉਸਨੇ ਨਿੱਤ ਵਰਤੋਂ ਦੀ ਸਾਦ ਮੁਰਾਦੀ ਤੇ ਸਿੱਧ ਪੱਧਰੀ ਬੋਲੀ ਵਰਤੀ ਹੈ। ਬਾਵਾ ਬੁੱਧ ਸਿੰਘ ਅਨੁਸਾਰ ਪੀਲੂ ਨੇ ਜਟਕੀ ਕਹਾਣੀ ਜਟਕੀ ਬੋਲੀ ਵਿਚ ਸੁਣਾਈ ਹੈ। ਉਸਨੇ ਕਿੱਸੇ ਵਿਚ ਆਮ ਬੋਲਚਾਲ ਦੀ ਭਾਸ਼ਾ ਵਰਤੀ ਹੈ। ਉਸਦੀ ਭਾਸ਼ਾ ਜਨ ਸਾਧਾਰਨ ਦੀ ਪੱਧਰ ਦੀ ਹੈ ਜਿਸ ਨੂੰ ਕਿ ਆਮ ਸਾਧਾਰਨ ਬੰਦਾ ਪੜ੍ਹ ਕੇ ਸਮਝਦ ਸਕਦਾ ਹੈ:

ਕੱਢ ਕਲੇਜਾ ਲੈ ਗਈ ਖਾਨ ਖੀਵੇ ਦੀ ਧੀ
ਗਜ਼ ਗਜ਼ ਲੰਮੀਆਂ ਮੀਢੀਆਂ ਰੰਗ ਜੋ ਗੋਰੀ ਸੀ
ਜੇ ਦੇਵੇ ਪਿਆਲਾ ਜ਼ਹਿਰ ਦਾ, ਮੈਂ ਮਿਰਜ਼ਾ ਲੈਂਦਾ ਪੀ ।

ਉਸ ਨੇ ਸਾਦ ਮੁਰਾਦੀ ਭਾਸ਼ਾ ਦੇ ਨਾਲ ਨਾਲ ਅਰਬੀ ਤੇ ਫ਼ਾਰਸੀ ਦੇ ਸ਼ਬਦ ਵੀ ਵਰਤੇ ਹਨ। ਉਸ ਨੇ ਅਕਾਸ਼, ਅਰਜ਼, ਈਮਾਨ, ਇਸ਼ਕ, ਸੁਬਹ, ਸਿਦਕ, ਕਾਜ਼ੀ, ਕਬਰ, ਖੁਦਾ, ਗਜ਼ਬ, ਗੁਨਾਹ, ਗੁਲਾਮ, ਤੇਗ, ਤਰਕਸ਼, ਦਰ, ਪੈਗੰਬਰ, ਫਤਿਹ, ਬਾਦਸ਼ਾਹ, ਵਜ਼ੀਰ ਤੇ ਹੋਰ ਅਨੇਕਾਂ ਸ਼ਬਦ ਵਰਤੇ ਹਨ। ਪੀਲੂ ਨੇ ਸ਼ਬਦਾਂ ਦੀ ਸੰਜਨਤਾ ਤੋਂ ਕੰਮ ਲਿਆ ਹੈ। ਉਸਦੀ ਭਾਸ਼ਾ ਵਿਚ ਪੰਜਾਬੀ ਸ਼ੁੱਧ ਰੂਪ ਵਿੱਚ ਮਿਲਦੀ ਹੈ।

ਪੀਲੂ ਨੇ ਆਪਣੇ ਕਿੱਸੇ ਵਿਚ ਬਹੁਤ ਸਾਰੇ ਅਖਾਣ ਤੇ ਮੁਹਾਵਰੇ ਵਰਤੇ ਹਨ। ਉਸਨੇ ਕਈ ਤੁਕਾਂ ਵਿਚ ਅਟਲ ਸੱਚਾਈਆਂ ਵਰਤੀਆਂ ਹਨ। ਲੋਕ ਭਾਸ਼ਾ ਦੇ ਨੇੜੇ ਹੁੰਦਿਆਂ ਹੇਠ ਲਿਖੇ ਅਖਾਣ ਵਰਤੇ ਹਨ –

– ਸੌਂਕਣ ਉੱਤੇ ਸੌਂਕਣ ਪਏ, ਲਵੇ ਅੱਧ ਵੰਡਾ।
– ਭੱਠ ਰੰਨਾ ਦੀ ਦੋਸਤੀ ਖੁਰੀ ਜਿਨਾਂ ਦੀ ਮੱਤ
– ਮੂਸਾ ਭੱਜਿਆ ਮੌਤ ਤੋਂ, ਮੌਤ ਅੱਗੇ ਖੜੀ।
– ਪੁੱਛ ਨਾ ਪੈਂਦੇ ਮਾਮਲੇ ਨੇਹੁੰ ਨਾ ਲੱਗਦੇ ਜੋਰ
ਗੱਲਾਂ ਕਰਨ ਸੁਖਾਲੀਆਂ, ਔਖੇ ਪਾਲਣੇ ਬੋਲ।

ਪੀਲੂ ਦੇ ਇਨ੍ਹਾਂ ਅਖਾਣਾਂ ਨਾਲ ਉਸਦਾ ਕਿੱਸਾ ਲੋਕ ਮਨਾਂ ਦੇ ਨੇੜੇ ਪਹੁੰਚਿਆ ਹੈ। ਇਹਨਾਂ ਅਖਾਣਾਂ ਵਿਚ ਬਹੁਤ ਅਟੱਲ ਸੱਚਾਈਆ ਭਰੀਆਂ ਹਨ। ਇਹ ਤੁਕਾਂ ਲੋਕ ਬੁੱਲਾਂ ਤੇ ਥਰਕਣ ਵਾਲੀਆਂ ਹਨ। ਲੋਕ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਵੀ ਅਜਿਹੀਆਂ ਤੁਕਾਂ ਦਾ ਸਹਾਰਾ ਲੈਂਦੇ ਹਨ। ਇਨ੍ਹਾਂ ਅਖਾਣਾਂ ਵਿਚੋਂ ਕਿੱਸਾਕਾਰ ਦੇ ਅਨੁਭਵਬਦੀ ਵਿਸ਼ਾਲਤਾ ਦੇ ਝਲਕਾਰੇ ਮਿਲਦੇ ਹਨ।

ਪੀਲੂ ਨੇ ਕਿੱਸੇ ਵਿਚ ਮੁਹਾਵਰੇ ਵੀ ਬਹੁਤ ਵਰਤੇ ਹਨ। ਜਿਵੇਂ ਸੋਹਲੇ ਗਾਉਣੇ, ਦੁਆਈਂ ਦੇਣਾ, ਚੌੜ ਚਪੱਟ ਹੋਣਾ, ਲਾਜ ਰੱਖਣਾ, ਮੱਤ ਦੇਣੀ, ਕਲੇਜਾ ਖਾਣਾ, ਕੌਲ ਕਰਾਰ ਕਰਨਾ, ਸੁਰਤ ਸੰਭਾਲਣਾ, ਮਾਰੋ ਮਾਰ ਕਰਨਾ, ਗੱਲ ਭੁਰਨੀ, ਵਹੀਰ ਘੱਤਣਾ, ਤੋੜ ਨਿਭਾਉਣਾ, ਲਾਜ ਲਾਉਣੀ, ਵਾਰ ਕਰਨਾ, ਆਪਣੀ ਮੌਤੇ ਆਪ ਮਰਨਾ, ਅੱਧ ਵਿਚਾਲੇ ਟੁੱਟਣਾ, ਸ਼ਗਨ ਮਨਾਉਣਾ, ਤੋੜ ਨਿਭਾਉਣਾ ਆਦਿ ਹੋਰ ਬਹੁਤ ਸਾਰੇ ਮੁਹਾਵਰੇ ਵਰਤੇ ਹਨ, ਜਿਨ੍ਹਾਂ ਵਿਚ ਕਿ ਗੱਲ ਨੂੰ ਬਹੁਤ ਸੰਖੇਪ ਕਰਕੇ ਲਿਖਿਆ ਹੈ।

ਕਾਵਿ ਰੂਪ ਤੇ ਛੰਦ ਰੂਪ

ਪੀਲੂ ਦਾ ਕਿੱਸਾ ਮਿਰਜ਼ਾ ਸਾਹਿਬਾਂ ਸੱਦ ਦੇ ਢੰਗ ਤੇ ਲਿਖਿਆ ਹੈ। ਇਹ ਹੇਕ ਲਾ ਕੇ ਗਾਇਆ ਜਾਂਦਾ ਹੈ ਤੇ ਯਾਦ ਵੀ ਅਸਾਨੀ ਨਾਲ ਕੀਤਾ ਜਾ ਸਕਦਾ ਹੈ। ਲੋਕ ਗੀਤਾਂ ਵਿਚ ਸਰਲਤਾ, ਭਾਵਕਤਾ ਤੇ ਵਾਕੰਸ਼ਾਂ ਦੀ ਦਹਰਾਉ ਬਿਰਤੀ ਆਮ ਵੇਖਣ ਨੂੰ ਮਿਲਦੀ ਹੈ। ਆਂਮ ਕਰਕੇ ਲੋਕ ਗੀਤਾਂ ਵਿਚ ਇਕ ਪੰਕਤੀ ਜਾਂ ਕੁਝ ਸ਼ਬਦਾਂ ਦੀ ਟੇਕ ਲੈ ਕੇ ਉਸ ਨਾਲ ਅਨੇਕ ਭਾਵਾਂ ਜਾਂ ਵਿਚਾਰਾਂ ਨੂੰ ਜੋੜਿਆ ਗਿਆ ਹੁੰਦਾ ਹੈ ਜਿਵੇਂ ਆਰੀ ਆਰੀ, ਬੱਲੇ ਬੱਲੇ, ਸ਼ਾਵਾ ਸ਼ਾਵਾ ਆਦਿ ਸ਼ਬਦਾਂ ਦਾ ਦੁਹਰਾਉ ਹੁੰਦਾ ਹੈ। ਇਸ ਤਰ੍ਹਾਂ ਪੀਲੂ ਦੇ ਕਿੱਸੇ ਦਾ ਤੁਕਾਂਤ ਮਿਲਦਾ ਹੈ। ਬਹੁਤ ਸਾਰੇ ਲੋਕ ਗਾਇਕਾਂ ਨੇ ਇਸ ਨੂੰ ਗਾਇਆ ਹੈ।

ਪੀਲੂ ਦਾ ਕਿੱਸਾ ਸੱਦ ਵਿਚ ਲਿਖਿਆ ਹੈ। ਉਸਦੀ ਸੱਦ ਕਾਵਿ ਉੱਤੇ ਡੂੰਘੀ ਛਾਪ ਹੈ। ਉਸਨੇ ਵਧੇਰੇ ਦੋ ਤੁਕੇ ਜਾਂ ਚਾਰ ਤੁਕੇ ਛੰਦ ਵਰਤੇ ਹਨ ਕਿਤੇ ਕਿਤੇ ਛੇ ਤੁਕੇ ਵੀ ਮਿਲਦੇ ਹਨ। ਪੀਲੂ ਦੀਆਂ ਸੱਦਾਂ ਦੀ ਆਪਣੀ ਨਿਵੇਕਲੀ ਪਛਾਣ ਹੈ। ਡਾ. ਗੁਰਦੇਵ ਸਿੰਘ ਦੇ ਸ਼ਬਦਾਂ ਵਿਚ ਪੀਲੂ ਦੇ ਮਿਰਜ਼ੇ ਦੀਆਂ ਕਲੀਆਂ ਹਰ ਪੇਂਡੂ ਗੱਭਰੂ ਦੇ ਜਵਾਨੀ ਯਾਦ ਹਨ। ਮਧੁਰਤਾ ਤੇ ਮਿਠਾਸ ਉਸਦੀ ਕਾਵਿ ਸ਼ੈਲੀ ਦਾ ਹੋਰ ਵਿਸ਼ੇਸ਼ ਗੁਣ ਹੈ, ਜੋ ਸੰਗੀਤ ਤੋਂ ਪੈਦਾ ਹੁੰਦੀ ਹੈ। ਉਸਦੀਆਂ ਸੱਦਾਂ ਵਿਚਲੀ ਸੰਗੀਤਕ ਲੈਅ, ਟੀਸੀ ਤੋਂ ਥੱਲੇ ਡਿੱਗਦੀ ਲਹਿਰ ਵਾਂਗ ਵਾਯੂਮੰਡਲ ਵਿਚ ਰਸ ਝਨਰਾਹਟ ਪੈਦਾ ਕਰਦੀ ਹੈ। ਪੀਲੂ ਨੇ ਆਪਣੇ ਕਿੱਸੇ ਲਈ ਦੋਹਰਾ ਛੰਦ ਚੁਣਿਆ ਹੈ। ਪੀਲੂ ਦੇ ਸਾਰੇ ਕਿੱਸੇ ਵਿਚ ਦੋਹਰਿਆਂ ਦੀ ਗਿਣਤੀ ਨਾ ਮਾਤਰ ਹੈ। ਪਰ ਇਹ ਕਿੱਸੇ ਦੀ ਛੰਦ ਚਾਲ ਜਾਂ ਹੇਕ ਲਾਉਣ ਲਈ ਲਾਭਕਾਰੀ ਹੈ।

**ਅਲੰਕਾਰ**

ਅਲੰਕਾਰ ਸ਼ਬਦ ਦਾ ਅਰਥ ਹੈ ਗਹਿਣਾ। ਜਿਹੜਾ ਢੰਗ ਸਾਧਨ ਜਾਂ ਖ਼ੂਬੀ ਕਵਿਤਾ ਜਾਂ ਵਾਰਤਕ ਨੂੰ ਵਧੇਰੇ ਸੁੰਦਰ ਤੇ ਅਸਰਦਾਰ ਬਣਾ ਦੇਵੇ, ਉਸਨੂੰ ਅਲੰਕਾਰ ਕਹਿੰਦੇ ਹਨ। ਪੀਲੂ ਨੇ ਕਿੱਸੇ ਵਿਚਲੇ ਬਿਆਨ ਦੀ ਰੌਚਿਕਤਾ ਵਿਚ ਵਾਧਾ ਕਰਨ ਲਈ ਢੁਕਵੇਂ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਵਿਭਿੰਨ ਵੰਨਗੀਆਂ ਦੇ ਅਲੰਕਾਰ ਪੀਲੂ ਨੇ ਨਗੀਨਿਆਂ ਵਾਂਗ ਥਾਂ ਪਰ ਥਾਂ ਜੜੇ ਹਨ, ਜਿਹੜੇ ਕਿੱਸੇ ਦੀ ਖ਼ੂਬਸੂਰਤੀ, ਮਿਠਾਸ ਤੇ ਸੁਹਜ ਵਿਚ ਵਾਧਾ ਕਰਦੇ ਹਨ।

ਪੀਲੂ ਨੇ ਵਧੇਰੇ ਕਰਕੇ ਰੂਪਕ ਅਲੰਕਾਰ, ਉਪਮਾ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰ, ਅਤਿਕਥਨੀ ਅਲੰਕਾਰ, ਅਨੁਪ੍ਰਾਸ ਅਲੰਕਾਰ, ਵੀਪਸਾ, ਲੋਕੋਕਤੀ ਅਲੰਕਾਰ ਆਦਿ ਦੀ ਵਰਤੋਂ ਆਪਣੇ ਕਿੱਸੇ ਵਿਚ ਕੀਤੀ ਹੈ। ਬਿਆਨ ਦੀ ਰੌਚਿਕਤਾ ਵਿਚ ਵਾਧਾ ਢੁਕਵੇਂ ਅਲੰਕਾਰਾਂ ਦੀ ਵਰਤੋਂ ਨਾਲ ਹੁੰਦਾ ਹੈ, ਪੀਲੂ ਦਾ ਕਿੱਸਾ ਇਸ ਤੋਂ ਸੱਖਣਾ ਨਹੀਂ।

**ਅਤਿਕਥਨੀ ਅਲੰਕਾਰ**

ਗੱਲ ਨੂੰ ਵਧਾ ਚੜਾ ਕੇ ਬਿਆਨ ਕਰਨ ਨੂੰ ਅਤਿਕਥਨੀ ਕਿਹਾ ਜਾਂਦਾ ਹੈ ਅਰਥਾਤ ਛੋਟੀ ਗੱਲ ਨੂੰ ਵੱਡੀ ਕਰਕੇ ਪੇਸ਼ ਕਰਨਾ ਹੈ। ਪੀਲੂ ਨੇ ਵੀ ਆਪਣੇ ਕਿੱਸੇ ਵਿਚ ਸਾਹਿਬਾਂ ਦੇ ਹੁਸਨ ਦਾ ਦ੍ਰਿਸ਼ ਪੇਸ਼ ਕੀਤਾ ਹੈ–

ਬਲਦ ਗਵਾ ਲਏ ਬਾਣੀਆਂ, ਬਲਦ ਗਵਾ ਲਏ ਜੱਟ।
ਤਿੰਨ ਸੈ ਨਾਂਗਾ ਪਿੜ ਰਹਿਆ, ਹੋ ਗਏ ਚੌੜ ਚਪੱਟ।

ਮਿਰਜ਼ੇ ਦੀ ਬੱਕੀ ਦਾ ਵਰਣਨ ਇਸ ਪ੍ਰਕਾਰ ਹੈ:

ਬੱਕੀ ਤੋਂ ਡਰਨ ਫਰਿਸ਼ਤੇ, ਮੈਥੋਂ ਡਰੇ ਖੁਦਾ
ਚੁੱਭੀ ਵਿਚ ਪਤਾਲ, ਉਡ ਕੇ ਚੜੇ ਅਕਾਸ।

ਬੱਕੀ ਬਾਰੇ ਅਜੀਬ ਗੱਲਾਂ ਕਹਾਈਆਂ ਹਨ। ਜਿਸ ਕਾਰਨ ਬੱਕੀ ਇਸ ਧਰਤੀ ਦਾ ਜੀਵ ਨਾ ਹੋ ਕੇ ਕਿਸੇ ਪਰਾਲੌਕਿਕ ਜਗਤ ਦੀ ਚੀਜ਼ ਲੱਗਦੀ ਹੈ।

**ਉਪਮਾ ਅਲੰਕਾਰ**

ਸੁੰਮ ਬੱਕੀ ਦੇ ਖੜਕਦੇ, ਜਿਉਂ ਲੋਹੇ ਪੈਣ ਧਗੰਨ
ਦੁਮ ਬੱਕੀ ਦੀ ਇੰਜ ਫਿਰੇ, ਜਿਉਂ ਚੋਰੀ ਕਰੇ ਗੁਲੰਮ।

ਅਜਿਹੇ ਅਲੰਕਾਰ ਦੀ ਖ਼ੂਬੀ ਇਹ ਹੈ ਕਿ ਕਵੀ ਨੇ ਨਵੀਆਂ ਤਸ਼ਬੀਹਾਂ ਦੇ ਕੇ ਅਲੰਕਾਰ ਪ੍ਰਯੋਗ ਵਿਚ ਪ੍ਰਬੀਨਤਾ ਦਾ ਪ੍ਰਮਾਣ ਦਿੱਤਾ ਹੈ।

**ਰੂਪਕ ਅਲੰਕਾਰ**

ਉਪਮਾਉਣ ਯੋਗ ਵਸਤੂ (ਉਪਮੇਯ) ਅਤੇ ਉਹ ਵਸਤੂ ਜਿਸ ਨਾਲ ਤੁਲਨਾ ਕੀਤੀ ਜਾਂਦੀ ਹੈ। ਉਪਮਾਨ ਦੀ ਆਪਸ ਵਿਚ ਅਭਦੇਤਾ ਜਾਂ ਇਕਰੂਪਤਾ ਦਰਸਾਉਂਦਾ ਹੈ, ਉਸਨੂੰ ਰੂਪਕ ਅਲੰਕਾਰ ਕਹਿੰਦੇ ਹਨ। ਪੀਲੂ ਨੇ ਵੀ ਰੂਪਕ ਅਲੰਕਾਰ ਵਰਤਿਆ ਹੈ;

ਮਿਰਜ਼ਾ ਫੁੱਲ ਗੁਲਾਬ ਦਾ
ਮੇਰੀ ਝੋਲੀ ਟੁੱਟ ਪਿਆ।

**ਅਨੁਪ੍ਰਾਸ ਅਲੰਕਾਰ**

ਅਨੁਪ੍ਰਾਸ ਅਲੰਕਾਰ ਦੀਆਂ ਵੰਨਗੀਆਂ ਵਿਚੋਂ ਪੀਲੂ ਨੇ ਛੇਕ ਅਨੁਪ੍ਰਾਸ, ਸ਼੍ਰਤਿ ਅਨੁਪ੍ਰਾਸ, ਵ੍ਰਿਭਿ ਅਨੁਪ੍ਰਾਸ, ਅੰਤ ਅਨੁਪ੍ਰਾਸ ਆਦਿ ਦੀ ਵਰਤੋਂ ਕੀਤੀ ਹੈ।

ਆਪਣੀ ਮੌਤੇ ਮੈਂ ਮਰਾਂ, ਮੇਰੇ ਨਾਲ ਤੁਹਾਨੂੰ ਕੀ ? ( ਛੇਕ ਅਨੁਪ੍ਰਾਸ)
ਕੱਢ ਕਲੇਜਾ ਲੈ ਗਈ, ਖਾਨ ਖੀਵੇ ਦੀ ਧੀ। (ਸ਼੍ਰਤਿ ਅਨੁਪ੍ਰਾਸ)
ਜਿਵੇਂ ਮੱਕਾ ਲੱਭਾ ਕਾਜੀਆ, ਮੈਨੂੰ ਲੱਭਾ ਤੂੰ। (ਵਿਤ੍ਰਿ ਅਨੁਪ੍ਰਾਸ)

**ਲੋਕੋਕਤੀ ਅਲੰਕਾਰ**

ਜਿੱਥੇ ਲੋਕਾਂ ਦੇ ਮੂੰਹੀ ਚੜ੍ਹੇ ਅਖਾਣ ਨੂੰ ਕਿਸੇ ਮੁਨਾਸਿਬ ਮੌਕੇ ਤੇ ਵਰਤਿਆ ਜਾਵੇ, ਜਿੱਥੇ ਗੱਲ ਦੀ ਪੁਸ਼ਟੀ ਲਈ ਕੋਈ ਢੁਕਵੀਂ ਕਹਾਵਤ ਵਰਤੀ ਜਾਵੇ ਉਥੇ ਲੋਕਕੰਤੀ ਅਲੰਕਾਰ ਹੁੰਦਾ ਹੈ–

– ਮੂਸਾ ਭੱਜਿਆ ਮੌਤ ਤੋਂ, ਮੌਤ ਅੱਗੇ ਖੜੀ।
– ਲਿਖੀਆਂ ਡਾਢੇ ਰੱਬ ਦੀਆਂ, ਮੇਟਣ ਵਾਲਾ ਕੌਣ।

ਪੀਲੂ ਨੇ ਮਾਨਵੀਕਰਣ ਅਲੰਕਾਰ ਵੀ ਵਰਤਿਆ ਹੈ। ਇਹ ਨਿਰਜੀਵ ਵਸਤਾਂ ਨੂੰ ਸੰਜੀਵਤਾ ਬਖਸ਼ਦੇ ਹਨ।

ਇਸ਼ਕ ਲਤਾੜੇ ਆਦਮੀ ਬਰਫ ਲਿਤਾੜੇ ਰੁੱਖ।

ਪੀਲੂ ਨੇ ਅਲੰਕਾਰ ਪੇਂਡੂ ਵਾਤਾਵਰਣ, ਪਿੰਡਾਂ ਦੀਆਂ ਛੋਟੀਆਂ ਜਾਤਾਂ ਦੇ ਕਿੱਤਿਆਂ, ਟਿੰਡਾਂ, ਖੂਹਾਂ, ਤ੍ਰਿੰਝਣਾਂ ਆਦਿ ਵਿਚੋਂ ਲਏ ਹਨ। ਪ੍ਰਕਿਰਤੀ ਚਿਤਰਣ ਦਾ ਵੀ ਪੂਰਾ ਵਰਣਨ ਕੀਤਾ ਹੈ। ਇਸ ਕਿੱਸੇ ਵਿਚ ਬਹੁਤ ਸਾਰੇ ਰੁੱਖਾਂ ਤੇ ਜਾਨਵਰਾਂ ਦੇ ਨਾਂ ਵੀ ਆਏ ਹਨ।

**ਰਸ**

ਅਚਾਰੀਆ ਨੇ ਰਸ ਨੂੰ ਕਾਵਿ ਦਾ ਮੂਲ ਤੱਤ ਮੰਨਿਆ ਹੈ। ਕਾਵਿ ਦੇ ਸੁਣਨ ਪੜ੍ਹਨ ਤੋਂ ਸਰੋਤਾ ਜਾਂ ਪਾਠਕ ਜੋ ਵਿਲੱਖਣ ਤੇ ਅਲੌਕਿਕ ਆਨੰਦ ਪ੍ਰਾਪਤ ਕਰਦਾ ਹੈ, ਉਹੀ ਰਸ ਹੈ।

**ਸ਼ਿੰਗਾਰ ਰਸ**

ਮਿਰਜ਼ਾ ਸਾਹਿਬਾਂ ਦੀ ਕਹਾਣੀ ਮੂਲ ਰੂਪ ਵਿਚ ਪ੍ਰੇਮ ਕਹਾਣੀ ਤੇ ਅਧਾਰਿਤ ਹੋਣ ਕਰਕੇ ਇਸ ਵਿਚ ਸ਼ਿੰਗਾਰ ਰਸ ਦੀ ਵਰਤੋਂ ਹੋਣੀ ਸੁਭਾਵਿਕ ਹੈ। ਮਿਰਜ਼ਾ ਸਾਹਿਬਾਂ ਦੀ ਗੱਲਬਾਤ ਵਿਚੋਂ ਸ਼ਿੰਗਾਰ ਰਸ ਉੱਘੜ ਕੇ ਸਾਹਮਣੇ ਆਇਆ ਹੈ।

ਨਾ ਫੜ੍ਹ ਬਾਹੀਆਂ ਘੁੱਟ ਕੇ, ਵੰਗਾਂ ਜਾਂਦੀਆਂ ਟੁੱਟ
ਕਲ ਚੀਰ ਚੜ੍ਹਾਈਆਂ, ਪਹਿਨ ਨ ਵੇਖੀਆਂ ਰੱਜ।

**ਬੀਰ ਰਸ**

ਕਿੱਸਾ ਮਿਰਜ਼ਾਂ ਸਾਹਿਬਾਂ ਰੁਮਾਂਸ ਤੇ ਬੀਰ ਦਾ ਸੁੱਚਜਾ ਸੁਮੇਲ ਹੈ। ਪੀਲੂ ਨੇ ਪ੍ਰੀਤ ਦੇ ਨਾਲ ਨਾਲ ਬੀ ਰਸੀ ਭਾਵਾਂ ਵਾਲੀਆਂ ਅਨੇਕਾਂ ਤੁਕਾਂ ਨੂੰ ਵੀ ਜਨਮ ਦਿੱਤਾ ਹੈ। ਪੀਲੂ ਦੇ ਕਿੱਸੇ ਦਾਹਰਮਨ ਪਿਆਰਾ ਹੋਣ ਦਾ ਕਾਰਨ ਵੀ ਬੀਰ ਰਸੀ ਭਰਪੂਰ ਕਿੱਸਾ ਹੋਣਾ ਹੀ ਹੈ।

ਕੋਈ ਨਾ ਦੀਹਦਾ ਸੂਰਮਾ ਜਿਹੜਾ ਮੈਨੂੰ ਹੱਥ ਕਰੇ
ਕੱਟੜ ਭਿੜਾ ਦਿਆਂ ਟੱਕਰੀਂ ਮੈਥੋਂ ਵੀ ਰਾਠ ਡਰੇ
ਸ਼ਿਰ ਸਿਆਲਾਂ ਦੇ ਵੱਢ ਕੇ ਸੁਟਾਂਗਾ ਵਿਚ ਰੜੇ

**ਕਰੁਣਾ ਰਸ**

ਜਦੋਂ ਮਨਇੱਛਤ ਵਸਤੂ ਦੀ ਹਾਨੀ ਅਤੇ ਅਣਚਾਹੀ ਵਸਤੂ ਦੀ ਪ੍ਰਾਪਤੀ ਹੁੰਦੀ ਹੈ ਤਾਂ ਸੌਕ ਭਾਵ ਦੀ ਪੁਸ਼ਟੀ ਹੋਣ ਉਪਰੰਤ ਕਰੁਣਾ ਰਸ ਪੈਦਾ ਹੁੰਦਾ ਹੈ। ਮਿਰਜ਼ਾ ਸਾਹਿਬਾਂ ਵਰਗੀ ਪ੍ਰੇਮ ਗਾਥਾ ਵਿਚ ਕਰੁਣਾ ਰਸ ਪੈਦਾ

ਹੁੰਦਾ ਹੈ। ਮਿਰਜ਼ਾ ਸਾਹਿਬਾਂ ਵਰਗੀ ਪ੍ਰੇਮ ਗਾਥਾ ਵਿਚ ਕਰੁਣਾ ਰਸ ਦਾ ਪੈਦਾ ਹੋਣਾ ਕੁਦਰਤੀ ਹੈ। ਜਦ ਮਿਰਜ਼ਾ ਜੰਡ ਹੇਠ ਸੌਂ ਜਾਂਦਾ ਹੈ ਤੇ ਸਾਹਿਬਾਂ ਦੇ ਵਾਰ ਵਾਰ ਜਗਾਉਣ ਤੇ ਵੀ ਜਦ ਨਹੀਂ ਉੱਠਦਾ ਉਦੋਂ ਸਾਹਿਬਾਂ ਦ ਬੋਲ ਕਰੁਣਾ ਭਰਪੂਰ ਹੁੰਦੇ ਜਾਦੇ ਹਨ। ਮਿਰਜ਼ੇ ਨਾਲ ਚਲ ਕੇ ਦਾਨਾਬਾਦ ਪਹੁੰਚ ਜਾਣ ਦੀ ਬਜਾਏ ਉਸਨੂੰ ਆਪਣਾ ਭਵਿੱਖ ਧੁੰਦਲਾ ਜਾਪਦਾ ਹੈ-

-ਮੁੱਠੀਆਂ ਭਰ ਜਗਾਉਂਦੀ ਯਾਰ ਨੂੰ ਜਾਗੀਏ ਰੱਬ ਦੇ ਨਾਂ
ਧੁਰ ਨਾ ਅਪੜੀ ਰੰਨ ਸਾਹਿਬਾਂ, ਮੇਰੀ ਵਿਚਾਲਿਉਂ ਟੁੱਟੀ ਲਾਂ।
-ਫੌਜਾਂ ਘੇਰਾ ਘੱਤਿਆ, ਕਰ ਕੇ ਬੜੀ ਤਦਬੀਰ
-ਕੜ ਕੜ ਚਲਣ ਗੋਲੀਆਂ, ਮਿਰਜ਼ੇ ਨੂੰ ਪੈਂਦੇ ਬਹੁਤ ਤੀਰ

ਇਨ੍ਹਾਂ ਰਸਾਂ ਤੋਂ ਇਲਾਵਾ ਕਿਧਰੇ ਕਿਧਰੇ ਹਾਸ ਰਸ ਵੀ ਵਰਤਿਆ ਹੈ। ਅਜਿਹਾ ਕਰਮੂੰ ਬ੍ਰਾਹਮਣ ਦੇ ਸਾਹਿਬਾਂ ਨਾਲ ਹੋਏ ਸੰਵਾਦ ਵਿਚ ਇਹ ਰਸ ਪੈਦਾ ਹੋਇਆ ਹੈ।

ਛੱਡ ਦੇ ਪੁਰਾਣੀ ਜੱਟ ਦੀ ਦੋਸਤੀ ਨਵੀਂ ਕਰਮੂ ਵਲ ਲਾ
ਘਰ ਵਿਚ ਲਾ ਲੈ ਦੋਸਤੀ, ਬਹਿ ਕੇ ਇਸ਼ਕ ਕਮਾ।

**ਬਿੰਬ ਤੇ ਪ੍ਰਤੀਕ**

ਬਿੰਬ ਤੇ ਪ੍ਰਤੀਕ ਕਵਿਤਾ ਦਾ ਨਰੋਆ ਅੰਗ ਮੰਨੇ ਜਾਂਦੇ ਹਨ। ਪੀਲੂ ਨੇ ਆਪਣੇ ਕਾਵਿ ਵਸਤੂ ਦਾ ਰੂਪ ਤੇ ਪ੍ਰਭਾਵ ਬਿੰਬਾਂ ਨਾਲ ਰੌਸ਼ਨ ਕੀਤਾ ਹੈ। ਉਸਦੀ ਬਿੰਬਾਵਲੀ ਉਸ ਦੇ ਕਾਵਿ ਦੇ ਅੰਤਰੀਵ ਭਾਵ ਨੂੰ ਤਸਵੀਰਦੀ ਤੇ ਨਿਖਾਰਦੀ ਹੈ। ਪੀਲੂ ਦਾ ਮਿਰਜ਼ਾ ਆਪਣੀ ਬੱਕੀ ਬਾਰੇ ਕਹਿੰਦਾ ਹੈ;

ਕੰਨ ਲੰਮੇ ਖੁਰ ਪਤਲੇ, ਦੁਮ ਬੱਕੀ ਦੀ ਸਿਆਹ।

**ਸੰਵਾਦ ਸ਼ੈਲੀ**

ਕਿੱਸਾ ਸਾਹਿਤ ਵਿਚ ਸੰਵਾਦ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਪੀਲੂ ਦੇ ਕਿੱਸੇ ਵਿਚ ਸਾਹਿਬਾਂ ਤੇ ਮਿਰਜ਼ੇ, ਸਾਹਿਬਾਂ ਤੇ ਕਰਮੂੰ, ਸਹਿਤੀ- ਮਿਰਜ਼ੇ, ਮਿਰਜ਼ੇ ਦੀ ਮਾਂ-ਮਿਰਜ਼ੇ, ਵੰਝਲ- ਮਿਰਜੇ, ਮਿਰਜ਼ੇ- ਬੀਬੋ, ਬੀਬੋ- ਸਾਹਿਬਾਂ, ਮਿਰਜ਼ਾ- ਜਾਮ ਲੁਹਾਰ ਆਦਿ ਦਰਮਿਆਨ ਸੰਵਾਦ ਰਚੇ ਹਨ।

**ਲੋਕ ਰੂੜ੍ਹੀਆਂ**

ਕਿੱਸੇ ਦੀ ਕਥਾ ਦਾ ਤੱਤ ਜੋ ਬਾਰ-ਬਾਰ ਦੁਹਰਾਉਣ ਨਾਲ ਲੋਕ ਮਾਨਸ ਦਾ ਅੰਗ ਬਣ ਜਾਂਦਾ ਹੈ ਉਹ ਰੂੜ੍ਹੀ ਹੈ। ਇਹ ਰੂੜ੍ਹੀਆਂ ਪਾਤਰ, ਘਟਨਾ, ਵਸਤੂ ਅਤੇ ਵਿਸ਼ਵਾਸ਼ ਆਦਿ ਪੱਖਾਂ ਨਾਲ ਸੰਬੰਧਿਤ ਹਨ। ਪੀਲੂ ਨੇ ਵੀ ਆਪਣੇ ਕਿੱਸੇ ਮਿਰਜ਼ਾ ਸਾਹਿਬਾਂ ਵਿਚ ਰੂੜ੍ਹੀਆਂ ਦੀ ਵਰਤੋਂ ਕੀਤੀ ਹੈ। ਜਿਵੇਂ ਬੁਰੀ ਬਲਾ, ਸੌਕਣ, ਰੰਨ, ਕਲਜੋਗਣ, ਗੁਲਾਬ ਦਾ ਫੁੱਲ, ਪੰਜ ਪੀਰ, ਪੈਗੰਬਰ, ਜ਼ਹਿਰ ਦਾ ਪਿਆਲਾ ਆਦਿ।

ਜਦ ਸਾਹਿਬਾਂ ਕਰਮੂੰ ਬ੍ਰਾਹਮਣ ਨੂੰ ਕਹਿੰਦੀ ਹੈ ਕਿ ਉਹ ਮਿਰਜ਼ੇ ਨੂੰ ਸਾਹਿਬਾਂ ਦੇ ਵਿਆਹ ਦਾ ਸੁਨੇਹਾ ਦੇਣ ਜਾਣ ਲਈ ਕਹਿੰਦੀ ਹੈ ਤਾਂ ਕਰਮੂੰ ਅੱਗੋਂ ਬਹਾਨਾ ਬਣਾ ਕੇ ਦੱਸਦਾ ਹੈ ਕਿ ਮਿਰਜ਼ੇ ਦੇ ਘਰ ਇਕ ਹੋਰ ਔਰਤ ਰਹਿੰਦੀ ਹੈ ਜੋ ਕਿ ਬਲਾ ਹੈ। ਪੀਲੂ ਨੇ ਬਲਾ ਸ਼ਬਦ ਪਰਾਭੌਤਿਕ ਚੀਜ਼ ਲਈ ਵਰਤਿਆ ਹੈ ਜੋ ਕਿ ਮਨੁੱਖ ਨੂੰ ਨੁਕਸਾਨ ਪਹੰਚਾਉਦੀਂ ਹੈ।

ਘਰ ਮਿਰਜ਼ੇ ਦੇ ਹੋਰ ਇਸਤਰੀ, ਸੁਣੀਂਦੀ ਬੁਰੀ ਬਲਾ।

ਸੌਕਣਾਂ ਦੀ ਰੂੜ੍ਹੀ ਵੀ ਪੰਜਾਬੀ ਜੀਵਨ ਵਿਚ ਬਹੁਤ ਮਾਨਤਾ ਰੱਖਦੀ ਹੈ। ਸੌਕਣਾਂ ਦਾ ਆਪਸ ਵਿਚ ਬਹੁਤ ਵੈਰ ਹੁੰਦਾ ਹੈ ਕਿਉਂਕਿ ਪਹਿਲੀ ਔਰਤ ਸਮਝਦੀ ਹੈ ਕਿ ਦੂਸਰੀ ਔਰਤ ਨੇ ਉਸਦੇ ਪਤੀ ਤੇ ਕਬਜ਼ਾ ਕਰ ਲਿਆ ਹੈ। ਮਿਰਜ਼ੇ ਨੇ ਦੂਸਰੀ ਔਰਤ ਲਈ ਸੌਂਕਣ ਸ਼ਬਦ ਵਰਤਿਆ ਹੈ-

ਸੌਂਕਣ ਉਤੇ ਸੌਂਕਣ ਪਏ, ਲਏ ਅੱਧ ਵੰਡਾ।

ਪੰਜਾਬੀ ਸਭਿਆਚਾਰ ਵਿਚ ਰੰਨ ਸ਼ਬਦ ਔਰਤ ਲਈ ਵਰਤਿਆ ਹੈ। ਇਹ ਜਿਆਦਾਤਰ ਔਰਤਾਂ ਹੀ ਕਿਸੇ ਦੂਸਰੀ ਔਰਤ ਲਈ ਵਰਤਦੀਆਂ ਹਨ। ਜਦ ਕੋਈ ਵੀ ਔਰਤ ਸੋਚੇ ਕਿ ਕਿਸੇ ਹੋਰ ਔਰਤ ਨੇ ਉਸਦੇ

ਪੁੱਤਰ, ਭਰਾ, ਪਤੀ ਜਾਂ ਪਿਉ ਤੇ ਕਬਜ਼ਾ ਕਰ ਲਿਆ ਹੈ ਤਾਂ ਉਹ ਉਸ ਔਰਤ ਲਈ ਰੰਨ ਸ਼ਬਦ ਵਰਤਦੀ ਹੈ। ਕਿੱਸਾ ਮਿਰਜ਼ਾ ਸਾਹਿਬਾਂ ਦੇ ਪਿੰਡ ਜਾਣ ਤੋਂ ਰੋਕਦੀ ਹੈ ਤਾਂ ਸਾਹਿਬਾਂ ਲਈ ਰੰਨ ਸ਼ਬਦ ਦਾ ਪ੍ਰਯੋਗ ਕਰਦੀ ਹੈ-

ਰੰਨ ਦੀ ਖਾਤਿਰ ਚਲਿਐਂ, ਆਵੇ ਜਾਨ ਗੰਵਾ
ਆਖੇ ਮੇਰੇ ਲੱਗ ਜਾ, ਅੱਗੇ ਪੈਰ ਨਾ ਪਾ।

'ਗੁਲਾਬ ਦੇ ਫੁੱਲ' ਦੀ ਰੂੜ੍ਹੀ ਵੀ ਪੀਲੂ ਨੇ ਵਰਤੀ ਹੈ। ਗੁਲਾਬ ਦੇ ਫੁੱਲ ਨੂੰ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਵੀ ਇਸ ਨੂੰ ਬਹੁਤ ਅਹਿਮੀਅਤ ਦਿੱਤੀ ਜਾਂਦੀ ਹੈ। ਪੀਲੂ ਨੇ ਸਾਹਿਬਾਂ ਦੇ ਮੂੰਹੋਂ ਮਿਰਜ਼ੇ ਨੂੰ ਗੁਲਾਬ ਦਾ ਫੁੱਲ ਕਹਾਇਆ ਹੈ-

ਮਿਰਜ਼ਾ ਫੁੱਲ ਗਲਿਬ ਦਾ, ਮੇਰੀ ਝੋਲੀ ਟੁੱਟ ਪਿਆ।

'ਜ਼ਹਿਰ ਦਾ ਪਿਆਲਾ' ਵੀ ਲੋਕ ਰੂੜ੍ਹੀ ਦੇ ਤੌਰ ਤੇ ਵਰਤਿਆ ਜਾਂਦਾ ਹੈ। ਜਿਵੇਂ ਸੁਕਰਾਤ ਨੂੰ ਜਦ ਜ਼ਹਿਰ ਦਾ ਪਿਆਲਾ ਦਿੱਤਾ ਗਿਆ ਸੀ ਤਾਂ ਉਹ ਪੀ ਗਿਆ ਸੀ। ਉਸੇ ਤਰ੍ਹਾਂ ਪੀਲੂ ਨੇ ਵੀ ਕਿੱਸੇ ਵਿੱਚ ਦੱਸਿਆ ਹੈ ਕਿ ਮਿਰਜ਼ਾ ਕਹਿੰਦਾ ਹੈ ਕਿ ਜੇਕਰ ਸਾਹਿਬਾਂ ਉਸ ਨੂੰ ਜ਼ਹਿਰ ਦਾ ਪਿਆਲਾ ਵੀ ਪੀਣ ਲਈ ਦੇ ਦੇਵੇ ਤਾਂ ਉਹ ਉਸਦੇ ਪਿਆਰ ਵਿਚ ਉਹ ਵੀ ਪੀਣ ਲਈ ਤਿਆਰ ਹੈ। ਭਾਵ ਮਿਰਜ਼ਾ ਸਾਹਿਬਾਂ ਲਈ ਆਪਣੀ ਜਾਨ ਵੀ ਵਾਰ ਸਕਦਾ ਹੈ-

ਕੱਢ ਕਲੇਜਾ ਲੈ ਗਈ ਖਾਨ ਖੀਵੇ ਦੀ ਧੀ।
ਜੇ ਦੇਵੇ ਪਿਆਲਾ ਜ਼ਹਿਰ ਦਾ ਮਿਰਜ਼ਾ ਲੈਂਦਾ ਪੀ।

'ਪੰਜ ਪੀਰ' ਧਾਰਮਿਕ ਵਿਸ਼ਵਾਸ ਦਾ ਪ੍ਰਤੀਕ ਹਨ। ਇਹ ਮੰਨਿਆ ਜਾਂਦਾ ਹੈ ਕਿ ਜੋ ਵੀ ਮੁਰਾਦ ਇਨ੍ਹਾਂ ਕੋਲੋ ਮੰਨੀ ਜਾਂਦੀ ਹੈ ਤਾਂ ਉਹ ਪੂਰੀ ਹੁੰਦੀ ਹੈ। ਇਨ੍ਹਾਂ ਪੀਰਾਂ ਦੇ ਨਾਵਾਂ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਇਕ ਮਤ ਅਨੁਸਾਰ ਖਵਾਜਾ ਫਰੀਦੁਦੀਨ ਸ਼ਕਰ ਗੰਜ ਮਸਊਦ, ਲਾਲ ਸ਼ਾਹਬਾਜ਼, ਹਜ਼ਰਤ ਸ਼ੇਖ ਬਹਾਉਦੀਨ ਜ਼ਕਰੀਆਂ, ਸੱਯਦ ਜਲਾਲਬੁਖਾਰੀ ਅਤੇ ਮਖਦੂਮ ਜਹਾਨੀਆਂ, ਪੰਜ ਪੀਰ ਮੰਨੇ ਜਾਂਦੇ ਹਨ। ਜਿਵੇਂ ਹੀਰ ਵਾਰਿਸ ਵਿਚ ਇਹ ਪੰਜ ਪੀਰ ਰਾਂਝੇ ਨੂੰ ਹੀਰ ਬਖਸ਼ ਦਿੰਦੇ ਹਨ, ਉਸੇ ਤਰ੍ਹਾਂ ਪੀਲੂ ਨੇ ਵੀ ਕਿੱਸਾ ਮਿਰਜ਼ਾ ਸਾਹਿਬਾਂ ਵਿਚ ਜਦ ਮਿਰਜ਼ਾ ਸਾਹਿਬਾਂ ਨੂੰ ਉਸਦੇ ਘਰੋਂ ਭਜਾ ਕੇ ਲੈ ਜਾਣ ਦੀਆਂ ਤਿਆਰੀਆਂ ਕਰਦਾ ਹੈ ਤਾਂ ਜਾਮ ਲੁਹਾਰ ਤੋਂ ਕਿੱਲੀਆਂ ਲੈ ਕੇ ਪੰਜ ਪੀਰਾਂ ਦੀ ਅਰਾਧਨਾ ਕਰਕੇ ਕਿੱਲੀਆਂ ਗੱਡ ਦੇਂਦਾ ਹੈ। ਇਹ ਪੰਜ ਪੀਰ ਦੈਵੀ ਸ਼ਕਤੀ ਦਾ ਪ੍ਰਤੀਕ ਹਨ ਜੋ ਕਿ ਲੁਕਵੇਂ ਰੂਪ ਵਿਚ ਪ੍ਰੀਤ ਕਥਾਵਾਂ ਦੇ ਨਾਇਕਾਂ ਦੀ ਮਦਦ ਕਰਦੇ ਹਨ-

ਮਿਰਜ਼ੇ ਕਿੱਲੀਆਂ ਗੱਡੀਆਂ, ਪੰਜੇ ਪੀਰ ਮਨਾ।

**ਕਲਜੋਗਣ**

ਇਹ ਸ਼ਬਦ ਅਸ਼ੁਭ ਚੀਜ਼ ਜਾਂ ਮਨੁੱਖ ਲਈ ਵਰਤਿਆ ਜਾਂਦਾ ਹੈ। ਜਦ ਸਾਹਿਬਾਂ ਦੇ ਭਰਾ ਮਿਰਜ਼ਾ ਤੇ ਸਾਹਿਬਾਂ 'ਤੇ ਹਮਲਾ ਕਰ ਦਿੰਦੇ ਹਨ ਤਾਂ ਸਾਹਿਬਾਂ ਨੂੰ ਹੋਣੀ ਦੇ ਆਉਣ ਦਾ ਪਤਾ ਲੱਗਦਾ ਹੈ ਤਾਂ ਉਹ ਕਹਿੰਦੀ ਹੈ ਕਿ ਸਾਡੀ ਕਿਸਮਤ ਹਾਰ ਗਈ ਹੈ ਤੇ ਕਲਜੋਗਣਾਂ ਨੇ ਹੁਣ ਉਨ੍ਹਾਂ ਦੀ ਫਤਿਹ ਨਹੀਂ ਹੋਣ ਦੇਣੀ, ਕਿਉਂਕਿ ਕਲਜੋਗਣਾਂ ਨੇ ਉਨ੍ਹਾਂ ਦੀ ਕਿਸਮਤ ਖਰਾਬ ਕਰ ਦਿੱਤੀ ਹੈ-

ਮੱਥੇ ਵਿਚ ਕਲਜੋਗਣਾ ਫਤਿਹ ਨਾ ਦੇਂਦੀ ਹੋਣ।

ਮਿਰਜ਼ਾ ਸਾਹਿਬਾਂ ਵਿਚ ਲੋਕ ਵਿਸ਼ਵਾਸਾਂ ਦਾ ਪ੍ਰਯੋਗ ਸਹਿਜ ਸੁਭਾ ਹੀ ਕੀਤਾ ਹੈ ਕਿਉਂਕਿ ਸਾਹਿਤਕਾਰ ਸਮਾਜ ਦਾ ਅਟੁੱਟ ਅੰਗ ਹੁੰਦਾ ਹੈ ਜੋ ਕਿ ਆਪਣੇ ਆਲੇ ਦੁਆਲੇ ਦੀਆਂ ਘਟਨਾਵਾਂ ਤੋਂ ਪ੍ਰਭਾਵਿਤ ਹੁੰਦਾ ਹੈ ਜਦ ਉਹ ਰਚਨਾ ਕਰ ਰਿਹਾ ਹੁੰਦਾ ਹੈ। ਤਾਂ ਉਹ ਘਟਨਾਵਾਂ ਅਚੇਤ ਰੂਪ ਵਿਚ ਉਸਦੀ ਰਚਨਾ ਦਾ ਅੰਗ ਬਣ ਜਾਂਦੀਆਂ ਹਨ। ਲੋਕ ਵਿਸ਼ਵਾਸਾਂ ਦੀ ਵਰਤੋਂ ਕਰਕੇ ਇਸ ਨੂੰ ਜਨ ਸਾਧਾਰਨ ਦੇ ਪੱਧਰ ਤੇ ਲਿਆ ਕੇ ਰੱਖ ਦਿੱਤਾ ਹੈ। ਪੰਜਾਬੀ ਲੋਕ ਜੀਵਨ ਵਿਚ ਇਹ ਅੱਜ ਕਿਸੇ ਨਾ ਕਿਸੇ ਰੂਪ ਵਿਚ ਵੇਖੇ ਜਾ ਸਕਦੇ ਹਨ। ਸੋ ਪੀਲੂ ਦਾ ਕਿੱਸਾ ਮਿਰਜ਼ਾਂ ਸਾਹਿਬਾਂ ਕਲਾ ਦੇ ਪੱਖ ਤੋਂ ਵੀ ਉੱਤਮ ਰਚਨਾ ਹੈ।

**ਪਾਠ ਨੰਬਰ : 2.2** **ਲੇਖਕ : ਰੁਪਿੰਦਰ ਕੌਰ ਰਿਸਰਚ ਸਕਾਲਰ**

## ਪੀਲੂ ਰਚਿਤ ਕਿੱਸਾ ਮਿਰਜ਼ਾ-ਸਾਹਿਬਾਂ ਦਾ ਵਿਸ਼ਾ-ਪੱਖ ਅਤੇ ਸੱਭਿਆਚਾਰਕ ਚਿਤਰਨ :

**ਭੂਮਿਕਾ :** 'ਕਿੱਸਾ' ਅਰਬੀ ਭਾਸ਼ਾ ਦਾ ਸ਼ਬਦ ਹੈ ਤੇ ਇਸਦੇ ਅਰਥ ਹਨ, ਕਿਸੇ ਵਿਅਕਤੀ ਦੀ ਕਹਾਣੀ, ਕਥਾ ਜਾਂ ਬਿਰਤਾਂਤ। ਅਰਬ ਵਿੱਚ ਗਦਾਤਮਕ ਕਹਾਣੀਆਂ ਲਈ ਇਹ ਸ਼ਬਦ ਪ੍ਰਾਚੀਨ ਕਾਲ ਤੋਂ ਵਰਤਿਆ ਜਾਂਦਾ ਹੈ। ਪੰਜਾਬੀ ਵਿੱਚ 'ਕਿੱਸਾ' ਸ਼ਬਦ ਉਸ ਬਿਆਨੀਆਂ ਕਾਵਿ ਲਈ ਵਧੇਰੇ ਪ੍ਰਯੁਕਤ ਹੁੰਦਾ ਹੈ ਜਿਸ ਵਿੱਚ ਕਿਸੇ ਪ੍ਰੇਮ/ਇਸ਼ਕ ਦੀ ਸੱਚੀ, ਕਲਪਿਤ ਜਾਂ ਅਰਧ ਕਲਪਿਤ ਕਹਾਣੀ ਨੂੰ ਰੋਮਾਂਸਿਕ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੋਵੇ। ਜਿਵੇਂ ਕਿ ਪੀਲੂ ਦਾ ਕਿੱਸਾ 'ਮਿਰਜ਼ਾਂ-ਸਾਹਿਬਾਂ'। ਪੀਲੂ ਮੁਗਲ ਰਾਜ ਦੇ ਸਮੇਂ ਦਾ ਇੱਕ ਪ੍ਰਸਿੱਧ ਕਵੀ ਹੋਇਆ ਹੈ। ਉਹ ਪੰਜਾਬੀ ਕਿੱਸਾ ਕਾਵਿ ਪਰੰਪਰਾ ਦੇ ਮੋਢੀਆਂ ਵਿਚੋਂ ਇੱਕ ਹੈ ਤੇ ਦਮੋਦਰ, ਹਾਫ਼ਿਜ਼ ਬਰਖ਼ੁਰਦਾਰ, ਅਹਿਮਦ ਆਦਿ ਮੁਗਲ ਰਾਜ ਦੇ ਕਿੱਸਾਕਾਰਾਂ ਦੀ ਲੜੀ ਦਾ ਇੱਕ ਅਨਮੋਲ ਮੋਤੀ ਹੈ। ਜਿਸ ਤਰ੍ਹਾਂ ਦਮੋਦਰ ਨੇ ਪਹਿਲੀ ਵਾਰੀ ਹੀਰ ਰਾਂਝੇ ਦੀ ਕਹਾਣੀ ਨੂੰ ਲਿਖਤ ਦਾ ਜਾਮਾ ਪਹਿਨਾ ਕੇ ਪੰਜਾਬੀ ਸਾਹਿਤ ਨੂੰ ਭੇਟ ਕੀਤਾ। *"ਇਸੇ ਪ੍ਰਕਾਰ ਪੀਲੂ ਨੇ ਮਿਰਜ਼ਾਂ-ਸਾਹਿਬਾਂ ਦਾ ਕਿੱਸਾ ਪੰਜਾਬੀ ਵਿੱਚ ਪਹਿਲੀ ਵਾਰ ਲਿਖਿਆ ਅਤੇ ਨਾਲ ਹੀ ਇਸਨੂੰ ਦੁਖਾਂਤ ਵਿੱਚ ਸਮੇਟਿਆ। ਇਸ ਪ੍ਰਕਾਰ ਪੰਜਾਬੀ ਵਿੱਚ ਪਹਿਲੀ ਤ੍ਰਾਸਦੀ ਲਿਖਣ ਦਾ ਮਾਣ ਵੀ ਪੀਲੂ ਨੂੰ ਹੀ ਜਾਂਦਾ ਹੈ।"* ਪੰਜਾਬੀ ਕਿੱਸਾ ਕਾਵਿ ਮੱਧਕਾਲ ਦੇ ਪੰਜਾਬੀ ਸਾਹਿਤ ਦੀ ਇਕ ਪ੍ਰਫੁਲਤ ਧਾਰਾ ਹੈ, ਜਿਸ ਤੋਂ ਬਿਨ੍ਹਾਂ ਪੰਜਾਬੀ ਸਾਹਿਤ ਅਧੂਰਾ ਤੇ ਸਖਣਾ ਜਾਪਦਾ ਹੈ। ਇਸ ਧਾਰਾ ਦਾ ਮੁੱਢ ਬੰਨ੍ਹਣ ਵਾਲੇ ਲੋਕ ਕਵੀ ਸਨ, ਜਿਨਾਂ ਨੇ ਲੋਕ ਗੀਤਾਂ ਦੇ ਰੂਪ ਵਿੱਚ ਲੋਕ ਮੂੰਹਾਂ ਤੇ ਖੇਡਦੀਆਂ ਪ੍ਰੀਤ ਕਥਾਵਾਂ ਨੂੰ ਕਵਿਤਾ ਦਾ ਰੂਪ ਪ੍ਰਦਾਨ ਕਰਕੇ ਪੰਜਾਬੀ ਸਾਹਿਤ ਵਿੱਚ ਇਕ ਨਿਵੇਕਲੀ ਪਰੰਪਰਾ ਦਾ ਮੁੱਢ ਬੰਨ੍ਹਿਆਂ। ਕਿੱਸੇ ਦੀ ਕਹਾਣੀ ਦੇ ਨਾਲ ਨਾਲ ਹਰ ਕਿੱਸਾਕਾਰ ਨੇ ਆਪਣੀ ਰੁਚੀ ਅਨੁਸਾਰ ਕਿੱਸਿਆ ਵਿੱਚ ਧਰਮ, ਨੀਤੀ, ਮਿਥਿਹਾਸ ਤੇ ਇਤਿਹਾਸ ਨੂੰ ਵੀ ਥਾਂ ਦੇ ਕੇ ਇਨ੍ਹਾਂ ਨੂੰ ਪੰਜਾਬੀ ਸਭਿਅਤਾ ਤੇ ਸਭਿਆਚਾਰ ਦਾ ਦਰਪਣ ਬਣਾ ਦਿੱਤਾ।

*ਕਿੱਸੇ ਦੀ ਪਰਿਭਾਸ਼ਾ ਅਨੁਸਾਰ: "ਕਿੱਸਾ ਉਹ ਲੰਮੀ ਕਵਿਤਾ ਹੈ ਜਿਸ ਵਿੱਚ ਨਾਇਕ ਤੇ ਨਾਇਕਾ ਦੀ ਪ੍ਰੇਮ ਕਥਾ ਜਾਂ ਬੀਰਤਾ ਦਾ ਸਵਿਸਥਾਰ ਵਰਣਨ ਕੀਤਾ ਜਾਂਦਾ ਹੈ। ਕਿੱਸਾ ਕਾਵਿ ਪੰਜਾਬੀ ਦੇ ਬਿਆਨਿਆ ਕਾਵਿ ਦਾ ਇਕ ਰੂਪ ਹੈ, ਜਿਸ ਵਿੱਚ ਵਰਣਿਤ ਕਹਾਣੀ ਅਤੇ ਕਾਵਿ-ਰੂਪ ਦੋਹਾਂ ਲਈ ਇਹ ਸ਼ਬਦ ਪ੍ਰਚਲਿਤ ਹੈ।"*

*ਡਾ. ਰਤਨ ਸਿੰਘ ਜੱਗੀ ਅਨੁਸਾਰ: "ਕਿੱਸਾ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਅਫ਼ਸਾਨਾ, ਕਹਾਣੀ, ਖ਼ਬਰ। ਕਿਸੇ ਚੀਜ਼ ਦਾ ਆਦਿ ਤੋਂ ਅੰਤ ਤੱਕ ਦਾ ਹਾਲ ਖੋਲ੍ਹ ਕੇ ਬਿਆਨ ਕਰਨਾ ।" ਪੰਜਾਬੀ ਵਿੱਚ 'ਕਿੱਸਾ' ਸ਼ਬਦ ਦਾ ਸਮਾਨਾਰਥਕ ਸ਼ਬਦ 'ਕਥਾ' ਹੈ।*

ਕਿੱਸਿਆਂ ਦਾ ਆਧਾਰ ਆਮ ਤੌਰ ਤੇ ਪ੍ਰੇਮ ਹੀ ਰਿਹਾ ਹੈ ਜੋ ਕਿ ਮਨੁੱਖ ਦੀਆਂ ਮੂਲ ਭਾਵਨਾਵਾਂ ਦਾ ਧੁਰਾ ਹੈ ਜੋ ਆਰੰਭ ਤੋਂ ਹੀ ਮਨੁੱਖ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਤੁਰਿਆ ਆ ਰਿਹਾ ਹੈ। ਇੰਜ ਕਹਿਣਾ ਜ਼ਿਆਦਾ ਬਿਹਤਰ ਹੈ ਕਿ ਪ੍ਰੇਮ ਹੀ ਇੱਕ ਅਜਿਹਾ ਵਿਸ਼ਾ ਹੈ, ਜਿਸ ਨੇ ਸੰਸਾਰ ਦੇ ਸਾਰੇ ਸਾਹਿਤ ਵਿੱਚ ਮਨੱਖ ਦੀ ਕਲਪਨਾ ਦਾ ਅੰਸ਼ ਵਧੇਰੇ ਹੁੰਦਾ ਹੈ। ਪ੍ਰੇਮੀ ਪ੍ਰੇਮਿਕਾ ਸਦਾ ਹੀ ਯਥਾਰਥ ਦੀ ਦੁਨੀਆਂ ਨੂੰ ਭੁਲਾ ਕੇ ਆਪਣੇ ਰੋਮਾਂਸ ਦੀ ਦੁਨੀਆਂ ਵਿੱਚ ਹੀ ਵਿਚਰਨਾ ਚਾਹੁੰਦੇ ਹਨ, ਕਿਉਂਕਿ ਯਥਾਰਥਵਾਦੀ ਰੂਪ ਵਿੱਚ ਪ੍ਰੇਮ ਦਾ ਵਰਣਨ ਮਨੁੱਖਾਂ ਨੂੰ ਉਤਨਾਂ ਵਿਸਮਾਦਤ ਤੇ ਪ੍ਰਭਾਵਿਤ ਨਹੀਂ ਕਰ ਸਕਦਾ ਜਿਨਾਂ ਕਿ ਰੋਮਾਂਸ ਵਿੱਚ। ਇਹੋ ਕਾਰਨ ਹੈ ਕਿ ਕਿੱਸਿਆਂ ਵਿੱਚ ਪ੍ਰੇਮ ਤੇ ਰੋਮਾਂਸਿਕ ਰੰਗਣ ਪ੍ਰਭਾਵ ਵਧੇਰੇ ਹੁੰਦਾ ਹੈ ਜਿਵੇਂ ਕਿ ਪੀਲੂ ਰਚਿਤ ਮਿਰਜ਼ਾ ਸਾਹਿਬਾਂ ਵਿੱਚ। ਜਿਥੇ ਆਮ ਆਦਮੀ ਜੀਵਨ ਵਿੱਚ ਸਾਧਾਰਨ ਤਰ੍ਹਾਂ ਦੇ ਪਿਆਰ ਨੂੰ ਮਾਣਦਾ ਹੈ, ਉਥੇ ਕਿੱਸਿਆਂ ਵਿੱਚ ਪ੍ਰੇਮ ਬੜਾ

ਅਲੌਕਿਕ, ਵਚਿੱਤਰ ਤੇ ਰੋਮਾਂਚਿਕ ਹੁੰਦਾ ਹੈ। ਕਿੱਸਿਆਂ ਵਿੱਚ ਉਸਨੂੰ ਹੋਰ ਵੀ ਗੂੜ੍ਹੀ ਰੰਗਤ ਦੇ ਦਿੱਤੀ ਜਾਂਦੀ ਹੈ। ਪ੍ਰੇਮ ਖ਼ਾਤਿਰ ਕੀਤੀਆਂ ਆਦਰਸ਼ਕ ਕੁਰਬਾਨੀਆਂ, ਅਸਾਧਾਰਨ ਘਟਨਾਵਾਂ ਉਸਨੂੰ ਵਧੇਰੇ ਪ੍ਰਭਾਵਸ਼ਾਲੀ ਬਣਾ ਦੇਂਦੀਆਂ ਹਨ। ਜਦੋਂ ਕੋਈ ਵੀ ਪ੍ਰੇਮੀ ਜਾਂ ਪ੍ਰੇਮਿਕਾ ਪਿਆਰ ਖ਼ਾਤਿਰ ਕੁਰਬਾਨੀ ਕਰਦੇ ਹਨ ਤਾਂ ਉਨਾਂ ਦਾ ਦਰਜਾ ਲੋਕਾਂ ਦੀ ਨਜ਼ਰ ਵਿੱਚ ਬਹੁਤ ਵੱਧ ਜਾਂਦਾ ਹੈ।

ਪੰਜਾਬੀ ਕਿੱਸਾ ਕਾਵਿ ਦੇ ਉਦਭਵ ਸੰਬੰਧੀ ਪੰਜਾਬੀ ਸਾਹਿਤ ਦੇ ਵਿਦਵਾਨਾਂ ਦਾ ਵਧੇਰੇ ਮਤ ਇਹੋ ਰਿਹਾ ਹੈ ਕਿ ਇਹ ਕੇਵਲ ਫ਼ਾਰਸੀ ਮਸ਼ਨਵੀ ਪਰੰਪਰਾ ਰਾਂਹੀ ਪੰਜਾਬੀ ਵਿੱਚ ਆਇਆ ਹੈ। ਪ੍ਰੰਤੂ ਇਹ ਗੱਲ ਪੂਰਨ ਸੱਚ ਨਹੀਂ ਹੈ। ਕਿੱਸਾ ਕਾਵਿ ਬਾਰੇ ਉਪਲੱਬਧ ਤੱਥਾਂ ਤੋਂ ਇਸ ਮਿਥਿਤ ਸਥਾਪਨਾ ਦਾ ਵਿਰੋਧ ਹੁੰਦਾ ਹੈ। ਜਿਵੇਂ ਮਸ਼ਨਵੀ ਵਿੱਚ ਅਸਲ ਕਹਾਣੀ ਦੇ ਆਰੰਭ ਹੋਣ ਤੋਂ ਪਹਿਲਾਂ ਇੱਕ ਵਿਸ਼ੇਸ਼ ਵਿਸਤ੍ਰਿਤ ਮੰਗਲਾਚਰਨ ਹੁੰਦਾ ਹੈ। ਜਿਸ ਵਿੱਚ ਪ੍ਰਭੂ ਦੀ ਉਸਤਤ, ਪੀਰਾਂ ਦੀ ਅਰਾਧਨਾ, ਵਕਤ ਦੇ ਬਾਦਸ਼ਾਹ ਦੀ ਸਿਫ਼ਤ, ਮਸ਼ਨਵੀ ਲਿਖਣ ਦਾ ਕਾਰਨ ਆਦਿ ਗੱਲਾਂ ਦਿੱਤੀਆਂ ਹੁੰਦੀਆਂ ਹਨ ਪ੍ਰੰਤੂ ਪੰਜਾਬੀ ਦੇ ਪਹਿਲੇ ਦੋ ਕਿੱਸਾਕਾਰਾਂ ਦਮੋਦਰ ਤੇ ਪੀਲੂ ਨੇ ਆਪਣੇ ਕਿੱਸਿਆਂ ਵਿੱਚ ਮਸ਼ਨਵੀ ਵਾਲੀ ਉਕਤ ਪ੍ਰੰਪਰਾ ਨਹੀਂ ਅਪਣਾਈ ਤੇ ਕਹਾਣੀ ਦਾ ਬਿਆਨ ਸਿੱਧਾ ਸ਼ੁਰੂ ਕੀਤਾ ਹੈ:

*"ਘਰ ਖੀਵੇ ਦੇ ਸਾਹਿਬਾਂ, ਜੰਮੀ ਮੰਗਲਵਾਰ। ਡੂਮ ਸਹੋਲੇ ਗਾਵਦੇ,ਖਾਨ ਖੀਵੇ ਦੇ ਬਾਰ।*
*ਰੱਜ ਦੁਆਈਂ ਦਿੱਤੀਆਂ, ਸੋਹਣੀ ਦੇ ਪਰਿਵਾਰ। ਰਲ ਤਦਬੀਰਾਂ ਬਣਦੀਆਂ ਛੈਲ ਹੋਈ ਮੁਟਿਆਰ।*

ਜੇ ਗੱਲ ਇਸ ਕਿੱਸੇ ਨੂੰ ਲਿਖਣ ਬਾਰੇ ਕਰੀਏ ਤਾਂ ਮਨ ਵਿੱਚ ਸਭ ਤੋਂ ਪਹਿਲਾਂ ਖਿਆਲ ਇਹ ਆਉਂਦਾ ਹੈ ਕਿ ਪੀਲੂ ਨੂੰ ਮਿਰਜ਼ਾ ਸਾਹਿਬਾਂ ਦੇ ਰੋਮਾਂਸ ਦਾ ਕਿਥੋਂ ਪਤਾ ਲੱਗਾ ? ਉਹ ਕਿਉਂ ਉਸਨੂੰ ਲਿਖਣ ਲਈ ਉਤਸਾਹਿਤ ਹੋਇਆ ? ਇਹਨਾਂ ਸਵਾਲਾਂ ਦੇ ਜਵਾਬ ਸਾਨੂੰ *ਮੌਲਾ ਬਖਸ਼ ਕੁਸਤਾਂ ਦੀ ਇਸ ਧਾਰਨਾ ਤੋਂ ਮਿਲਦੇ ਹਨ,"ਆਪ ਫਕੀਰਾਨਾਂ ਤਬੀਅਤ ਦੇ ਮਾਲਕ ਸਨ। ਜਦ ਜ਼ਰਾ ਜਵਾਨ ਹੋਏ ਤਾਂ ਸੈਰ ਦੇ ਸ਼ੌਕ ਕਾਰਨ ਘਰ ਤੋਂ ਨਿਕਲੇ, ਗੁਰੂ ਅਰਜਨ ਦੇਵ ਜੀ ਦੇ ਦੀਦਾਰ ਕਰਨ ਅਤੇ ਸੂਫ਼ੀਆਨਾ ਕਲਾਮ ਸੁਣਨ ਪਿਛੋਂ ਆਪ ਫਕੀਰਾਨਾ ਭੇਸ ਵਿੱਚ ਇਲਾਕਾ ਬਾਰ ਵੱਲ ਚਲੇ ਗਏ। ਜਦ ਰਾਵੀ ਤੋਂ ਪਾਰ ਹੋਏ ਤਾਂ ਦਾਨਾਬਾਦ ਖਰਲਾਂ ਵਿੱਚ ਚਲੇ ਗਏ ਜੋ ਮਿੰਟਗੁਮਰੀ ਤੋਂ ਚਾਲ੍ਹੀ ਕੋਹ ਦੀ ਵਿਥ ਤੇ ਇਸ ਤਰ੍ਹਾਂ ਮਿਰਜ਼ਾਂ ਸਾਹਿਬਾਂ ਦਾ ਚਰਚਾ ਸੁਣਿਆ, ਕਵਿਤਾ ਵਿੱਚ ਲਿਖ ਦਿੱਤਾ। ਬੋਲੀ ਵਿੱਚ ਅਸਰ ਤੇ ਬਿਆਨ ਵਿੱਚ ਸੋਜ਼ ਸੀ। ਇਸ ਲਈ ਕਿੱਸੇ ਨੇ ਛੇਤੀ ਸੁਹਰਤ ਹਾਸਿਲ ਕਰ ਲਈ। ਇਸ ਤੋਂ ਬਾਅਦ ਸਾਂਦਲਬਾਰ ਵੱਲ ਚਲੇ ਗਏ ਤੇ ਉਧਰ ਹੀ ਕਾਲ ਵਾਸ ਹੋ ਗਏ"*

**ਮੂਲ ਪਾਠ :** ਕਿੱਸਾ ਸਾਹਿਤ ਔਰਤ ਮਰਦ ਦੀ ਪਰਸਪਰ ਖਿੱਚ ਦਾ ਪ੍ਰਤੀਕ ਹੈ ਜੋ ਮਨੁੱਖੀ ਜ਼ਜ਼ਬਿਆਂ ਦੀ ਤਰਜ਼ਮਾਨੀ ਕਰਦਾ ਹੈ। ਦਿਲ ਦੀਆਂ ਡੂੰਘਾਣਾਂ' ਚ ਜਾ ਪਿਆਰ ਰੂਹ ਨੂੰ ਸਕੂਨ ਵੀ ਦਿੰਦਾ ਹੈ। ਹੀਰ-ਰਾਂਝਾ, ਮਿਰਜ਼ਾਂ-ਸਾਹਿਬਾਂ, ਸੱਸੀ-ਪੁੰਨੂੰ, ਸੋਹਣੀ-ਮਹੀਵਾਲ, ਆਦਿ ਅਨੇਕ ਕਹਾਣੀਆਂ ਹਨ। ਜਿਨ੍ਹਾਂ ਦਾ ਵਿਸ਼ਾ ਔਰਤ ਮਰਦ ਦਾ ਪਿਆਰ ਹੈ। ਮਿਰਜ਼ਾਂ-ਸਾਹਿਬਾਂ ਦਾ ਕਿੱਸਾ ਪੰਜਾਬ ਦਾ ਹੈ, ਜਿਸ ਵਿੱਚ ਪਜਾਬੀਆਂ ਦਾ ਦਿਲ ਧੜਕਦਾ ਹੈ। ਮਿਰਜ਼ਾ ਸਾਹਿਬਾਂ ਦੋਵੇਂ ਪੰਜਾਬੀ ਜੀਵਨ ਦੇ ਪ੍ਰਤੀਨਿਧ ਪਾਤਰ ਬਣ ਕੇ ਸਾਡੇ ਸਾਹਮਣੇ ਆਉਂਦੇ ਹਨ। ਕਿੱਸੇ ਵਿੱਚ ਸੱਭਿਆਚਾਰ ਦਾ ਵਰਣਨ ਉਸਨੂੰ ਹੋਰ ਵੀ ਰੋਚਕ ਤੇ ਦਿਲਚਸਪ ਬਣਾਉਂਦਾ ਹੈ। ਬੀਰ ਰਸ ਤੇ ਸਿੰਗਾਰ ਰਸ ਨਾਲ ਭਰਪੂਰ ਇਹ ਕਿੱਸਾ ਮਿਰਜ਼ਾ-ਸਾਹਿਬਾ ਦੇ ਪਿਆਰ ਦੁਖਾਂਤ ਨੂੰ ਬੜੇ ਕਾਵਿਕ ਤੇ ਭਾਵੁਕ ਵਾਤਾਵਰਣ ਵਿੱਚ ਪੇਸ਼ ਕਰਦਾ ਹੈ। ਪੀਲੂ ਨੇ ਬੜੀ ਸਰਲ, ਸਾਦਾ ਸਪੱਸ਼ਟ ਤੇ ਅਨੁਭਵੀ ਜ਼ਬਾਨ ਵਿੱਚ ਪੇਂਡੂ ਸੱਭਿਆਚਾਰ ਨੂੰ ਪੇਸ਼ ਕੀਤਾ। *"ਮਿਰਜ਼ਾ ਸਾਹਿਬਾਂ ਦੇ ਕਿੱਸੇ ਵਿੱਚ ਸਾਨੂੰ ਚਾਰ ਤਰ੍ਹਾਂ ਦੇ ਤੱਤ ਮਿਲਦੇ ਹਨ ਜਿਨ੍ਹਾਂ ਵਿੱਚ ਪ੍ਰੀਤ ਕਥਾਵਾਂ, ਭਾਰਤੀ ਅਵਦਾਨ, ਇਸਲਾਮੀ ਮਿਥਿਹਾਸਕ ਕਥਾਵਾਂ ਅਤੇ ਭਾਰਤੀ ਮਿਥਿਹਾਸਕ ਕਥਾਵਾਂ। ਇਥੇ ਵਿਸ਼ਾ ਪ੍ਰੀਤ ਕਥਾਵਾਂ ਨਾਲ ਸੰਬੰਧਿਤ ਹੈ, ਜਿਨ੍ਹਾਂ ਵਿੱਚ ਉਸ ਵੇਲੇ ਦੇ ਪੰਜਾਬੀ ਸਮਾਜ ਅਤੇ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਉਘੜਵੇਂ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ।"* ਮਿਰਜ਼ਾ ਸਾਹਿਬਾਂ ਦੀ ਕਹਾਣੀ ਨੂੰ ਸਭ ਤੋਂ ਪਹਿਲਾਂ ਪੀਲੂ ਨੇ ਸੱਦ ਕਾਵਿ ਵਿੱਚ ਲਿਖਿਆ। *"ਇਹ ਸਾਡੇ ਕੋਲ ਅਧੂਰਾ ਪਹੁੰਚਿਆ, ਜਿਸਨੂੰ **ਸਰ ਰਿਚਰਡ***

***ਟੈਂਪਲ*** *ਨੇ ਆਪਣੀ ਪੁਸਤਕ* ***' ਲੀਜੰਡਸ ਆਫ਼ ਦਾ ਪੰਜਾਬ'*** *ਵਿੱਚ ਕਿਸੇ ਜੱਟ ਜਾਂ ਮਰਾਸੀ ਕੋਲੋਂ ਸੁਣ ਕੇ ਲਿਖਿਆ, ਜਿਸ ਕਰਕੇ ਉਣਤਾਈਆਂ ਰਹਿ ਗਈਆਂ, ਕੁਝ ਨਵੀਆਂ ਗੱਲਾਂ ਵੀ ਉਸ ਵਿੱਚ ਜੁੜੀਆਂ।"*

ਪੀਲੂ ਕਿਥੋਂ ਦਾ ਰਹਿਣ ਵਾਲਾ ਸੀ ਤੇ ਕਦੋਂ ਹੋਇਆ, ਇਸ ਬਾਰੇ ਵਿੱਚ ਕੋਈ ਨਿਸ਼ਚਿਤ ਸੱਤ ਨਹੀਂ ਹੈ। ਅਸੀਂ ਇਸ ਵਿਵਾਦ ਵਿੱਚ ਨਾ ਪੈਂਦੇ ਹੋਏ, ਪੀਲੂ ਦੁਆਰਾ ਰਚੇ ਮਿਰਜ਼ਾ ਸਾਹਿਬਾਂ ਦੇ ਵਿਸ਼ੇ ਬਾਰੇ ਵਧੇਰੇ ਜਾਣਕਾਰੀ ਦੇਣ ਵੱਲ ਰੁਚਿਤ ਹਾਂ। ਪੀਲੂ ਦਾ ਕਿੱਸਾ ਕਬੀਲਦਾਰੀ ਯੁਗ ਦੀ ਝੂਠੀ ਅਣਖ ਦਾ ਯਥਾਰਥਕ ਦੁਖਾਂਤ ਹੈ। ਜਿਸ ਵਿੱਚ ਮਿਰਜ਼ਾਂ ਆਪਣੇ ਆਚਰਨ ਵਿਚਲੇ ਔਗੁਣ ਸੂਰਮਗਤੀ ਵਿਚ ਅੰਧ ਵਿਸ਼ਵਾਸ਼ ਕਰਕੇ ਆਪਣੀ ਮੌਤ ਆਪ ਮਰਦਾ ਹੈ। ਸਾਹਿਬਾਂ ਜਾਗੀਰਦਾਰੀ ਸਮਾਜ ਦੀ ਔਰਤ ਦਾ ਚਿਤਰ ਪ੍ਰਸਤੁਤ ਕਰਦੀ ਹੈ। ਇਸ ਕਿੱਸੇ ਵਿੱਚ ਪ੍ਰੇਮਿਕਾ ਦੀਆਂ ਮਾਨਸਿਕ ਵਿਰੋਧਤਾਵਾਂ ਤੇ ਉਲਝਣਾਂ ਮਨੋ-ਵਿਗਿਆਨਕ ਢੰਗ ਨਾਲ ਅੰਕਿਤ ਹੋਈਆਂ ਮਿਲਦੀਆਂ ਹਨ। ਜਾਗੀਰਦਾਰੀ ਸਮਾਜ ਵਿੱਚ ਕੀਤੀ ਜਾਂਦੀ ਇਸ਼ਕ ਦੀ ਵਿਰੋਧਤਾ, ਜਾਗੀਰਦਾਰਾਂ ਦੀਆਂ ਛੋਟੀਆਂ ਕਚਹਿਰੀਆਂ, ਵਿਆਹ ਦੀਆਂ ਰਸਮਾਂ, ਵਿੱਦਿਅਕ ਢੰਗ, ਕਰਾਮਾਤਾਂ, ਵਹਿਮਾਂ-ਭਰਮਾਂ ਵਿੱਚ ਵਿਸ਼ਵਾਸ਼ ਆਦਿ ਉਸ ਵਕਤ ਦੀ ਰਹਿਣੀ-ਬਹਿਣੀ ਦੇ ਚਿੰਨ੍ਹ ਭਲੀ ਪ੍ਰਕਾਰ ਦਰਸਾਏ ਗਏ ਹਨ। ਪੀਲੂ ਦੀ ਸਾਹਿਤਕ ਸੂਝ ਉਸ ਦੁਆਰਾ ਵਰਤੇ ਢੁਕਦੇ ਫਬਦੇ ਅਲੰਕਾਰਾਂ, ਪਿੰਗਲ ਦੀ ਵਿਉਂਤ ਤੇ ਅਟੱਲ ਸੱਚਾਈਆਂ ਤੋਂ ਪਤਾ ਚੱਲ ਜਾਂਦੀ ਹੈ।

**ਕਿੱਸੇ ਦਾ ਆਰੰਭ :** ਪੀਲੂ ਨੇ ਕਿੱਸੇ ਦਾ ਆਰੰਭ ਮੰਗਲਾਚਰਣ ਜਾਂ ਰੱਬ-ਰਸੂਲ ਨੂੰ ਧਿਆਉਣ ਦੀ ਥਾਂ ਤੇ ਸਿੱਧਾ ਹੀ ਸਾਹਿਬਾਂ ਦੇ ਖੀਵੇ ਖਾਨ ਦੇ ਘਰ ਜਨਮ ਲੈਣ ਤੋਂ ਸ਼ੁਰੂ ਕੀਤਾ ਹੈ, *"ਘਰ ਖੀਵੇ ਦੇ ਸਾਹਿਬਾਂ, ਜੰਮੀ ਮੰਗਲਵਾਰ, ਡੂਮ ਸੋਹਲੇ ਗਾਂਵਦੇ, ਖਾਨ ਖੀਵੇ ਦੇ ਬਾਰ।"*

ਪਰ ਅੱਠ ਤੁੱਕਾਂ ਦੇ ਬੰਦ ਦੇ ਅਖੀਰ ਵਿੱਚ ਪਹੁੰਚਦਿਆਂ ਪੀਲੂ ਨੇ ਸਾਹਿਬਾਂ ਦੇ ਜਨਮ, ਪਿਉ ਦਾ ਵੇਰਵਾ, ਸੁਹਰਾ ਪਰਿਵਾਰ, ਸਾਹਿਬਾਂ ਦੀ ਖੂਬਸੂਰਤੀ ਤੇ ਇਹ ਦੱਸ ਦਿੱਤਾ ਕਿ ਜਦੋਂ ਉਹ ਦੋ ਸਹੇਲੀਆਂ ਲੈ ਕੇ ਤੁਰਦੀ ਸੀ ਤਾਂ ਬਹਿਸ਼ਤ ਦੀਆਂ ਹੂਰਾਂ ਵੀ ਆਕੇ ਉਸ ਦਾ ਦੀਦਾਰ ਕਰਦੀਆਂ ਸਨ। ਇਸ ਤੋਂ ਅਗਲੇ ਬੰਦ ਵਿੱਚ ਮਿਰਜ਼ੇ ਦੇ ਜਨਮ ਦੇ ਨਾਲ ਹੀ ਉਸਦੇ ਖਰਲਾਂ ਦਾ ਸਰਦਾਰ ਹੋਣ, ਉਸਦੀ ਬਹਾਦਰੀ ਦੀ ਚਰਚਾ ਵੀ ਪੀਲੂ ਇਸ ਪ੍ਰਕਾਰ ਕਰਦਾ ਹੈ। *"ਘਰ ਵੰਝਲ ਦੇ ਮਿਰਜ਼ਾ ਜੰਮਿਆ, ਵਿੱਚ ਕਰੜੇ ਵਾਰ। ਇਸ਼ਕ ਨਿਸ਼ਾਨੀ ਦਿਸਦੀ, ਮੱਥੇ ਦੇ ਵਿਚਕਾਰ।"* ਇਹ ਪੀਲੂ ਦੀ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ ਕਿ ਉਹ ਵਧੇਰੇ ਬਿਆਨਾਂ ਦੇ ਪ੍ਰਗਟਾਅ ਵਿੱਚ ਨਾ ਪੈ ਕੇ ਥੋੜ੍ਹੇ ਵਿੱਚ ਬਹੁਤ ਗੱਲ ਸਪੱਸ਼ਟ ਕਰਦਾ ਹੈ। ਇਸ ਤੋਂ ਬਾਅਦ ਪੀਲੂ ਨੇ ਸਾਹਿਬਾਂ ਤੇ ਮਿਰਜ਼ੇ ਦਾ ਮਸੀਤ ਵਿੱਚ ਪੜ੍ਹਨਾ ਤੇ ਇਸ਼ਕ ਦੇ ਮਾਰਗ ਤੇ ਤੁਰਨਾ ਵੀ ਦਸ ਕੇ ਕਿੱਸੇ ਨੂੰ ਅਗਾਹ ਤੋਰਿਆ ਹੈ। ਇਹ ਜੁਗਤ ਸਪੱਸ਼ਟ ਰੂਪ ਵਿੱਚ ਵਰਤੀ ਗਈ ਹੈ। ਜਿਵੇਂ- *"ਸਾਹਿਬਾਂ ਪੜ੍ਹੇ ਪਟੀਆਂ, ਮਿਰਜ਼ਾ ਪੜ੍ਹੇ ਕੁਰਾਨ, ਵਿੱਚ ਮਸੀਤੇ ਲਗੀਆਂ, ਜਾਣੇ ਕੁਲ ਜਹਾਨ।"* ਆਰੰਭਕ ਬੰਦਾਂ ਦੀ ਚਾਲ ਇਕੋ ਜਿਹੀ ਨਜ਼ਰ ਆਉਂਦੀ ਹੈ। ਇਕ ਹੀ ਬੰਦ ਵਿਚ ਬਹੁਤ ਕੁਝ ਕਹਿ ਜਾਣਾ ਇੰਞ ਲਗਦਾ ਹੈ ਜਿਵੇਂ ਕੁੱਜੇ ਵਿੱਚ ਦਰਿਆ ਬੰਦ ਕਰਿਆ ਹੋਵੇ। ਬਾਕੀ ਬੰਦਾਂ ਵਿੱਚ ਸੰਵਾਦੀ ਰੰਗ ਭਰਿਆ ਨਜ਼ਰੀ ਪੈਂਦਾ ਹੈ ਜੋ ਅੰਤ ਤੱਕ ਕਾਇਮ ਰਹਿੰਦਾ ਹੈ। ਜਿਵੇਂ: ਸਾਹਿਬਾਂ ਤੇ ਕੰਮੂ ਬ੍ਰਾਹਮਣ ਦਾ ਸੰਵਾਦ, ਕੰਮੂ ਬ੍ਰਾਹਮਣ ਤੇ ਮਿਰਜ਼ੇ ਦਾ ਸੰਵਾਦ, ਸਾਹਿਬਾਂ ਦੇ ਸੁਨੇਹੇ ਤੋਂ ਬਾਅਦ ਮਿਰਜ਼ੇ ਦਾ ਆਪਣੀ ਭੈਣ, ਮਾਂ ਅਤੇ ਪਿਓ ਨਾਲ ਸੰਵਾਦ, ਮਿਰਜ਼ੇ ਦਾ ਸਾਹਿਬਾਂ ਦੇ ਪਿੰਡ ਪਹੁੰਚਣ ਤੇ ਘਰੋਂ ਉਧਾਲਣ ਸਮੇਂ ਤੋਂ ਬਾਅਦ ਦਾ ਸੰਵਾਦ। ਇੰਞ ਕਹਿ ਸਕਦੇ ਹਾਂ ਕਿ ਆਰੰਭਕ ਤਿੰਨ ਚਾਰ ਬੰਦ ਅਸਲ ਵਿੱਚ ਕਵੀ ਵਲੋਂ ਮਿਰਜ਼ੇ ਤੇ ਸਾਹਿਬਾਂ ਬਾਰੇ ਦਿੱਤਾ ਪਰਿਚੈਯ ਹੈ, ਲੋਕਾਂ ਨੂੰ, ਪਾਠਕਾਂ ਨੂੰ ਦਿੱਤੀ ਮੁੱਢਲੀ ਜਾਣਕਾਰੀ ਹੈ। ਅਸਲ ਕਿੱਸਾ ਸਾਹਿਬਾਂ ਦੇ ਕੰਮੂ ਬ੍ਰਾਹਮਣ ਹੱਥ ਸੁਨੇਹਾ ਭੇਜਣ ਤੋਂ ਹੀ ਆਰੰਭ ਹੁੰਦਾ ਹੈ।

**ਕਿੱਸੇ ਦਾ ਮੱਧ :** ਇਸ ਤੋਂ ਅਗਲੇ ਭਾਗ ਵਿੱਚ ਪੀਲੂ ਨੇ ਸਾਹਿਬਾਂ ਦੇ ਰੂਪ ਅਤੇ ਸ਼ਖਸ਼ੀਅਤ ਬਾਰੇ ਜ਼ਿਕਰ ਕੀਤਾ ਹੈ। ਸਾਹਿਬਾਂ ਦਾ ਚਰਿਤਰ ਕਿੱਸੇ ਵਿੱਚ ਅਜਿਹੀ ਮੁਟਿਆਰ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਜੋ ਆਪਣੇ ਫੈਸਲੇ ਆਪ ਕਰਨ ਵਿੱਚ ਯਕੀਨ ਰੱਖਦੀ ਹੈ। ਭਾਵੇਂ ਬਾਅਦ ਵਿੱਚ ਉਹ ਆਪਣੇ ਫੈਸਲੇ ਤੋਂ ਮੁਕਰਦੀ ਵਿਖਾਈ ਦਿੰਦੀ ਹੈ। ਇਸ ਪ੍ਰਕਾਰ ਪੀਲੂ ਕਿੱਸੇ ਵਿੱਚ ਸਾਹਿਬਾਂ ਦੇ ਮਨ ਦੀ ਡਾਵਾਡੋਲ ਸਥਿਤੀ ਬਾਰੇ ਜਾਣਕਾਰੀ ਮਿਲਦੀ

ਹੈ। ਜੋ ਕਿ ਆਪਣੇ ਫੈਸਲੇ ਤੇ ਡਾਵਾਡੋਲ ਹੁੰਦੀ ਵਿਖਾਈ ਦਿੰਦੀ ਹੈ। ਕਿੱਸੇ ਦੇ ਅੰਤ ਤੱਕ ਪਹੁੰਚਦਿਆਂ ਉਹ ਫੈਸਲੇ ਭਾਵੁਕਤਾ ਦੀ ਪੱਧਰ ਨਾਲ ਬਦਲ ਜਾਂਦੇ ਹਨ। ਇਸ ਪ੍ਰਕਾਰ ਕਿੱਸਾਕਾਰ ਨੇ ਭਾਵੁਕਤਾ ਨੂੰ ਵੀ ਅਹਿਮ ਸਥਾਨ ਦਿੱਤਾ ਹੈ। ਇਸ ਵਿਸ਼ੇ ਨੂੰ ਚੁਣਨ ਦਾ ਮੁਖ ਮਕਸਦ ਮਿਰਜ਼ੇ ਦੀ ਬਹਾਦਰੀ ਨੂੰ ਆਮ ਲੋਕਾਂ ਤੱਕ ਪਹੁੰਚਣਾ ਵੀ ਜਾਪਦਾ ਹੈ। ਮਿਰਜ਼ਾ ਖਰਲਾਂ ਦਾ ਸਰਦਾਰ, ਖੂਬਸੂਰਤੀ ਦੇ ਨਾਲ ਨਾਲ ਬਹਾਦਰ ਵੀ ਨਜ਼ਰ ਆਉਂਦਾ ਹੈ। ਉਸਨੂੰ ਆਪਣੇ ਤੇ ਯਕੀਨ ਹੈ। ਸਾਹਿਬਾਂ ਦਾ ਸੁਨੇਹਾ ਮਿਲਦੇ ਹੀ ਉਹ ਆਪਣਾ ਘਰ, ਪਰਿਵਾਰ, ਮਾਂ-ਪਿਉ ਆਦਿ ਸਾਰੇ ਰਿਸ਼ਤੇ ਭੁਲਾ ਕੇ ਸਾਹਿਬਾਂ ਨੂੰ ਉਧਾਲਣ ਤੁਰ ਪੈਂਦਾ ਹੈ। ਇਸੇ ਪ੍ਰਕਾਰ ਹੋਰ ਘਟਨਾਵਾਂ ਵੀ ਜ਼ਿਕਰਯੋਗ ਹਨ ਜਿਵੇਂ ਮਾਪਿਆਂ ਦਾ ਵਰਜਣਾ ਤੇ ਮੱਤਾ ਦੇਣਾ, ਮਿਰਜ਼ੇ ਦਾ ਹੱਠੀ ਹੋਣਾ, ਮਿਰਜ਼ੇ ਦਾ ਹਉਮੈ ਵਿੱਚ ਆਉਣਾ, ਵਿਆਹ ਵਾਲੇ ਦਿਨ ਸਾਹਿਬਾਂ ਨੂੰ ਕੱਢ ਲਿਆਉਣਾ, ਰਾਸਤੇ ਵਿੱਚ ਜੰਡ ਹੇਠ ਸੌਣਾ, ਚੰਧੜਾਂ ਦਾ ਪਿੱਛਾ ਕਰਨਾ, ਘੇਰਾ ਪੈਣਾ, ਸਾਹਿਬਾਂ ਦੀ ਹਰਕਤ, ਮਿਰਜ਼ੇ ਦੀ ਹੈਰਾਨੀ ਆਦਿ।

**ਕਿੱਸੇ ਦਾ ਅੰਤ :** ਇਸ ਭਾਗ ਵਿੱਚ ਕਿੱਸੇ ਦੇ ਸਿਖਰ ਨੂੰ ਪੇਸ਼ ਕੀਤਾ ਗਿਆ ਹੈ ਅਤੇ ਇਸ ਦਾ ਅੰਤ ਦੁਖਾਂਤ ਮਈ ਹੋ ਨਿਬੜਦਾ ਹੈ ਕਿਉਂਕਿ ਅੰਤ ਵਿੱਚ ਮਿਰਜ਼ਾ ਮਾਰਿਆ ਜਾਂਦਾ ਹੈ। ਅੰਤਲੇ ਭਾਗ ਵਿੱਚ ਕਿੱਸਾਕਾਰ ਹੋਣੀ ਦੇ ਬਲਵਾਨ ਹੋਣ ਬਾਰੇ ਜ਼ਿਕਰ ਕਰਦਾ ਹੈ। ਇਸੇ ਪ੍ਰਕਾਰ ਉਹ ਕਈ ਪ੍ਰਕਾਰ ਦੀਆਂ ਰੁਕਾਵਟਾਂ ਬਾਰੇ ਵੀ ਜ਼ਿਕਰ ਕਰਦਾ ਹੈ ਜਿਸ ਕਾਰਨ ਉਹਨਾਂ ਦੀ ਪ੍ਰੀਤ ਪ੍ਰਵਾਨ ਨਹੀਂ ਚੜ੍ਹ ਸਕੀ। ਪੀਲੂ ਦੇ ਆਪਣੇ ਵਿਚਾਰ ਅਨੁਸਾਰ ਮਿਰਜ਼ੇ ਅਤੇ ਸਾਹਿਬਾਂ ਦਾ ਮਿਲਨ ਰੱਬ ਵਲੋਂ ਹੋਣਾ ਹੀ ਨਿਸਚਿਤ ਨਹੀਂ ਸੀ। ਇਸ ਸੰਦਰਭ ਵਿੱਚ ਪੀਲੂ ਕਈ ਘਟਨਾਵਾਂ ਦਾ ਜ਼ਿਕਰ ਇਸ ਪ੍ਰਕਾਰ ਕਰਦਾ ਹੈ। ਜਿਵੇਂ: ਘੋੜੀ ਲੈ ਕੇ ਤੁਰਦੇ ਸਮੇਂ ਘੋੜੀ ਦਾ ਪੱਲਾ ਅਟਕਣਾ,(ਪੱਲੇ ਦਾ ਅਟਕਣਾ ਕੰਮ ਵਿੱਚ ਪੈਣ ਵਾਲੀ ਰੁਕਾਵਟ ਨੂੰ ਪ੍ਰਗਟ ਕਰਦਾ ਹੈ।) ਜੰਡ ਹੇਠ ਘੜੀ ਭਰ ਲਈ ਰੁਕਣਾ ਤੇ ਆਰਾਮ ਕਰਨਾ, ਸਾਹਿਬਾਂ ਦਾ ਉਸਦਾ ਤਰਕਸ਼ ਜੰਡ ਤੇ ਟੰਗ ਦੇਣਾ, ਅਜਿਹੀਆਂ ਘਟਨਾਵਾਂ ਜਾਪਦੀਆਂ ਹਨ ਜਿਨਾਂ ਤੇ ਮਨੁੱਖ ਦਾ ਆਪਣਾ ਜ਼ੋਰ ਨਾ ਰਿਹਾ ਹੋਵੇ। ਹੋਣੀ ਆਪ ਹੀ ਸਾਰੇ ਕੰਮ ਉਨ੍ਹਾਂ ਤੋਂ ਕਰਵਾਉਂਦੀ ਜਾਪਦੀ ਹੈ। ਇਸ ਤੋਂ ਬਿਨਾਂ ਇਸ ਰਚਨਾ ਵਿੱਚ ਪੰਜਾਬ ਦੇ ਮੱਧਕਾਲੀਨ ਸਮਾਜਿਕ ਜੀਵਨ ਦਾ ਇਕ ਸਾਕਾਰ ਚਿੱਤਰ ਵੀ ਪੇਸ਼ ਹੁੰਦਾ ਹੈ। ਇਸ ਪ੍ਰਕਾਰ ਮਿਰਜ਼ਾ ਸਾਹਿਬਾਂ ਦੀ ਪ੍ਰੇਮ ਕਹਾਣੀ ਨੂੰ ਵਿਸ਼ਾ ਬਣਾਉਣ ਤੋਂ ਇਲਾਵਾ ਕਈ ਹੋਰ ਉਪ ਵਿਸ਼ੇ ਵੀ ਪੇਸ਼ ਕੀਤੇ ਹਨ। ਜਿਵੇਂ ਦੋ ਰਾਜਪੂਤ ਜੱਟ ਜਾਤੀਆਂ ਦੇ ਪਰਸਪਰ ਵਿਰੋਧ ਰਾਹੀਂ ਸਾਮਿਅਕ ਸਮਾਜਿਕ ਜੀਵਨ ਦੇ ਵਿਭਿੰਨ ਪੱਖਾਂ ਤੇ ਪ੍ਰਕਾਸ਼ ਪਾਇਆ ਗਿਆ ਹੈ। ਇਹ ਕਿੱਸਾ ਉਸ ਯੁੱਗ ਦੀ ਝੂਠੀ ਅਣਖ ਦਾ ਦੁਖਾਂਤ ਹੋਣ ਕਾਰਨ ਮਿਰਜ਼ਾਂ ਸਾਹਿਬਾਂ ਦਾ ਦੁਖਾਂਤ ਯਥਾਰਥਕ ਦੁਖਾਂਤ ਬਣਦਾ ਹੈ।

**ਪਰਿਵਾਰਕ ਰਿਸ਼ਤੇ:** ਮਿਰਜ਼ਾ ਸਾਹਿਬਾਂ ਦੇ ਪ੍ਰਮੁੱਖ ਕਿੱਸਾਕਾਰਾਂ ਨੇ ਮੱਧਕਾਲੀ ਸਮਾਜ ਵਿੱਚ ਮੂਲ ਤੌਰ ਤੇ ਪਰਿਵਾਰਕ ਰਿਸ਼ਤਿਆਂ ਦਾ ਕੇਂਦਰ ਬਿੰਦੂ ਪਰਿਵਾਰ ਦੇ ਮੁਖੀ ਨੂੰ ਹੀ ਮੰਨਿਆ ਹੈ, ਉਹ ਆਪਣੇ ਜਾਗੀਦਾਰੀ ਸੁਭਾਅ ਅਨੁਸਾਰ ਆਪਣੇ ਖਾਨਦਾਨ ਨੂੰ ਆਪਣੇ ਆਲੇ ਦੁਆਲੇ ਦੇ ਸੰਦਰਭ ਵਿੱਚ ਸਮੂਹ ਪਰਿਵਾਰ ਨੂੰ ਚਲਾਉਣ ਦਾ ਯਤਨ ਕਰਦਾ ਸੀ। ਪੁੱਤਰ, ਭਰਾ, ਧੀ, ਪਤਨੀ ਆਦਿ ਸਭ ਪਰਿਵਾਰ ਦੇ ਮੁਖੀ ਦੇ ਅਧੀਨ ਹੁੰਦੇ ਸਨ। ਇਸੇ ਕਾਰਨ ਉਸ ਸਮੇਂ ਦੇ ਪਰਿਵਾਰਕ ਰਿਸ਼ਤਿਆਂ ਵਿੱਚ ਪਰਿਵਾਰ ਦੇ ਮੁਖੀ ਦਾ ਤਾਨਾਸ਼ਾਹੀ ਵਤੀਰਾ ਅਤੇ ਰਿਵਾਇਤਾਂ ਨਾਲ ਜੁੜੇ ਰਹਿਣ ਦੀ ਭਾਵਨਾ ਮਿਰਜ਼ਾ ਸਾਹਿਬਾਂ ਦੇ ਕਿੱਸਿਆਂ ਵਿਚੋਂ ਪ੍ਰਬਲ ਰੂਪ ਵਿੱਚ ਪ੍ਰਕਾਸ਼ਮਾਨ ਹੁੰਦੀ ਹੈ। ਜਿਵੇਂ ਪਿਓ ਦਾ ਆਪਣੇ ਪੁੱਤਰ ਪ੍ਰਤੀ ਹਮਦਰਦੀ ਵਾਲਾ ਪ੍ਰਗਟਾਵਾ ਮਿਲਦਾ ਹੈ, *"ਚੜ੍ਹਦੇ ਮਿਰਜ਼ੇ ਖਾਨ ਨੂੰ, ਵੰਝਲ ਦਿੰਦਾ ਮਤਿ। ਭੱਠ ਰੰਨਾ ਦੀ ਦੋਸਤੀ ਖੁਰੀ ਜਿਨਾ ਦੀ ਮਤਿ"* ਇਸ ਤੋਂ ਅਗਲੇ ਭਾਗ ਵਿੱਚ ਪੀਲੂ ਬਿਆਨ ਕਰਦਾ ਹੈ ਕਿ ਸਾਹਿਬਾਂ ਦੇ ਇਸ਼ਕ ਵਿੱਚ ਮਿਰਜ਼ਾ ਪੂਰਾ ਡੂੰਘਾ ਉਤਰਿਆ ਹੋਇਆ ਸੀ ਜੇਕਰ ਉਹ ਮਿਰਜ਼ੇ ਨੂੰ ਜ਼ਹਿਰ ਦਾ ਪਿਆਲਾ ਵੀ ਪੀਣ ਲਈ ਦੇਂਦੀ ਤਾਂ ਉਸਨੇ ਹੱਸਕੇ ਪੀ ਲੈਣਾ ਸੀ ਕਹਿਣ ਤੋਂ ਭਾਵ ਕਿ ਉਹ ਸਾਹਿਬਾਂ ਲਈ ਕੁਝ ਵੀ ਕਰਨ ਲਈ ਤਿਆਰ ਸੀ। ਇਹੋ ਕਾਰਨ ਹੈ ਕਿ ਅੰਤ ਵਿੱਚ ਸਾਹਿਬਾਂ ਦੀ ਬੇਵਫਾਈ ਕਾਰਨ ਮਿਰਜ਼ਾ ਜੰਡ ਹੇਠ ਵੱਢਿਆ ਗਿਆ। ਸੋ ਪੀਲੂ ਰਚਿਤ ਕਿੱਸਾ ਮਿਰਜ਼ਾ ਸਾਹਿਬਾਂ ਦਾ ਵਿਸ਼ੈਗਤ ਅਧਿਅਨ ਕਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਇਸ ਰਚਨਾ ਦੀ ਵਿਸ਼ੇ ਵਜੋਂ ਚੋਣ ਸਭ ਤੋਂ ਪਹਿਲਾਂ ਪੀਲੂ ਨੇ ਹੀ ਕੀਤੀ ਜਿਸ ਦਾ ਨਿਭਾਅ ਵੀ ਉਸਨੇ ਪੂਰਾ ਕੀਤਾ ਹੈ। ਭਾਵੇਂ ਉਸਦੀ ਕੋਈ ਹੋਰ ਲਿਖਤ ਪ੍ਰਾਪਤ ਨਹੀਂ ਹੁੰਦੀ ਫਿਰ ਵੀ ਪੀਲੂ ਇਹ

ਕਿੱਸਾ ਲਿਖਣ ਕਾਰਨ ਆਪਣੇ ਸਮਕਾਲੀ ਕਿੱਸਾਕਾਰਾਂ ਦੀ ਕਤਾਰ ਵਿੱਚ ਸਭ ਤੋਂ ਮੂਹਰੇ ਖੜ੍ਹਾ ਨਜ਼ਰੀ ਪੈਂਦਾ ਹੈ। ਲੋਕਾਂ ਨੂੰ ਅੱਜ ਵੀ ਮਿਰਜ਼ੇ ਦੇ ਕਈ ਬੰਦ ਜ਼ੁਬਾਨੀ ਯਾਦ ਹਨ। ਇਹ ਕਿੱਸਾ ਆਪਣੀ ਸਾਦ ਮੁਰਾਦੀ ਭਾਸ਼ਾ ਕਰਕੇ ਵੀ ਵਧੇਰੇ ਪ੍ਰਚਲਿਤ ਹੋਇਆ। ਸੋ ਅੰਤ ਵਿੱਚ ਅਸੀਂ ਕਹਿ ਸਕਦੇ ਹਾਂ_ਕਿ ਪੀਲੂ ਦੇ ਇਸ ਕਿੱਸੇ ਬਿਨਾਂ ਸਮੁੱਚਾ ਕਿੱਸਾ ਸਾਹਿਤ ਅਧੂਰਾ ਹੈ।

**ਸਮਾਜ ਸੱਭਿਆਚਾਰਕ ਪੱਖ:** ਸਮਾਜ ਸਿੱਕ ਅਜਿਹਾ ਸਮੂਹ ਹੈ ਜਿਸ ਵਿੱਚ ਸ਼ਾਮਿਲ ਮਨੁੱਖਾਂ ਦੀ ਪੱਧਰ ਲਗਭਗ ਇੱਕ ਹੀ ਹੁੰਦੀ ਹੈ, ਜਿਨਾਂ ਦੇ ਰਸਮ-ਰਿਵਾਜ਼ ਸਾਂਝੇ ਹੋਣ। ਅਜਿਹੇ ਵਿਅਕਤੀਆਂ ਦਾ ਰਹਿਣ ਸਹਿਣ, ਪੂਜਾ, ਸਮਾਜਿਕ ਕੀਮਤਾਂ ਅਤੇ ਵਿਚਾਰ ਰਲਦੇ ਮਿਲਦੇ ਹਨ। ਡਾ.ਗੁਰਬਖਸ਼ ਸਿੰਘ ਫਰੈਂਕ ਅਨੁਸਾਰ,"ਸਭਿਆਚਾਰ ਇੱਕ ਜੁੱਟ ਅਤੇ ਜਟਿੱਲ ਸਿਸਟਮ ਹੈ। ਜਿਸ ਵਿੱਚ ਕਿਸੇ ਮਨੁੱਖੀ ਸਮਾਜ ਦੇ ਨਿਸਚਿਤ ਇਤਿਹਾਸਕ ਪੜਾਅ ਉੱਤੇ ਪ੍ਰਚਲਿਤ ਕਦਰਾਂ ਕੀਮਤਾਂ ਅਤੇ ਉਨ੍ਹਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਿਲ ਹੁੰਦੇ ਹਨ" ਪੀਲੂ ਦੇ ਇਸ ਕਿੱਸੇ ਵਿੱਚ ਸਮਾਜ ਅਤੇ ਸਭਿਆਚਾਰ ਦੀ ਪੇਸ਼ਕਾਰੀ ਬਹੁਤ ਵਧੀਆ ਕੀਤੀ ਗਈ ਹੈ। ਉਸ ਸਮੇਂ ਜਾਗੀਰਦਾਰੀ ਪ੍ਰਬੰਧ ਦਾ ਬੋਲਬਾਲਾ ਸੀ। ਪਰਿਵਾਰ ਦਾ ਮੁੱਖੀ ਹੀ ਸਾਰੇ ਫੈਸਲੇ ਲੈਂਦਾ ਸੀ। ਉਸਨੂੰ ਪਰਿਵਾਰਕ ਰਿਸ਼ਤਿਆ ਦਾ ਕੇਂਦਰ ਬਿੰਦੂ ਮੰਨਿਆ ਜਾਂਦਾ ਸੀ। ਪੂਰਾ ਪਰਿਵਾਰ ਉਸਦੇ ਅਧੀਨ ਰਹਿੰਦਾ ਸੀ। ਇਸ ਪ੍ਰਕਾਰ ਦਾ ਪ੍ਰਗਟਾਵਾ ਇਸ ਕਿੱਸੇ ਵਿੱਚ ਵੀ ਮਿਲਦਾ ਹੈ।

**ਭੈਣ ਭਰਾ ਦਾ ਰਿਸ਼ਤਾ : ਉ**ਸ ਸਮੇਂ ਭੈਣ ਭਰਾ ਦਾ ਰਿਸ਼ਤਾ ਅਪਣੱਤ ਭਰਿਆ ਹੁੰਦਾ ਸੀ। ਭੈਣ ਨੂੰ ਆਪਣੇ ਭਰਾ ਤੇ ਮਾਣ ਹੈ ਇਸੇ ਲਈ ਉਹ ਆਪਣੇ ਭਰਾ ਦਾ ਵਿਆਹ ਆਪਣੇ ਹੱਥੀ ਕਰਨਾ ਲੋਚਦੀ ਹੈ। ਇਸੇ ਪ੍ਰਕਾਰ ਪਿਤਾ, ਮਾਂ ਦੇ ਰਿਸ਼ਤੇ ਦਾ ਵਰਣਨ ਵੀ ਮਿਲਦਾ ਹੈ। ਇਨ੍ਹਾਂ ਰਿਸ਼ਤਿਆਂ ਨੂੰ ਕਿੱਸਾਕਾਰ ਨੇ ਪੂਰੀ ਗਹਿਰਾਈ ਨਾਲ ਸਮਝਿਆ, ਵਾਚਿਆ ਤੇ ਫਿਰ ਬਿਆਨਿਆ ਵੀ ਹੈ। ਇਹ ਰਿਸ਼ਤੇ ਕਈ ਵਾਰ ਟੁੱਟਦੇ ਜੁੜਦੇ ਵੀ ਹਨ ਤੇ ਕਈ ਨਾਜ਼ੁਕ ਸਥਿਤੀਆਂ ਵਿੱਚ ਬਦਲਦੇ ਵੀ ਵਿਖਾਈ ਦਿੰਦੇ ਹਨ।

**ਹੋਰ ਸਮਾਜਿਕ ਰਿਸ਼ਤੇ :** ਇਸ ਕਿੱਸੇ ਵਿੱਚ ਉਕਤ ਪਰਿਵਾਰਕ ਰਿਸ਼ਤਿਆਂ ਤੋਂ ਛੁੱਟ ਕੁਝ ਹੋਰ ਮਾਨਵੀ ਤੇ ਸਮਾਜਿਕ ਰਿਸ਼ਤਿਆਂ ਦਾ ਜ਼ਿਕਰ ਵੀ ਮਿਲਦਾ ਹੈ। ਇਨ੍ਹਾਂ ਨੂੰ ਕਿੱਸਾਕਾਰ ਨੇ ਬੜੀ ਬਾਰੀਕੀ ਨਾਲ ਬਿਆਨਿਆਂ ਹੈ। ਮਿਰਜ਼ਾ ਆਪਣੀ ਧਰਮ ਦੀ ਮਾਸੀ ਬੀਬੋ ਦੀ ਮਦਦ ਨਾਲ ਸਾਹਿਬਾਂ ਨੂੰ ਉਧਾਲਣ ਵਿੱਚ ਕਾਮਯਾਬ ਹੋ ਜਾਂਦਾ ਹੈ। ਇਸੇ ਤਰ੍ਹਾ ਮਿਰਜ਼ਾ ਲੁਹਾਰ ਨੂੰ ਆਪਣਾ ਧਰਮ ਦਾ ਭਰਾ ਮੰਨ ਕੇ ਉਸ ਤੋਂ ਆਪਣਾ ਕੰਮ ਕਰਵਾਉਂਦਾ ਹੈ। ਮਤਰੇਈ ਮਾਂ ਦੇ ਨਿੰਦਨੀਯ ਰਿਸ਼ਤੇ ਦੀ ਗੱਲ ਕੁਝ ਕਿੱਸਾਕਾਰਾਂ ਨੇ ਕੀਤੀ ਹੈ। ਉਸ ਵਿੱਚ ਕੇਵਲ ਕਰੂਪ ਪੱਖ ਦਾ ਹੀ ਵਰਣਨ ਮਿਲਦਾ ਹੈ। ਇਸ ਦੇ ਇਲਾਵਾ ਮੰਗੇਤਰਾਂ ਦਾ ਜ਼ਿਕਰ ਵੀ ਕਿੱਸੇ ਵਿੱਚ ਆਇਆ ਹੈ ਜੋ ਕਿ ਸਾਹਿਬਾਂ ਨਾਲ ਮੰਗਿਆ ਹੋਣ ਕਾਰਨ ਉਸ ਅੰਦਰ ਅਪਣੱਤ ਦੀ ਭਾਵਨਾ ਜਾਗਦੀ ਹੈ ਤੇ ਉਹ ਮਿਰਜ਼ੇ ਦਾ ਵਿਰੋਧ ਕਰਨ ਲਈ ਤੇ ਧਾਵਾ ਬੋਲਣ ਲਈ ਤਿਆਰ ਵਰ ਤਿਆਰ ਦਿਖਾਈ ਦਿੰਦਾ ਹੈ। ਪੰਜਾਬੀ ਸਮਾਜ ਵਿਚਲੀ ਅੱਜ ਦੀ ਸ਼ਰੀਕੇਬਾਜ਼ੀ ਉਸ ਸਮੇਂ ਵੀ ਵਿਦਮਾਨ ਸੀ। ਪੀਲੂ ਦੇ ਕਿੱਸੇ ਵਿੱਚ ਸਮੇਂ ਦੇ ਸਮਾਜ ਦੇ ਵੱਖ ਵੱਖ ਮਾਨਵੀ ਰਿਸ਼ਤਿਆਂ ਦੇ ਪਿਛੋਕੜ ਅਤੇ ਅਜਿਹੇ ਰਿਸ਼ਤਿਆਂ ਦੀਆਂ ਭਾਵਨਾਵਾਂ ਦਾ ਵੀ ਪਤਾ ਚੱਲਦਾ ਹੈ। ਸਮੇਂ ਦੇ ਬਦਲਣ ਨਾਲ ਕਿਵੇਂ ਇਕ ਦਮ ਮਨੁੱਖੀ ਰਿਸ਼ਤੇ ਬਦਲ ਜਾਂਦੇ ਹਨ। ਔਰਤ ਅਤੇ ਮਰਦ ਦਾ ਆਪਸੀ ਰਿਸ਼ਤਾ ਹੋਰ ਦਿਸ਼ਾ ਅਖਤਿਆਰ ਕਰ ਲੈਂਦਾ ਹੈ। ਇਸੇ ਪ੍ਰਕਾਰ ਅਣਖ ਅਤੇ ਸਵੈ ਮਾਣ ਦਾ ਸਵਾਲ ਮਨੁੱਖ ਲਈ ਹਰੇਕ ਸਮੇਂ ਵਿੱਚ ਵੰਗਾਰ ਬਣਿਆ ਰਿਹਾ ਹੈ। ਇਹ ਸਵਾਲ ਜਿਨਾਂ ਅੱਜ ਦੇ ਮਨੁੱਖ ਨੂੰ ਟੁੰਬਦਾ ਹੈ ਉਨਾਂ ਹੀ ਉਸ ਸਮੇਂ ਭਾਵ ਮੱਧਕਾਲ ਦੇ ਮਨੁੱਖ ਨੂੰ ਟੁੰਬਦਾ ਸੀ। ਇਸੇ ਪ੍ਰਕਾਰ ਹਰ ਸਮੇਂ ਦੇ ਮਾਪੇ ਆਪਣੀ ਲੜਕੀ ਲਈ ਫਿਕਰਮੰਦ ਰਹੇ ਹਨ।

**ਔਰਤ ਦੀ ਸਥਿਤੀ :** ਪੁਰਸ਼ ਪ੍ਰਧਾਨ ਸਮਾਜ ਵਿੱਚ ਔਰਤ ਦੀ ਸਥਿਤੀ ਭੈੜੀ ਸੀ। ਸਾਮੰਤੀ ਸਮਾਜ ਵਿੱਚ ਇਸਤਰੀ ਨੂੰ ਬਹੁਤ ਹੀ ਨੀਵਾਂ ਦਰਜਾ ਪ੍ਰਾਪਤ ਸੀ। ਉਸ ਨੂੰ ਧੋਖੇਬਾਜ਼, ਫਰੇਬੀ ਤੇ ਕਾਮ ਦੀ ਪੁਤਲੀ ਸਮਝਿਆ ਜਾਂਦਾ ਸੀ। ਸਾਹਿਬਾਂ ਮਿਰਜ਼ੇ ਨੂੰ ਸੁਨੇਹਾ ਭੇਜ ਕੇ ਬੁਲਾਉਂਦਾ ਹੈ ਤੇ ਬੂਹੇ ਬੈਠੀ ਜੰਝ ਦੇ ਹੁੰਦਿਆਂ ਮਿਰਜ਼ੇ ਨਾਲ

ਉਧਲਦੀ ਹੈ, ਪਰ ਫਿਰ ਵੀ ਨਿੰਦਿਆ ਦੀ ਭਾਗੀ ਬਣਦੀ ਹੈ। ਪੀਲੂ ਨੇ ਆਪਣੇ ਇਸ ਕਿੱਸੇ ਵਿੱਚ ਥਾਂ ਥਾਂ ਇਸਤਰੀ ਦੀ ਨਿੰਦਿਆ ਕੀਤੀ ਹੈ,*"ਬੁਰੇ ਸਿਆਲਾਂ ਦੇ ਮਾਮਲੇ ਬੁਰੇ ਸਿਆਲਾਂ ਦੇ ਰਾਹ। ਬੁਰੇ ਸਿਆਲਾਂ ਦੀਆਂ ਔਰਤਾਂ ਜਾਦੂ ਲੈਂਦੀਆਂ ਪਾ।"* ਪੀਲੂ ਨੇ ਪੰਜਾਬੀ ਕਿੱਸਾ-ਕਾਵਿ ਵਿੱਚ ਅਜਿਹੀ ਇਸਤਰੀ ਨਿੰਦਿਆ ਦੀ ਅਜਿਹੀ ਲੀਹ ਪਾਈ ਕੋਈ ਕਿੱਸਾਕਾਰ ਇਸ ਤੋਂ ਲਾਂਭੇ ਨਾ ਜਾ ਸਕਿਆ। ਕਿੱਸਿਆ ਵਿੱਚ ਇਸਤਰੀ ਨੂੰ ਪ੍ਰੇਮਿਕਾ ਦੇ ਰੂਪ ਵਿੱਚ ਚਿਤਰਿਆ ਗਿਆ ਹੈ ਤੇ ਉਸ ਦੀ ਨਿੰਦਿਆ ਕੀਤੀ ਗਈ ਹੈ ਪਰ ਮਾਂ ਦੇ ਰੂਪ ਵਿੱਚ ਇਸਤਰੀ ਦੀ ਤਾਰੀਫ ਕੀਤੀ ਗਈ ਹੈ।

**ਸਮਾਜਿਕ ਨੈਤਿਕਤਾ :** ਮਿਰਜ਼ਾ ਸਾਹਿਬਾਂ ਇਸ ਕਿੱਸੇ ਅਨੁਸਾਰ ਸਮਾਜਿਕ ਨੈਤਿਕਤਾ ਤੋਂ ਬਗਾਵਤ ਕਰਦੇ ਹਨ। ਸਾਹਿਬਾਂ ਮਾਈਏ ਪੈਣ ਪਿੱਛੋਂ ਮਿਰਜ਼ੇ ਨਾਲ ਉਧਲ ਜਾਂਦੀ ਹੈ। ਮਿਰਜ਼ੇ ਦੇ ਪਿਓ, ਮਾਂ ਤੇ ਭੈਣ ਸਭ ਇਸ ਕਾਰਨ ਨੂੰ ਅਨੈਤਿਕ ਸਮਝਦੇ ਹੋਏ, ਉਸਨੂੰ ਰੋਕਣ ਦਾ ਯਤਨ ਕਰਦੇ ਹਨ। ਇਸ ਕਿੱਸੇ ਦੇ ਪਾਤਰਾਂ ਨੂੰ ਅਤੇ ਘਟਨਾਵਾਂ ਨੂੰ ਨੈਤਿਕ ਕਦਰਾਂ ਕੀਮਤਾਂ ਦੀ ਦ੍ਰਿਸ਼ਟੀ ਤੋਂ ਵਾਚੀਏ ਤਾਂ ਉਹ ਬਗਾਵਤੀ ਸੁਰ ਵਿੱਚ ਨਜ਼ਰੀ ਪੈਂਦੇ ਹਨ। ਚੋਰੀ ਦੇ ਇਸ਼ਕ ਨੂੰ ਉਨ੍ਹੀਂ ਦਿਨੀਂ ਅਤਿ ਦਰਜੇ ਦਾ ਅਨੈਤਿਕ ਕਰਮ ਮੰਨਿਆ ਜਾਂਦਾ ਸੀ ਪਰ ਮਿਰਜ਼ਾ ਸਾਹਿਬਾਂ ਸਮਾਜਿਕ ਨੈਤਿਕਤਾ ਦੇ ਅਮੂਲਾਂ ਦੀ ਉਲੰਘਣਾ ਕਰਦੇ ਹਨ। ਜੇ ਅਸੀਂ ਉਨ੍ਹਾਂ ਦੇ ਇਨ੍ਹਾਂ ਕਰਮਾਂ ਨੂੰ ਸਮਾਜੀ ਪ੍ਰਬੰਧ ਦੇ ਸੰਦਰਭ ਵਿੱਚੋਂ ਬਾਹਰ ਕੱਢ ਕੇ ਵੇਖਦੇ ਹਾਂ ਤਾਂ ਉਹ ਅਨੈਤਿਕ ਨਾ ਹੋ ਕੇ ਨਵੀਂ ਅਤੇ ਪੁਰਾਣੀ ਪੀੜ੍ਹੀ ਦੇ ਵਿਚਾਰਧਾਰਾਈ ਅੰਤਰ ਤੋਂ ਉਪਜਿਆ ਖਲਾਅ ਹੈ, ਜੋ ਸਮਾਜ ਦੀਆਂ ਨਜ਼ਰਾਂ ਵਿੱਚ ਅਨੈਤਿਕ ਹੋਣ ਦੇ ਬਾਵਜੂਦ ਵੀ ਪਾਤਰਾਂ ਦੀ ਵਿਅਕਤੀਗਤ ਰੂਪ ਵਿੱਚ ਕੀਤੀ ਬਗ਼ਾਵਤ ਹੈ। ਉਸ ਸਮੇਂ ਦੇ ਵਿੱਦਿਅਕ ਢੰਗ ਦੀ ਤਸਵੀਰ ਵੀ ਮਿਰਜ਼ਾਂ ਸਾਹਿਬਾਂ ਦੇ ਕਿੱਸਿਆਂ ਵਿੱਚੋਂ ਪ੍ਰਤੀਬਿੰਬਤ ਹੋਈ ਹੈ। *ਡਾ.ਵਿਸ਼ਵਨਾਥ ਤਿਵਾੜੀ ਦੇ ਵਿਚਾਰ ਅਨੁਸਾਰ,"ਪੀਲੂ ਦੀ ਇਸ ਰੁਮਾਂਟਿਕ ਕਹਾਣੀ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਜਿਸ ਤਰ੍ਹਾਂ ਸਮਾਜ ਨੂੰ ਵੇਖਿਆ ਹੈ, ਉਸੇ ਤਰ੍ਹਾਂ ਹੀ ਚਿਤਰਿਆ ਹੈ।*

**ਹਿੰਦੂ ਸਮਾਜ :** ਹਿੰਦੂ ਸਮਾਜ ਵਿੱਚ ਬ੍ਰਾਹਮਣਾਂ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਮੁਸਲਮਾਨੀ ਰਾਜ ਸਥਾਪਿਤ ਹੋਣ ਉਪਰੰਤ ਬ੍ਰਾਹਮਣਾਂ ਦਾ ਦਰਜਾ ਘੱਟ ਗਿਆ। ਉਹ ਰੋਟੀ ਖਾਤਰ ਕੰਮੀਆਂ ਦਾ ਕੰਮ ਕਰਨ ਲੱਗ ਪਏ ਸਨ। ਇਸੇ ਪ੍ਰਕਾਰ ਸਾਹਿਬਾਂ ਦਾ ਮਿਰਜ਼ੇ ਨੂੰ ਕਰਮੂੰ ਬ੍ਰਾਹਮਣ ਰਾਂਹੀ ਸੁਨੇਹਾ ਭੇਜਦੀ ਹੈ, ਉਸਨੂੰ ਕਈ ਪ੍ਰਕਾਰ ਦੇ ਲਾਲਚ ਵੀ ਦਿੰਦੀ ਹੈ ਜਿਵੇਂ:

*"ਤੂੰ ਸੁਣ ਕਮੂ ਬ੍ਰਾਹਮਣਾ ਕਦੀਨਾ ਆਇਆ ਕਾਮ, ਘੋੜੀ ਦਿਆਂ ਤੇਰੇ ਚੜ੍ਹਨ ਨੂੰ ਕਾਠੀ ਸਣੇ ਲਗਾਮ। ਹਥੋਂ ਦਿਆਂ ਚੂੜੀਆਂ ਸੋਨਾ ਕਰਦੀ ਦਾਨ। ਝੋਟੀ ਦਿਆਂ ਦੁਧ ਪੀਣ ਨੂੰ, ਹਲ ਦੀ ਜ਼ਿਮੀ ਇਨਾਮ।"*

ਇਸ ਪ੍ਰਕਾਰ ਇਸ ਕਿੱਸੇ ਵਿੱਚ ਜੱਟ ਬਰਾਦਰੀ ਬਾਰੇ ਵੀ ਭਰਪੂਰ ਜਾਣਕਾਰੀ ਮਿਲਦੀ ਹੈ। ਮਿਰਜ਼ਾਂ ਤੇ ਸਾਹਿਬਾਂ ਦੋਵੇਂ ਜੱਟ ਬ੍ਰਾਦਰੀ ਨਾਲ ਸੰਬੰਧਿਤ ਹਨ। ਇਸ ਕਿੱਸੇ ਦੇ ਕਈ ਬੰਦਾਂ ਵਿੱਚ 'ਜੱਟ' ਸ਼ਬਦ ਨਾਲ ਸੰਬੋਧਨ ਵੀ ਕੀਤਾ ਗਿਆ ਹੈ। ਮਿਰਜ਼ੇ ਅਤੇ ਸਾਹਿਬਾਂ ਨੂੰ ਉਹਨਾਂ ਦੇ ਗੋਤਾਂ ਨਾਲ ਵੀ ਸੰਬੋਧਨ ਕੀਤਾ ਗਿਆ ਹੈ।

**ਰਸਮ ਰਿਵਾਜ :** ਸਮਾਜ ਵਿੱਚ ਵਿਚਰਦਾ ਮਨੁੱਖ ਸਮਾਜੀ ਬੰਧਨ ਵਿੱਚ ਬੱਝ ਕੇ ਰਹਿਣ ਲਈ ਮਜ਼ਬੂਰ ਸੀ। ਸਮਾਜ ਵਿੱਚ ਵਿਚਰਦਿਆਂ ਮਨੁੱਖ ਕਈ ਤਰ੍ਹਾ ਦੀਆਂ ਰਹੁ-ਰੀਤਾਂ ਤੇ ਰਸਮ ਰਿਵਾਜ਼ਾਂ ਦਾ ਅਨੁਸਰਣ ਕਰਦਾ ਹੈ ਜਿਨ੍ਹਾਂ ਨੂੰ ਮੰਨਣਾ ਉਸ ਲਈ ਸਮਾਜਿਕ ਮਰਿਆਦਾ ਅਨੁਕੂਲ ਜ਼ਰੂਰੀ ਵੀ ਹੁੰਦਾ। ਇਸ ਕਿੱਸੇ ਵਿੱਚ ਵੀ ਅਜਿਹੀਆਂ ਕੁਝ ਰਸਮਾਂ ਅਤੇ ਰਿਵਾਜ਼ਾਂ ਦਾ ਜ਼ਿਕਰ ਮਿਲਦਾ ਹੈ। ਵਿਆਹ ਸਮੇਂ ਵੀ ਕੰਮੀ ਜਾਂ ਬ੍ਰਾਹਮਣ ਰਾਹੀਂ ਵਿਆਹ ਦੀ ਇਤਲਾਹ ਘਰ ਘਰ ਭੇਜੀ ਜਾਂਦੀ ਸੀ ਤੇ ਇਸ ਨੂੰ ਗੰਢ ਫੇਰਨਾ ਕਹਿੰਦੇ ਸਨ। ਇਸੇ ਪ੍ਰਕਾਰ ਹੋਰ ਜਿਵੇਂ ਕੇਸਰ ਛਿੜਕਣਾ, ਲੜਕੀ ਨੂੰ ਖਾਰਿਉ ਲਹਾਉਂਣਾ, ਤੇਲ ਫੁਲੇਲ ਮਲਣੇ, ਮੇਢੀਆਂ ਗੁੰਦਣਾ, ਮਾਂਗ ਵਿੱਚ ਸੰਧੂਰ ਭਰਨਾ ਆਦਿ ਰਸਮਾਂ ਜ਼ਿਕਰਯੋਗ ਹਨ।

**ਇਸ਼ਕ ਸਿਧਾਂਤ :** ਪੀਲੂ ਦੇ ਮਿਰਜ਼ੇ ਵਿੱਚ ਇਸ਼ਕ ਨੂੰ ਸਮਾਜ ਇੱਕ ਚਨੌਤੀ ਦੇ ਰੂਪ ਵਿੱਚ ਲੈਂਦਾ ਹੈ। ਮਿਰਜ਼ਾ ਆਪਣੇ ਪਿਆਰ ਨੂੰ ਪ੍ਰਵਾਨ ਚੜ੍ਹਾਉਣ ਲਈ ਸਮਾਜਿਕ ਬੰਧਨਾਂ ਨੂੰ ਤੋੜ ਕੇ ਸਾਹਿਬਾਂ ਦਾ ਉਧਾਲਾ ਕਰਦਾ ਹੈ। ਸਾਹਿਬਾਂ ਵੀ ਵਿਆਹ ਤੋਂ ਪਹਿਲਾਂ ਇਸ ਉਧਾਲੇ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਜਾਗੀਰਦਾਰੀ

ਨਿਜ਼ਾਮ ਵਿੱਚ ਇਸ਼ਕ ਕਰਨ ਦੀ ਖੁੱਲ ਨਹੀਂ ਸੀ। ਸਮਾਜਿਕ ਸੰਸਥਾਵਾਂ ਇਸ ਦੇ ਵਿਰੁਧ ਇਕੱਲੇ ਲੜਦੇ ਸਨ। ਇਸ ਦਾ ਸਿੱਟਾ ਅੰਤ ਮੌਤ ਹੁੰਦਾ ਹੈ। ਭੂਗੋਲਿਕ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪੰਜਾਬ ਨੂੰ ਹਮਲਾਵਰਾਂ ਦਾ ਟਾਕਰਾ ਕਰਨਾ ਪੈਦਾ ਸੀ। ਜਿਸ ਕਾਰਨ ਪੰਜਾਬ ਦੇ ਵਾਸੀ ਦ੍ਰਿੜ ਇਰਾਦੇ, ਬੁਲੰਦ ਹੌਸਲੇ ਅਤੇ ਸੂਰਮਗਤੀ ਵਰਗੇ ਗੁਣ ਲੈ ਕੇ ਦ੍ਰਿਸ਼ਟਮਾਨ ਹੋਏ ਹਨ। ਪੰਜਾਬੀਆਂ ਦੀਆਂ ਸੂਰਬੀਰਤਾਂ ਦੀਆਂ ਕਹਾਣੀਆਂ ਪ੍ਰਸਿੱਧ ਹਨ। ਇਸ ਸੂਰਬੀਰਤਾ ਦੇ ਨਾਲ ਨਾਲ ਖੁੱਲ ਦਿਲੇ ਹੋਣਾ ਅਤੇ ਬੇ-ਪ੍ਰਵਾਹੀ ਦੋ ਹੋਰ ਅਜਿਹੇ ਗੁਣ ਹਨ ਜੋ ਇਸ ਸੂਰਮਗਤੀ ਦੀ ਭਾਵਨਾ ਨੂੰ ਵਧੇਰੇ ਪ੍ਰਬਲ ਕਰਦੇ ਹਨ। ਇਸ਼ਕ ਦੇ ਖੇਤਰ ਵਿੱਚ ਵੀ ਇਹ ਸੂਰਮਗਤੀ ਆਪਣਾ ਕਰਮ ਧਰਮ ਸਮਝ ਕੇ ਨਿਭਾਈ ਜਾਂਦੀ ਹੈ। ਅਸਲ ਵਾਸਤਵ ਵਿੱਚ ਇਸ਼ਕ ਉਤੇ ਜੰਗ, ਬੀਰਤਾ ਅਤੇ ਆਸ਼ਕੀ ਇੱਕ ਦੂਜੇ ਨਾਲ ਜੁੜੇ ਹੋਏ ਅੰਗ ਹਨ। ਜਿਨ੍ਹਾਂ ਦੀ ਸਾਂਝ ਪੰਜਾਬੀਆਂ ਨੂੰ ਦੋਹਾਂ ਖੇਤਰਾਂ ਵਿੱਚ ਮਹਾਨਤਾ ਦੁਆਉਂਦੀ ਹੈ। ਪੀਲੂ ਨੇ ਵੀ ਮਿਰਜ਼ੇ ਨੂੰ ਇੱਕ ਸੂਰਮਾ, ਬੇ-ਪ੍ਰਵਾਹ ਅਤੇ ਸਾਹਿਬਾਂ ਨੂੰ ਇੱਕ ਹਿੰਮਤੀ ਔਰਤ ਵਜੋਂ ਪੇਸ਼ ਕੀਤਾ ਹੈ।

**ਲੋਕ ਵਿਸ਼ਵਾਸ਼, ਪਹਿਰਾਵਾ, ਗਹਿਣੇ :** ਇਸ ਕਿੱਸੇ ਵਿੱਚ ਵਿਸ਼ਵਾਸ਼ਾਂ ਦੀ ਭਰਮਾਰ ਹੈ ਤਾਂ ਇਸ ਵਿੱਚ ਕੋਈ ਅਤਿ ਕਥਨੀ ਨਹੀਂ ਹੋਵੇਗੀ। ਜਿਵੇਂ ਇਸ ਵਿੱਚ ਕਈ ਪ੍ਰਕਾਰ ਦੇ ਸ਼ਗਨਾਂ, ਅਪਸ਼ਗਨਾਂ ਦਾ ਵਰਣਨ ਵੀ ਮਿਲਦਾ ਹੈ। ਹੋਣੀ, ਲੇਖਾਂ, ਕਿਸਮਤ ਵਿੱਚ ਵਿਸ਼ਵਾਸ਼ ਦਾ ਜ਼ਿਕਰ ਵੀ ਮਿਲਦਾ ਹੈ। ਇਸਦੇ ਨਾਲ ਹੀ ਪੀਰਾਂ ਫਕੀਰਾਂ ਦੀ ਅਰਾਧਨਾ ਦਾ ਵੀ ਜ਼ਿਕਰ ਮਿਲਦਾ ਹੈ। ਇਸੇ ਪ੍ਰਕਾਰ ਜਨਮ, ਮਰਨ, ਵਿਆਹ, ਸਰਾਧ, ਰਿਸ਼ਤੇ, ਸੁੰਦਰਤਾ ਸੰਬੰਧੀ ਵਿਸ਼ਵਾਸ਼, ਔਰਤਾਂ ਦੀ ਨਖੇਧੀ ਕਿਉਂਕਿ ਔਰਤਾਂ ਦੀ ਘੱਟ ਸਮਝ ਵਿੱਚ ਵਿਸ਼ਵਾਸ਼ ਕੀਤਾ ਜਾਂਦਾ ਸੀ। ਇਸ ਕਿੱਸੇ ਵਿੱਚ ਪਹਿਰਾਵੇ ਅਤੇ ਗਹਿਣਿਆਂ ਦਾ ਵਰਣਨ ਵੀ ਹੋਇਆ ਮਿਲਦਾ ਹੈ। ਉਸ ਸਮੇਂ ਪਗੜੀ ਦਾ ਰਿਵਾਜ਼ ਸੀ ਤੇ ਇਸ ਨੂੰ ਹਮੇਸ਼ਾ ਇੱਜ਼ਤ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਜਿਵੇ ਇਸ ਦਾ ਹਵਾਲਾ ਕਿੱਸੇ ਵਿਚੋਂ ਵੀ ਦੇਖਣ ਨੂੰ ਮਿਲਦਾ ਹੈ:

*"ਮੂੰਹ ਨਾਲ ਲਾਹੇ ਪੱਗੜੀਆਂ, ਫੱਟ ਕੇ ਸੁੱਟੇ ਅਵਾਣ।*
*ਬੱਕੀ ਲਾਹੀਆਂ ਪੱਗੜੀਆਂ,ਵੇਖੀ ਨਾ ਕਿਸੇ ਦੀ ਲਾਜ।"*

ਵਿਆਹ ਸ਼ਾਦੀਆਂ ਸਮੇਂ ਵਿਸ਼ੇਸ਼ ਪ੍ਰਕਾਰ ਦੇ ਕੱਪੜੇ ਪਹਿਨੇ ਜਾਂਦੇ ਸਨ। ਕੁੜੀਆਂ ਸਾਲੂ ਪਹਿਨਦੀਆਂ ਸਨ। ਇਸ ਦੇ ਇਲਾਵਾ ਕੁੜੀਆਂ ਵੰਗਾਂ, ਝਾਂਜਰਾਂ ਹਮੇਲ ਪਾਈਆਂ ਜਾਂਦੀਆਂ ਸਨ।

**ਮਨੋਰੰਜਨ, ਖਾਣ ਪੀਣ, ਲੋਕ ਕਿੱਤੇ :** ਇਸ ਕਿਤੇ ਵਿੱਚ ਮਨੋਰੰਜਨ ਦੇ ਕਈ ਸਾਧਨਾ ਦਾ ਵਰਣਨ ਮਿਲਦਾ ਹੈ ਜਿਵੇਂ ਜਨਮ ਸਮੇਂ ਅਤੇ ਵਿਆਹ ਸਮੇਂ ਡੱਚ ਗਾ ਕੇ ਖੁਸ਼ੀਆਂ ਮਨਾਉਂਦੇ ਸਨ। ਪੀਲੂ ਨੇ ਉਸ ਸਮੇਂ ਦੀਆਂ ਖਾਧ ਵਸਤੂਆਂ ਬਾਰੇ ਵੀ ਜ਼ਿਕਰ ਕੀਤਾ ਹੈ। ਲੋਕ ਖਾਣ ਪੀਣ ਦੇ ਸ਼ੌਕੀਨ ਸਨ। ਮਿਰਜ਼ੇ ਦੇ ਅਨੁਸਾਰ ਉਸਦੇ ਘਰ ਦੇ ਵਾਤਾਵਰਨ ਅਤੇ ਚਿਤਰਨ ਸਮੇਂ ਮੱਝਾਂ ਦੇ ਦੁੱਧ ਦਾ ਜ਼ਿਕਰ ਵੀ ਮਿਲਦਾ ਹੈ। ਅਫੀਮ, ਸ਼ਹਿਦ ਤੇਲ ਆਮ ਵਰਤੋਂ ਦੀਆਂ ਚੀਜ਼ਾਂ ਸਨ। ਮੱਧਕਾਲੀ ਸਮਾਜ ਵਿੱਚ ਪ੍ਰਮੁੱਖ ਕਿੱਤਾ ਖੇਤੀਬਾੜੀ ਸੀ। ਵਾਹੀ ਕਰਨਾ ਇੱਕ ਉੱਤਮ ਪੇਸ਼ਾ ਮੰਨਿਆ ਜਾਂਦਾ ਸੀ। ਏਸੇ ਲਈ ਸਾਹਿਬਾਂ ਅਜਿਹੀਆਂ ਹੀ ਵਸਤਾਂ ਦਾ ਲਾਲਚ ਕਰਮੂੰ ਬ੍ਰਾਹਮਣ ਨੂੰ ਵੀ ਦਿੰਦੀ ਹੈ। ਉਹ ਉਸਨੂੰ ਲਾਲਚ ਦੇ ਕੇ ਉਸ ਪਾਸੋਂ ਆਪਣਾ ਕੰਮ ਕਰਵਾਉਣਾ ਚਾਹੁੰਦੀ ਹੈ। ਬਾਕੀ ਕਿੱਤੇ ਖੇਤੀਬਾੜੀ ਅਤੇ ਰੋਜ਼ਾਨਾ ਜ਼ਿੰਦਗੀ ਦੀਆਂ ਲੋੜਾਂ ਨਾਲ ਜੁੜੇ ਹੋਏ ਸਨ। ਨਿੱਤ ਵਰਤੋਂ ਦੀਆਂ ਵਸਤਾਂ ਪਸਾਰੀ ਵੇਚਦੇ ਸਨ ਅਤੇ ਵਪਾਰ ਕਰਦੇ ਸਨ।

ਸੋ ਸਪੱਸ਼ਟ ਹੈ ਕਿ ਪੀਲੂ ਨੇ ਇਸ ਕਿੱਸੇ ਵਿੱਚ ਮੁਖ ਵਿਸ਼ਾ ਮਿਰਜ਼ਾ-ਸਾਹਿਬਾਂ ਦੀ ਪ੍ਰੀਤ ਨੂੰ ਬਣਾਇਆ ਹੈ। ਜਿਸ ਦਾ ਨਿਭਾਅ ਉਸਨੇ ਬਾਖੂਬੀ ਕੀਤਾ ਹੈ। ਇਸ ਦੇ ਨਾਲ ਉਸਨੇ ਮਿਰਜ਼ੇ ਦੀ ਬਹਾਦਰੀ, ਸਥਾਪਿਤ ਜਾਗੀਰਦਾਰੀ ਪ੍ਰਬੰਧ, ਸਾਹਿਬਾਂ ਦਾ ਧੋਖਾ ਆਦਿ ਉਪ ਵਿਸ਼ਿਆਂ ਦਾ ਬਿਆਨ ਵੀ ਕੀਤਾ ਮਿਲਦਾ ਹੈ। ਇਸ ਦੇ ਨਾਲ ਹੀ ਇਹ ਕਿੱਸਾ ਸਮਕਾਲੀਨ ਸਮਾਜ ਅਤੇ ਸੱਭਿਆਚਾਰ ਦੀ ਤਸਵੀਰ ਵੀ ਪੇਸ਼ ਕਰਦਾ ਹੈ। ਜਿਸ ਵਿਚੋਂ ਵੱਖ ਵੱਖ ਪਹਿਲੂਆਂ ਦੀ ਸਹੀ ਤਰਜ਼ਮਾਨੀ ਹੋਈ ਮਿਲਦੀ ਹੈ। ਇਹੋ ਕਾਰਨ ਹੈ ਕਿ ਇਹ ਕਿੱਸਾ ਅੱਜ ਵੀ ਹਰਮਨ ਪਿਆਰਾ ਹੈ। ਜਦੋਂ ਕਵੀ ਇਸ ਦੀਆਂ ਸੱਦਾਂ ਕਰੁਣਾ ਮਈ ਆਵਾਜ਼ ਵਿੱਚ ਗਾਉਂਦੇ ਹਨ ਤਾਂ ਪੰਜਾਬੀਆਂ ਦੇ ਮਨ ਝੂਮ ਉੱਠਦੇ ਹਨ।

ਪਾਠ ਨੰਬਰ : 2.3 ਲੇਖਕ : ਮਨਪ੍ਰੀਤ ਕੌਰ ਰਿਸਰਚ ਸਕਾਲਰ

## ਪੰਜਾਬੀ ਕਿੱਸਾ ਕਾਵਿ ਵਿਚ ਪੀਲੂ ਦਾ ਯੋਗਦਾਨ

ਪੰਜਾਬੀ ਕਿੱਸਾ–ਕਾਵਿ ਦਾ ਆਰੰਭ 'ਹੀਰ' ਦਮੋਦਰ ਨਾਲ ਹੁੰਦਾ ਹੈ। ਇਸ ਕਾਵਿ–ਧਾਰਾ ਵਿਚ ਪੀਲੂ ਦਾ ਸਥਾਨ ਦੂਜਾ ਹੈ।ਪੀਲੂ ਪੰਜਾਬੀ ਕਿੱਸਾ–ਕਾਵਿ ਪਰੰਪਰਾ ਦੇ ਮੋਢੀਆਂ ਵਿਚੋਂ ਇਕ ਹੈ ਅਤੇ ਦਮੋਦਰ, ਹਾਫ਼ਿਜ਼ ਬਰਖੁਰਦਾਰ ਤੇ ਅਹਿਮਦਯਾਰ ਆਦਿ ਮਸ਼ਹੂਰ ਕਿੱਸਾਕਾਰਾਂ ਦੀ ਲੜੀ ਦਾ ਹੀ ਇਕ ਵਿਸ਼ੇਸ਼ ਨਾਂ ਹੈ। ਮਿਰਜ਼ਾ ਸਾਹਿਬਾਂ ਦੀ ਕਹਾਣੀ ਹੀਰ ਰਾਂਝੇ ਦੀ ਪ੍ਰੇਮ–ਕਥਾ ਵਾਂਗ ਪੰਜਾਬ ਦੀ ਧਰਤੀ ਦੀ ਆਪਣੀ ਕਹਾਣੀ ਹੈ। ਪੰਜਾਬੀ ਮੂਲ ਦੀ ਗਾਥਾ ਹੋਣ ਕਰਕੇ ਇਹ ਪੰਜਾਬ ਵਿਚ ਬਹੁਤ ਹਰਮਨ ਪਿਆਰੀ ਹੋਈ ਹੈ। 'ਮਿਰਜ਼ਾ ਸਹਿਬਾਂ' ਦਾ ਸਭ ਤੋਂ ਪਹਿਲਾ ਕਿੱਸਾ ਲਿਖਣ ਦਾ ਮਾਣ ਪੀਲੂ ਨੂੰ ਪ੍ਰਾਪਤ ਹੁੰਦਾ ਹੈ। ਪੀਲੂ ਨੇ ਕਿੱਸਾ 'ਮਿਰਜ਼ਾ ਸਾਹਿਬਾਂ' ਰਚ ਕੇ ਮਿਰਜ਼ਾ ਸਾਹਿਬਾਂ ਦੀ ਕਾਵਿ ਪਰੰਪਰਾ ਨੂੰ ਜਨਮ ਦਿੱਤਾ। ਪੀਲੂ ਨੇ ਇਸ ਕਿੱਸੇ ਦਾ ਅੰਤ ਦੁਖਾਂਤ ਵਿਚ ਕੀਤਾ। ਇੰਝ ਪੰਜਾਬੀ ਵਿਚ ਪਹਿਲੀ ਤ੍ਰਾਸਦੀ (tragedy) ਦਾ ਰਚਨਹਾਰਾ ਵੀ ਪੀਲੂ ਹੀ ਹੈ। ਪੀਲੂ ਦੀ ਇਸ ਪਰੰਪਰਾ ਨੂੰ ਆਉਣ ਵਾਲੇ ਕਈ ਕਿੱਸਾਕਾਰਾਂ ਨੇ ਅੱਗੇ ਤੋਰਿਆ। ਮਿਰਜ਼ਾ ਸਾਹਿਬਾਂ ਦੀ ਪਰੰਪਰਾ ਏਨ੍ਹੀ ਮਕਬੂਲ ਹੋਈ ਕਿ ਕਿੱਸਾਕਾਰਾਂ ਨੇ ਸਭ ਤੋਂ ਵੱਧ ਕਿੱਸੇ ਇਸ ਕਾਵਿ ਪਰੰਪਰਾ ਅਧੀਨ ਹੀ ਲਿਖੇ।ਕਿੱਸਾ ਮਿਰਜ਼ਾ ਸਾਹਿਬਾਂ ਤੋਂ ਇਲਾਵਾ ਪੀਲੂ ਦੀ ਕੋਈ ਹੋਰ ਰਚਨਾ ਉਪਲਬਧ ਨਹੀਂ, ਜਿਸ ਤੋਂ ਉਸ ਦੇ ਜੀਵਨ ਬਾਰੇ ਜਾਣਕਾਰੀ ਮਿਲ ਸਕੇ। ਕਿੱਸਾ ਮਿਰਜ਼ਾ ਸਾਹਿਬਾਂ ਵੀ ਅਧੂਰਾ ਹੈ ਜਿਸ ਨੂੰ ਸਰ ਰਿਚਰਡ ਟੈਂਪਲ ਨੇ ਕਿਸੇ ਭੱਟ ਤੋਂ ਸੁਣ ਕੇ ਲਿਖਿਆ ਪਰੰਤੂ ਇਸ ਵਿਚਲੇ ਕਾਵਿਕ ਗੁਣ ਇਸ ਦੀ ਪੰਜਾਬੀ ਕਿੱਸਾ–ਕਾਵਿ ਵਿਚ ਵਿਸ਼ੇਸ਼ ਥਾਂ ਨਿਯਤ ਕਰਦੇ ਹਨ।ਪੀਲੂ ਦੀ 'ਮਿਰਜ਼ਾ ਸਾਹਿਬਾਂ' ਤੋਂ ਇਲਾਵਾ ਹੋਰ ਕੋਈ ਰਚਨਾ ਨਹੀਂ ਮਿਲਦੀ। ਉਸ ਦੀ ਵਿੱਦਿਅਕ ਯੋਗਤਾ ਬਾਰੇ ਵੀ ਕੋਈ ਜਾਣਕਾਰੀ ਨਹੀਂ ਪ੍ਰਾਪਤ ਹੁੰਦੀ। ਪਰੰਤੂ ਕਿੱਸੇ ਵਿਚਲੇ ਕਾਵਿਕ–ਗੁਣ, ਇਤਿਹਾਸਕ ਤੇ ਮਿਥਿਹਾਸਕ ਸੰਕੇਤ, ਨਿੱਝਕ ਬਿਆਨ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਪੀਲੂ ਇਕ ਵਿਦਵਾਨ ਕਵੀ ਸੀ ਜੋ ਹਿੰਦੂ ਤੇ ਇਸਲਾਮੀ ਇਤਿਹਾਸ–ਮਿਥਿਹਾਸ ਤੋਂ ਬਾਖ਼ੂਬੀ ਵਾਕਿਫ਼ ਸੀ। ਮਸ਼ਹੂਰ ਪੰਜਾਬੀ ਕਿੱਸਾਕਾਰ ਅਤੇ ਅਲੋਚਕ ਅਹਿਮਦਯਾਰ ਪੀਲੂ ਦੀ ਸਿਫ਼ਤ ਕਰਦਾ ਹੋਇਆ ਲਿਖਦਾ ਹੈ:

ਪੀਲੂ ਨਾਲ ਨਾ ਰੀਸ ਕਿਸੇ ਦੀ
ਉਸ ਵਿਚ ਸੋਜ ਅਲੈਹਦੀ
ਮਸਤ ਨਿਗਾਹ ਕੀਤੀ ਉਸ ਪਾਸੇ
ਕਿਸੇ ਫ਼ਕੀਰ ਵਲੀ ਦੀ

ਹਾਫਿਜ਼ ਬਰਖੁਰਦਾਰ ਪੀਲੂ ਦੀ ਤਾਰੀਫ ਕਰਦਾ ਹੋਇਆ ਲਿਖਦਾ ਹੈ:

ਯਾਰੋ ਪੀਲੂ ਨਾਲ ਬਰਾਬਰੀ, ਸ਼ਾਇਰ ਭੁੱਲ ਕਰੇਨ।
ਜਿਨ੍ਹੂੰ ਪੰਜਾ ਪੀਰਾਂ ਦੀ ਥਾਪਨਾ, ਕੰਧੀ ਦਸਤ ਧਰੇਨ।

ਇਸ ਤੋਂ ਪਤਾ ਲੱਗਦਾ ਹੈ ਕਿ ਪੀਲੂ ਦਾ ਇਹ ਕਿੱਸਾ ਬਹੁਤ ਪ੍ਰਸਿੱਧ ਸੀ। ਉਹ ਇਕ ਵਿਦਵਾਨ ਕਵੀ ਸੀ ਜਿਸ ਦਾ ਸਿੱਕਾ ਹੋਰ ਲੇਖਕ ਅਤੇ ਅਲੋਚਕ ਮੰਨਦੇ ਸਨ।

ਪੀਲੂ ਦਾ ਕਿੱਸਾ 'ਮਿਰਜ਼ਾ ਸਾਹਿਬਾਂ' ਆਮ ਲੋਕਾਂ ਦੇ ਨੇੜੇ ਹੋਣ ਕਰਕੇ ਬਹੁਤ ਹਰਮਨ–ਪਿਆਰਾ ਹੋਇਆ ਹੈ। ਇਹ ਕਿੱਸਾ ਆਮ ਭਾਸ਼ਾ ਵਿਚ ਲਿਖਿਆ ਗਿਆ ਹੈ ਜਿਸ ਨੂੰ ਸਧਾਰਨ ਬੁੱਧੀ ਵਾਲਾ ਪਾਠਕ ਵੀ ਪੜ੍ਹ ਤੇ ਸਮਝ ਸਕਦਾ ਹੈ:

ਸਾਹਿਬਾਂ ਪੜ੍ਹੇ ਪੱਟੀਆਂ, ਮਿਰਜ਼ਾ ਪੜ੍ਹੇ ਕੁਰਾਨ।
ਵਿਚ ਮਸੀਤ ਦੇ ਲਗੀਆਂ, ਜਾਣੇ ਕੁਲ ਜਹਾਨ।

ਪੀਲੂ ਨੇ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀ ਸਿੱਧ ਪੱਧਰੀ ਬੋਲੀ ਵਰਤੀ ਹੈ। ਉਹ ਬੇਲੋੜੇ ਵਿਸਥਾਰ ਵਿਚ ਨਹੀਂ ਜਾਂਦਾ ਤੇ ਆਪਣੀ ਗੱਲ ਥੋੜੇ ਸ਼ਬਦਾ ਵਿਚ ਹੀ ਖ਼ਤਮ ਕਰ ਦੇਂਦਾ ਹੈ। ਸਾਹਿਬਾਂ ਦੇ ਜਨਮ ਤੋਂ ਮੁਟਿਆਰ ਹੋਣ ਤੀਕ ਦਾ ਵਰਣਨ ਕੇਵਲ ਛੇ ਸਤਰਾਂ ਵਿਚ ਹੀ ਕਰ ਦੇਂਦਾ ਹੈ:

ਘਰ ਖੀਵੇ ਦੇ ਸਾਹਿਬਾਂ, ਜੰਮੀ ਮੰਗਲਵਾਰ।
ਡੂਮ ਸੋਹੇਲੇ ਗਾਵੰਦੇ, ਖ਼ਾਨ ਖਵਿ ਦੇ ਬਾਰ।
ਰੱਜ ਦੁਆਈ ਦਿੱਤੀਆਂ, ਸੋਹਣੇ ਪਰਵਾਰ
ਰਲ ਤਦਬੀਰਾਂ ਬੱਧੀਆਂ, ਛੇਲ ਹੋਈ ਮੁਟਿਆਰ।
ਸਾਹਿਬਾਂ ਨਾਲ ਸਹੇਲੀਆਂ, ਕੂੜੀ ਰੀਸਕਾਰ।

ਪੀਲੂ ਨੇ ਅਰਬੀ, ਫ਼ਾਰਸੀ ਤਤਸਮ ਤੇ ਤਦਭਵ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਵੇਂ ਸ਼ਬਦ, ਸਿਦਕ, ਸਾਹਾ, ਕਬਰ, ਖ਼ੁਦਾ, ਗ਼ੁਲਾਮ, ਤੇਗ, ਤਰਕਸ਼, ਪੈਗੰਬਰ, ਫਤਹਿ, ਬਾਦਸ਼ਾਹ, ਮਲਕੁਲ, ਸੁਬਹ, ਦਰ, ਵਜ਼ੀਰ, ਅਰਜ਼, ਗੁਨਾਹ ਆਦਿ। ਪੀਲੂ ਦੀ ਬੋਲੀ ਆਮ ਬੋਲ-ਚਾਲ ਵਾਲੀ ਤੇ ਮੁਹਾਵਰੇਦਾਰ ਹੈ। ਅਰਬੀ ਫ਼ਾਰਸੀ ਦੇ ਕੇਵਲ ਪ੍ਰਚਲਿਤ ਸ਼ਬਦ ਹੀ ਵਰਤੇ ਗਏ ਹਨ। ਸਰਲਤਾ, ਸੰਜਮਤਾ ਅਤੇ ਸਪਸ਼ਟਤਾ ਇਸ ਦੇ ਵਿਸ਼ੇਸ਼ ਗੁਣ ਹਨ। ਕੇਂਦਰੀ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ।

ਪੀਲੂ ਨੇ ਮੁਹਾਵਰਿਆਂ ਦੀ ਵੀ ਅਨੇਕ ਥਾਵਾਂ ਤੇ ਵਰਤੋਂ ਕੀਤੀ ਹੈ:

ਚੌੜ-ਚਪੱਟ ਹੋਣਾ, ਵਣਜ ਗੁਆਉਣਾ, ਦੁਆਈਂ ਦੇਣਾ, ਦੱਸ ਪਾਉਣਾ, ਆਪਣੀ ਮੌਤੇ ਮਰਨਾ, ਲਾਜ ਰੱਖਣਾ, ਪਲਾ ਅਟਕਣਾ, ਮਾਰੋ-ਮਰਨੀ ਕਰਨੀ, ਝੋਲੀ ਪੈਣਾ, ਸਾਵਾਂ ਮਾਰਨਾਂ, ਦਾਗ਼ ਲਾਉਣਾ, ਪੰਜ ਪੀਰ ਮਨਾਉਣਾ, ਹੋਣੀ ਵਰਤਣੀ, ਭਾਜੜਾਂ ਪੈਣੀਆਂ, ਪੂਰ ਖਪਾਉਣਾ ਆਦਿ।

ਪੀਲੂ ਨੇ ਆਪਣਾ ਕਿੱਸਾ 'ਸੱਦ' ਕਾਵਿ-ਰੂਪ ਵਿਚ ਲਿਖਿਆ ਹੈ। ਉੱਚੀ ਅਵਾਜ਼ ਨਾਲ ਪਿਆਰੇ ਨੂੰ ਪੁਕਾਰਨਾ 'ਸੱਦ' ਹੈ। ਇਹ ਇਕ ਪੁਰਾਤਨ ਪੰਜਾਬੀ ਕਾਵਿ-ਰੂਪ ਹੈ। ਇਸ ਵਿਚ ਪੇਂਡੂ ਲੋਕ ਲੰਮੀ ਹੇਕ ਲਏ ਕੇ ਆਪਣੇ ਪਿਆਰੇ ਨੂੰ ਸੰਬੋਧਨ ਕਰਦੇ ਹਨ। ਉਸ ਨੇ ਵਧੇਰੇ ਦੋ-ਤੁਕੇ ਅਤੇ ਚਾਰ-ਤੁਕੇ ਛੰਦ ਵਰਤੇ ਹਨ। ਪੀਲੂ ਦੇ ਸਾਰੇ ਕਿੱਸੇ ਵਿਚ ਦੋਹਰਿਆਂ ਦੀ ਗਿਣਤੀ ਨਾ ਮਾਤਰ ਹੈ। ਪਰ ਇਹ ਕਿੱਸੇ ਦੀ ਛੰਦ ਚਾਲ ਜਾਂ ਹੇਕ ਲਾਉਣ ਲਈ ਲਾਭਕਾਰੀ ਹੈ। ਬਹੁਤ ਸਾਰੇ ਲੋਕ ਗਾਇਕਾਂ ਨੇ ਇਸ ਨੂੰ ਗਾਇਆ ਹੈ ਤੇ ਇਹ ਕਿੱਸਾ ਬਹੁਤ ਹਰਮਨ ਪਿਆਰਾ ਹੈ।

ਪੀਲੂ ਨੇ ਭਾਵਾਂ ਨੂੰ ਸਪਸ਼ਟ ਕਰਨ ਤੇ ਆਪਣੀ ਰਚਨਾ ਨੂੰ ਸ਼ਿਗਾਰਨ ਲਈ ਢੁਕਵੇਂ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਉਸ ਨੇ ਅਲੰਕਾਰਾਂ ਦੀ ਵਰਤੋਂ ਇਸ ਤਰ੍ਹਾਂ ਕੀਤੀ ਹੈ ਕਿ ਕਿੱਸੇ ਵਿਚ ਇਨ੍ਹਾਂ ਦੀ ਵਰਤੋਂ ਨਾਲ ਖੂਬਸੂਰਤੀ, ਮਿਠਾਸ ਤੇ ਸੁਹਜ ਵਿਚ ਵਾਧਾ ਹੋਇਆ ਹੈ। ਉਸ ਨੇ ਵਧੇਰੇ ਕਰਕੇ ਰੂਪਕ ਅਲੰਕਾਰ, ਉਪਮਾ ਅਲੰਕਾਰ, ਦ੍ਰਿਸ਼ਟਾਤ ਅਲੰਕਾਰ, ਅਨੁਪ੍ਰਾਸ ਅਲੰਕਾਰ, ਅਤਿਕਥਨੀ, ਵੀਪਸਾ, ਲੋਕੋਕਤੀ ਅਲੰਕਾਰ ਆਦਿ ਦੀ ਵਰਤੋਂ ਕੀਤੀ ਆਪਣੇ ਕਿੱਸੇ ਵਿਚ ਕੀਤੀ ਹੈ। ਇਸ ਤੋਂ ਇਲਾਵਾ ਕਿੱਸੇ ਵਿਚ ਵੱਖ-ਵੱਖ ਰਸਾਂ ਦਾ ਪ੍ਰਤੀਪਾਦਨ ਵੀ ਹੋਇਆ ਹੈ। ਇਹਨਾਂ ਵਿਚੋਂ ਸ਼ਿੰਗਾਰ ਰਸ, ਬੀਰ ਰਸ, ਕਰੁਣਾ ਰਸ ਅਤੇ ਹਾਸ ਰਸ ਪ੍ਰਮੁੱਖ ਹਨ। ਕਿੱਸਾਕਾਰਾਂ ਵਲੋਂ ਆਪਣੀ ਰਚਨਾ ਵਿਚ ਕੁਝ ਅਜਿਹੀਆਂ ਟਿੱਪਣੀਆਂ ਕਰਨ ਦੀ ਇਕ ਪਰੰਪਰਾ ਰਹੀ ਹੈ ਜੋ ਜ਼ਿੰਦਗੀ ਦੀਆਂ ਸਚਾਈਆਂ ਦਾ ਸਧਾਰਨੀਕਰਨ ਪੇਸ਼ ਕਰਦੀਆਂ ਹਨ। ਪੀਲੂ ਨੇ ਵੀ ਕਈ ਉਕਤੀਆਂ ਪੇਸ਼ ਕੀਤੀਆ ਹਨ:

1. ਭੱਠ ਰੰਨਾ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।
   ਹੱਸ ਕੇ ਲਾਉਂਦੀਆਂ ਯਾਰੀਆਂ, ਰੋ ਕੇ ਦੇਂਦੀਆਂ ਦੱਸ
2. ਇਸ਼ਕ ਲਿਤਾੜੇ ਆਦਮੀ, ਬਰਫ਼ ਲਿਤਾੜੇ ਰੁੱਖ
   ਨੀਂਦ ਨਾ ਆਉਂਦੀ ਚੋਰ ਨੂੰ, ਆਸ਼ਿਕ ਨਾ ਲੱਗੇ ਭੁੱਖ

3. ਮਿਰਜ਼ਿਆ! ਐਡ ਪੈਗੰਬਰ ਮਰ ਗਏ, ਤੂੰ ਕਿਹਦਾ ਪਾਣੀਹਾਰ?
4. ਲੱਥੀ ਹੱਥ ਨਾ ਆਵੰਦੀ, ਦਾਨਿਸ਼ ਮੰਦਾ ਦੀ ਪੱਤ
5. ਪੁੱਛ ਨਾ ਪੈਂਦੇ ਮਾਮਲੇ, ਨੇਹੁੰ ਨਾ ਲਗਦੇ ਜ਼ੋਰ।
ਗੱਲਾਂ ਕਰਨ ਸੁਖਾਲੀਆਂ, ਔਖੇ ਪਾਲਣੇ ਬੋਲ

ਕਿੱਸਾ ਕਾਵਿਧਾਰਾ ਪੰਜਾਬੀ ਸਾਹਿਤ ਵਿਚ ਅਹਿਮ ਸਥਾਨ ਰੱਖਣ ਵਾਲੀ ਕਾਵਿ ਪਰੰਪਰਾ ਹੈ ਜਿਸ ਵਿਚ ਜਿੱਥੇ ਇਸ਼ਕ ਦਾ ਵਰਣਨ ਹੋਇਆ ਹੈ ਉਥੇ ਉਸ ਸਮੇਂ ਦੇ ਸਮਾਜਿਕ ਅਤੇ ਸਭਿਆਚਾਰਕ ਪਸਾਰਾਂ ਦਾ ਵੀ ਚਿਤ੍ਰਣ ਮਿਲਦਾ ਹੈ। ਪੀਲੂ ਦੇ ਕਿੱਸੇ ਵਿਚ ਉਸ ਸਮੇਂ ਦੇ ਸਮਾਜ ਅਤੇ ਸਭਿਆਚਾਰ ਦੀ ਪੇਸ਼ਕਾਰੀ ਬਹੁਤ ਵਧੀਆ ਕੀਤੀ ਗਈ ਹੈ। ਉਸ ਸਮੇਂ ਜਾਗੀਰਦਾਰੀ ਪ੍ਰਬੰਧ ਸੀ। ਪਰਿਵਾਰਕ ਰਿਸ਼ਤਿਆਂ ਦਾ ਕੇਂਦਰ ਬਿੰਦੂ ਪਰਿਵਾਰ ਦੇ ਮੁੱਖੀ ਨੂੰ ਮੰਨਿਆਂ ਜਾਂਦਾ ਸੀ। ਸਾਰਾ ਪਰਿਵਾਰ ਮੁੱਖੀ ਦੇ ਅਧੀਨ ਹੁੰਦਾ ਸੀ। ਪੀਲੂ ਦੇ ਕਿੱਸੇ ਵਿਚ ਉਸ ਸਮੇਂ ਦੇ ਪਰਿਵਾਰਕ ਰਿਸ਼ਤਿਆਂ ਵਿਚ ਪਰਿਵਾਰ ਦੇ ਮੁੱਖੀ ਦਾ ਤਾਨਾਸ਼ਾਹੀ ਵਤੀਰਾ ਅਤੇ ਰਵਾਇਤਾਂ ਨਾਲ ਜੁੜੇ ਰਹਿਣ ਦੀ ਭਾਵਨਾ ਪ੍ਰਬਲ ਰੂਪ ਵਿਚ ਪ੍ਰਕਾਸ਼ਮਾਨ ਹੁੰਦੀ ਹੈ। ਮੱਧਕਾਲੀ ਢਾਂਚੇ ਵਿਚ ਭਰਾਵਾਂ ਨੂੰ ਮੱਦਦਗਾਰ ਦੇ ਰੂਪ ਵਿਚ ਸ਼ਰੋਮਣੀ ਸਥਾਨ ਪ੍ਰਾਪਤ ਸੀ। ਮਿਰਜ਼ਾ ਆਪਣੀ ਮੌਤ ਨੇੜੇ ਆਉਂਦੀ ਦੇਖ ਕੇ ਭਰਾਵਾਂ ਦੀ ਘਾਟ ਮਹਿਸੂਸ ਕਰਦਾ ਹੈ। ਉਹ ਭਰਾਵਾਂ ਬਾਝੋਂ ਮਾਰਿਆ ਗਿਆ। ਉਸ ਸਮੇਂ ਭੈਣ-ਭਰਾ ਦਾ ਰਿਸ਼ਤਾ ਅਪਣੱਤ ਭਰਿਆ ਹੁੰਦਾ ਸੀ। ਭੈਣ ਨੂੰ ਆਪਣੇ ਭਰਾ ਤੇ ਮਾਣ ਹੈ ਇਸੇ ਕਰਕੇ ਮਿਰਜ਼ੇ ਦੀ ਭੈਣ ਮਿਰਜ਼ੇ ਨੂੰ ਉਸ ਦਾ ਵਿਆਹ ਆਪਣੇ ਹੱਥੀਂ ਕਰਕੇ ਜਾਣ ਨੂੰ ਕਹਿੰਦੀ ਹੈ। ਪਰਿਵਾਰਕ ਰਿਸ਼ਤਿਆਂ ਤੋਂ ਛੁੱਟ ਹੋਰ ਮਾਨਵੀ ਤੇ ਸਮਾਜਿਕ ਰਿਸ਼ਤਿਆ ਬਾਰੇ ਵੀ ਜਾਣਕਾਰੀ ਕਿੱਸੇ ਵਿਚੋਂ ਮਿਲਦੀ ਹੈ। ਮਿਰਜ਼ਾ ਬੀਬੋ ਨੂੰ ਆਪਣੀ ਧਰਮ ਦੀ ਮਾਸੀ ਹੋਣ ਦੇ ਨਾਤੇ ਸਾਹਿਬਾਂ ਨੂੰ ਉਸ ਨਾਲ ਮਿਲਾਉਣ ਲਈ ਕਹਿੰਦਾ ਹੈ। ਇਸੇ ਤਰ੍ਹਾਂ ਜਾਮ ਲੁਹਾਰ ਨੂੰ ਵੀ ਆਪਣਾ ਧਰਮ ਦਾ ਭਾਈ ਮੰਨ ਕੇ ਉਸ ਪਾਸੋਂ ਆਪਣਾ ਕੰਮ ਕਰਵਾਉਂਦਾ ਹੈ ਤੇ ਉਸਨੂੰ ਬੜੇ ਮਾਣ ਨਾਲ ਸਾਹਿਬਾਂ ਨੂੰ ਆਪਣੇ ਨਾਲ ਤੋਰਨ ਨੂੰ ਕਹਿੰਦਾ ਹੈ। ਕਿੱਸੇ ਵਿਚ ਜਾਤਾਂ ਦੇ ਸਮਾਜਿਕ ਪੱਧਰ ਬਾਰੇ ਵੀ ਜਾਣਕਾਰੀ ਮਿਲਦੀ ਹੈ। ਹਿੰਦੂ ਸਮਾਜ ਵਿੱਚ ਬ੍ਰਾਹਮਣਾ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਮੁਸਲਮਾਨੀ ਰਾਜ ਸਥਾਪਿਤ ਹੋਣ ਉਪਰੰਤ ਬ੍ਰਾਹਮਣਾਂ ਦਾ ਦਰਜਾ ਘੱਟ ਗਿਆ। ਉਹ ਰੋਟੀ ਖਾਤਰ ਕੰਮੀਆਂ ਦਾ ਕੰਮ ਕਰਨ ਲੱਗ ਪਏ ਸਨ। ਸਾਹਿਬਾਂ ਮਿਰਜ਼ੇ ਨੂੰ ਕਰਮੂੰ ਬ੍ਰਾਹਮਣ ਰਾਹੀਂ ਸੁਨੇਹਾ ਭੇਜਦੀ ਹੈ, ਜੋ ਕਿ ਉਹਨਾਂ ਦਾ ਕੰਮੀ ਹੈ। ਉਹ ਉਸ ਨੂੰ ਕਈ ਤਰ੍ਹਾਂ ਦੇ ਲਾਲਚ ਦੇਂਦੀ ਹੈ:

ਤੂੰ ਸੁਣ ਕਰਮੂੰ ਬ੍ਰਾਹਮਣਾ, ਕਦੀ ਨਾ ਆਇਓ ਕਾਮ।
ਚੌਥੇ ਨੂੰ ਚੰਧੜ ਵਿਆਹ ਲਿਜਾਣਗੇ, ਫਿਰ ਕੀ ਕਰੇਂਗਾ ਆਣ

ਪੀਲੂ ਦੇ ਕਿੱਸੇ ਵਿਚ ਜੱਟ ਬਰਾਦਰੀ ਬਾਰੇ ਬਹੁਤ ਜਾਣਕਾਰੀ ਮਿਲਦੀ ਹੈ। ਮਿਰਜ਼ਾ ਤੇ ਸਾਹਿਬਾਂ ਦੋਵੇਂ ਜੱਟ ਬਰਾਦਰੀ ਨਾਲ ਸੰਬੰਧਿਤ ਹਨ। ਮਿਰਜ਼ਾ ਖਰਲ ਗੋਤ ਨਾਲ ਤੇ ਸਾਹਿਬਾਂ ਸਿਆਲ ਗੋਤ ਨਾਲ ਸੰਬੰਧ ਰੱਖਦੀ ਹੈ। ਰਾਜ ਦਰਬਾਰ ਇਹਨਾਂ ਦਾ ਕਾਫ਼ੀ ਬੋਲਬਾਲਾ ਸੀ। ਕਿੱਸੇ ਵਿਚ ਕਈ ਥਾਵਾਂ ਤੇ ਮਿਰਜ਼ੇ ਦੇ ਜੱਟ ਹੋਣ ਦਾ ਜ਼ਿਕਰ ਆਉਂਦਾ ਹੈ।ਮਿਰਜ਼ਾ ਨੂੰ ਆਪਣੀ ਜਾਤ ਤੇ ਬਹੁਤ ਅਭਿਮਾਨ ਹੈ:

ਮਿਰਜ਼ਾ ਆਖੇ ਕੋਈ ਨਾ ਦੀਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭਿੜਾ ਦਿਆਂ ਟੱਕਰੀ, ਮੈਥੋਂ ਭੀ ਰਾਠ ਡਰੇ।

ਕਿੱਸੇ ਵਿਚ ਔਰਤ ਅਤੇ ਮਰਦ ਦੀ ਸਥਿਤੀ ਬਾਰੇ ਵੀ ਸਹਿਜੇ ਹੀ ਜਾਣਕਾਰੀ ਮਿਲਦੀ ਹੈ।ਪੁਰਸ਼ ਪ੍ਰਧਾਨ ਸਮਾਜ ਵਿਚ ਔਰਤ ਦੀ ਸਥਿਤੀ ਭੈੜੀ ਸੀ। ਇਸਤਰੀ ਨੂੰ ਨਾ ਕੇਵਲ ਸਰੀਰਿਕ ਤੌਰ ਤੇ ਦੂਜੇ ਦਰਜੇ ਦੀ ਸਮਝਿਆ ਗਿਆ ਸਗੋਂ ਦਿਮਾਗੀ ਤੌਰ ਤੇ ਵੀ ਕਮ-ਅਕਲ ਮੰਨਿਆ ਗਿਆ ਹੈ। ਪੀਲੂ ਨੇ ਆਪਣੇ ਸਮੇਂ ਅਤੇ ਮਰਦ-ਜਾਤ ਤੋਂ ਪ੍ਰਭਾਵਿਤ ਹੋ ਕੇ ਔਰਤ ਨੂੰ ਨੀਵੇਂ ਦ੍ਰਿਸ਼ਟੀਕੋਣ ਤੋਂ ਵੇਖਿਆ ਹੈ। ਔਰਤ ਦੀ ਸਖ਼ਸ਼ਿਅਤ ਨੂੰ ਨਜ਼ਰਅੰਦਾਜ ਕਰਕੇ ਉਸਦੀ ਕੇਵਲ ਭੰਡੀ ਹੀ ਕੀਤੀ ਗਈ ਹੈ:

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਵੰਝਲ ਦੇਂਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾਂ ਦੀ ਮੱਤ।

ਔਰਤ ਨੂੰ ਆਪਣਾ ਜੀਵਨ-ਸਾਥੀ ਚੁਣਨ ਦਾ ਹੱਕ ਨਹੀਂ ਸੀ। ਇਸ਼ਕ ਦਾ ਨਾਂ ਲੈਣਾ ਉਸ ਲਈ ਪਾਪ ਸਮਝਿਆ ਜਾਂਦਾ ਸੀ। ਜੇ ਉਹ ਜਾਣੇ/ਅਣਜਾਣੇ ਅਜਿਹਾ ਕਰ ਵੀ ਬੈਠਦੀ ਸੀ ਤਾਂ ਸਾਰਾ ਸਮਾਜ ਉਸ ਦੇ ਵਿਰੁੱਧ ਹੋ ਜਾਂਦਾ ਸੀ।ਇਸ ਤੋਂ ਇਲਾਵਾ ਉਸ ਸਮੇਂ ਦੇ ਲੋਕਾਂ ਦੇ ਰੀਤੀ ਰਿਵਾਜ਼, ਜਨਮ, ਵਿਆਹ ਤੇ ਮੌਤ ਨਾਲ ਸੰਬੰਧਿਤ ਰਿਵਾਜ਼ਾਂ ਦਾ ਪਤਾ ਚਲਦਾ ਹੈ। ਇਹ ਪੰਜਾਬੀ ਮਨ ਖ਼ਾਸ ਕਰਕੇ ਪੇਂਡੂ ਮਨ ਨੂੰ ਖਿੱਚ ਪਾਉਣ ਵਾਲੀ ਚੀਜ਼ ਹੈ। ਇਸ ਲਈ ਮਿਰਜ਼ਾ ਸਾਹਿਬਾਂ ਦੇ ਕਿੱਸੇ ਦਾ ਲੋਕਪ੍ਰਿਯ ਹੋ ਜਾਣਾ ਸੁਭਾਵਿਕ ਹੈ। ਲੋਕ ਵਿਸ਼ਵਾਸ਼ ਪੰਜਾਬੀ ਸਮਾਜ ਦਾ ਅਟੱਟ ਅੰਗ ਹੋਣ ਕਰਕੇ ਪੀਲੂ ਨੇ ਆਪਣੇ ਕਿੱਸੇ ਵਿਚ ਇਹਨਾਂ ਦਾ ਪ੍ਰਯੋਗ ਸਹਿਜ ਸੁਭਾ ਹੀ ਕੀਤਾ ਹੈ। ਲੋਕ ਵਿਸ਼ਵਾਸ਼ਾ ਦੀ ਵਰਤੋਂ ਕਰਕੇ ਪੀਲੂ ਨੇ ਇਸ ਕਿੱਸੇ ਨੂੰ ਜਨ-ਸਧਾਰਨ ਦੇ ਪੱਧਰ ਤੇ ਲਿਆ ਕੇ ਰੱਖ ਦਿੱਤਾ ਹੈ।

ਕਿੱਸਿਆਂ ਵਿੱਚ ਵਰਣਨ ਦੀ ਇੱਕ ਨਿਸ਼ਚਿਤ ਪਰੰਪਰਾ ਮਿਲਦੀ ਹੈ। ਬਚਪਨ ਤੋਂ ਲੈ ਕੇ ਜਵਾਨੀ ਤੱਕ ਨਾਇਕਾ ਦੀ ਸੁੰਦਰਤਾ ਦਾ ਬਿਆਨ ਕੀਤਾ ਜਾਂਦਾ ਹੈ। ਨਾਇਕ ਨਾਲੋਂ ਨਾਇਕਾ ਦੀ ਸੁੰਦਰਤਾ ਦੇ ਬਿਆਨ ਕਰਨ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ।ਉਹ ਮਾਂ ਪਿਉ ਨਾਲ ਟੱਕਰ ਲੈਂਦੀਆਂ ਹਨ। ਉਹ ਸਮਾਜਿਕ ਪਰੰਪਰਾਵਾਂ ਵਿਰੁੱਧ ਅਵਾਜ਼ ਹੀ ਬੁਲੰਦ ਨਹੀਂ ਕਰਦੀਆਂ ਸਗੋਂ ਇਹਨਾਂ ਦੀ ਉਲੰਘਣਾ ਵੀ ਕਰਦੀਆਂ ਹਨ ਪਰੰਤੂ ਪੀਲੂ ਨੇ ਆਪਣੇ ਕਿੱਸੇ ਵਿੱਚ ਮਿਰਜ਼ੇ ਦੀ ਬਹਾਦਰੀ ਚਿਤਰਨ ਤੇ ਹੀ ਜ਼ਿਆਦਾ ਬਲ ਦਿੱਤਾ ਹੈ। ਪੀਲੂ ਦਾ 'ਮਿਰਜ਼ਾ ਸਾਹਿਬਾਂ' ਪਹਿਲਾ ਅਜਿਹਾ ਕਿੱਸਾ ਹੈ ਜਿਸ ਵਿਚ ਨਾਇਕ ਮਿਰਜ਼ਾ ਨੂੰ ਬੜੀਆਂ ਨੂੰ ਬੜੀਆਂ ਰੀਝਾਂ ਨਾਲ ਚਿਤਰਿਆ ਗਿਆ ਹੈ। ਉਸ ਨੇ ਸੁੰਦਰਤਾ ਦਰਸਾਉਣ ਲਈ ਫ਼ਾਰਸੀ ਦੀ ਵਿਧੀ ਨਹੀਂ ਵਰਤੀ। ਉਹ ਮਿਰਜ਼ੇ ਦੀ ਤਾਰੀਫ਼ ਵਿਚ ਲਿਖਦਾ ਹੈ:

ਜਨਮ ਦਿੱਤਾ ਮਾਈ ਬਾਪ ਨੇ, ਰੂਪ ਦਿੱਤਾ ਕਰਤਾਰ।
ਐਸਾ ਮਿਰਜ਼ਾ ਸੂਰਮਾ, ਖਰਲਾਂ ਦਾ ਸਰਦਾਰ।

ਪੀਲੂ ਨੇ ਸਾਹਿਬਾਂ ਦੀ ਸੁੰਦਰਤਾ ਦਾ ਵੀ ਵਰਣਨ ਫ਼ਾਰਸੀ ਪਰੰਪਰਾ ਅਨੁਸਾਰ ਨਹੀਂ ਕੀਤਾ ਗਿਆ। ਉਸ ਨੇ ਸਾਹਿਬਾਂ ਦੀ ਅੰਗ ਅੰਗ ਦੀ ਤਾਰੀਫ਼ ਨਹੀਂ ਕੀਤੀ ਹੈ ਸਗੋਂ ਉਸ ਦੀ ਸੁੰਦਰਤਾ ਦੇ ਪ੍ਰਭਾਵ ਨੂੰ ਹੀ ਉਜਾਗਰ ਕੀਤਾ ਹੈ। ਚਲੰਤ ਮਾਮਲਿਆਂ ਤੇ ਆਪਣੀ ਰਾਇ ਦੇਣਾ ਕਿੱਸਾਕਾਰਾਂ ਵਲੋਂ ਇਕ ਰਵਾਇਤ ਬਣ ਗਈ ਸੀ। ਉਹ ਆਪਣੀ ਰਾਇ ਕਲਾਮੇ ਸ਼ਾਇਰ ਸਿਰਲੇਖ ਹੇਠ ਦੇਂਦੇ ਹਨ। ਵਾਰਿਸ਼ ਸ਼ਾਹ ਨੇ ਇਸ ਜੁਗਤ ਰਾਹੀਂ ਆਪਣੀ ਵਿਦਵਤਾ ਦਾ ਪ੍ਰਦਰਸ਼ਨ ਕੀਤਾ ਹੈ। ਜੇ ਉਹ ਜਾਤਾਂ ਬਾਰੇ ਲਿਖਦਾ ਹੈ ਤਾਂ ਉਸ ਸਮੇਂ ਦੀਆਂ ਪ੍ਰਚਲਿਤ ਜਾਤਾਂ ਦੀ ਸੂਚੀ ਦੇ ਦੇਂਦਾ ਹੈ। ਜੇ ਉਹ ਇਸਤਰੀ ਨਿੰਦਿਆ ਕਰਦਾ ਹੈ ਤਾਂ ਇਸਤਰੀਆਂ ਦੇ ਚਲਿੱਤਰ ਗਿਣਨ ਬੈਠ ਜਾਂਦਾ ਹੈ। ਪੀਲੂ ਦੇ ਉਪਲਬਧ ਕਿੱਸੇ ਵਿਚ ਕਲਾਮੇ ਸ਼ਾਇਰ ਦੀ ਅਣਹੋਂਦ ਹੈ। ਅੰਤ ਤੇ ਬਿਨਾਂ ਕਿਸੇ ਸਿਰਲੇਖ ਤੋਂ ਉਸ ਨੇ ਆਪਣੇ ਵਿਚਾਰ ਦਿੱਤੇ ਹਨ:

ਪੀਲੂ ਪੁਛੇ ਸ਼ਾਇਰ ਨੂੰ, ਕੈ ਵੱਲ ਗਿਆ ਜਹਾਨ।
ਬਹਿ ਬਹਿ ਗਈਆਂ ਮਜਲਿਸਾਂ, ਲੱਗ ਲੱਗ ਗਏ ਦੀਵਾਨ

ਰੁਮਾਂਸ ਕਿੱਸਿਆਂ ਦਾ ਜ਼ਰੂਰੀ ਤੱਤ ਹੈ। ਯਥਾਰਥਿਕ ਦੁਖਾਂਤ ਹੋਣ ਕਰਕੇ ਇਸ ਵਿੱਚ ਰੁਮਾਂਸ ਤੱਤ ਬਾਕੀ ਕਿੱਸਿਆਂ ਜਿੰਨਾਂ ਨਹੀਂ ਮਿਲਦਾ। ਮਿਰਜ਼ੇ ਦੀ ਬਹਾਦਰੀ ਨੂੰ ਰੁਮਾਂਟਿਕ ਪੱਧਰ ਤੇ ਚਿਤਰਿਆ ਗਿਆ ਹੈ। ਸਾਹਿਬਾਂ ਦੀ ਸੁੰਦਰਤਾ ਦੇ ਪ੍ਰਭਾਵ ਦਾ ਰੁਮਾਂਟਿਕ ਪੱਧਰ ਤੇ ਵਰਣਨ ਕੀਤਾ ਗਿਆ ਹੈ।'ਬੱਕੀ' ਘੋੜੀ ਦਾ ਵੀ ਰੁਮਾਂਟਿਕ ਪੱਧਰ ਤੇ ਚਿੱਤਰ ਪੇਸ਼ ਕੀਤਾ ਗਿਆ ਹੈ। ਪਾਤਰ ਵੀ ਰੁਮਾਂਟਿਕ ਪੱਧਰ ਤੇ ਪੇਸ਼ ਕੀਤੇ ਗਏ ਹਨ। ਮਿਰਜ਼ਾ ਤੇ ਸਾਹਿਬਾਂ ਦਾ ਪਿਆਰ ਵੀ ਰੁਮਾਂਟਿਕ ਪੱਧਰ ਦਾ ਹੈ। ਪਰਾਸਰੀਰਕ ਅੰਸ਼ਾਂ ਦਾ ਅਭਾਵ ਹੈ, ਪਰ ਕਿੱਸਾਕਾਰ ਨੇ ਹੋਣੀ ਦਾ ਰੂੜ੍ਹੀਗਤ ਪ੍ਰਯੋਗ ਕੀਤਾ ਹੈ।

ਪ੍ਰਤੀਭਾਸ਼ਾਲੀ ਕਿੱਸਾਕਾਰ ਹੋਣ ਕਾਰਨ ਪੀਲੂ ਨੇ ਆਪਣੇ ਕਿੱਸੇ ਵਿਚ ਬਹੁਤ ਸਾਰੇ ਇਤਿਹਾਸਕ-ਮਿਥਿਹਾਸਕ ਹਵਾਲੇ ਵੀ ਦਿੱਤੇ ਹਨ। ਉਸ ਨੇ ਰਾਜਾ ਰਸਾਲੂ, ਜੈਮਲ ਫੱਤਾ, ਦੁੱਲਾ ਭੱਟੀ, ਨਾਰਦ(ਮਿਥਿਹਾਸਕ), ਸ਼ਾਹ ਅਲੀ, ਗੁੱਗਾ ਚੌਹਾਨ, ਫਾਤਿਮਾ, ਹਸਨ, ਹੁਸੈਨ, ਮੂਸਾ, ਹਜ਼ਰਤ, ਮਲਕੁਲ, ਯਜ਼ੀਦ ਦੇ ਹਵਾਲੇ ਕਿੱਸੇ ਵਿਚ ਬੜੀ ਹੀ ਵਿਦਵਤਾ ਨਾਲ ਦਿੱਤੇ ਹਨ। ਇਸ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ

ਸਕਦਾ ਹੈ ਉਹ ਹਿੰਦੂ ਅਤੇ ਇਸਲਾਮੀ ਪਰੰਪਰਾ ਤੋਂ ਬਾਖ਼ੂਬੀ ਜਾਣਕਾਰ ਸੀ। ਉਸਦੀ ਰਚਨਾ ਵਿਚ ਇਹ ਵਰਣਨ ਪਰੰਪਰਾਗਤ ਹੈ। ਇਸਦਾ ਮੂਲ ਇਤਿਹਾਸ ਵੀ ਹੋ ਸਕਦਾ ਹੈ ਪਰ ਪੀਲੂ ਨੇ ਜਨ-ਸਾਧਾਰਨ ਦੀ ਪੱਧਰ ਤੱਕ ਪਹੁੰਚਾਉਣ ਲਈ ਇਹ ਹਵਾਲੇ ਦਿੱਤੇ ਹਨ। ਉਸਦੀ ਰਚਨਾ ਵਿਚੋਂ ਮਿਲਦੇ ਇਤਿਹਾਸਕ ਮਿਥਿਹਾਸਕ ਹਵਾਲਿਆਂ ਤੋਂ ਪਤਾ ਚਲਦਾ ਹੈ ਕਿ ਉਸਦੀ ਰਚਨਾ ਹਿੰਦੂ ਤੇ ਮੁਸਲਿਮ ਦੋਹਾਂ ਫ਼ਿਰਕਿਆਂ ਵਿਚ ਪੜ੍ਹੀ ਤੇ ਸੁਣਾਈ ਜਾਂਦੀ ਸੀ।ਇਹੀ ਕਾਰਨ ਹੈ ਕਿ ਉਸ ਦੀ ਰਚਨਾ ਇਨ੍ਹੀ ਲੋਕ-ਪ੍ਰਿਯ ਬਣ ਗਈ।

ਪੰਜਾਬੀ ਦਾ ਮੁਢਲਾ ਕਿੱਸਾਕਾਰ ਦਮੋਦਰ ਆਪਣੇ ਕਿੱਸਾ 'ਹੀਰ-ਰਾਂਝਾ' ਦਾ ਅੰਤ ਭਾਰਤੀ ਪਰੰਪਰਾ ਅਨੁਸਾਰ ਸੁਖਾਂਤ ਵਿਚ ਕਰਦਾ ਹੈ। ਅਦਲੀ ਰਾਜੇ ਵੱਲੋਂ ਜਦ ਰਾਂਝੇ ਨੂੰ ਹੀਰ ਸੌਂਪ ਦਿੱਤੀ ਜਾਂਦੀ ਹੈ ਤਾਂ ਉਹ ਦੋਵੇਂ ਮੱਕੇ ਦੇ ਹੱਜ ਨੂੰ ਚਲੇ ਜਾਂਦੇ ਹਨ। ਪੀਲੂ 'ਮਿਰਜ਼ਾ ਸਾਹਿਬਾਂ' ਦਾ ਕਿੱਸਾ ਰਚਨਵਾਲਾ ਪਹਿਲਾ ਕਿੱਸਾਕਾਰ ਹੈ ਜਿਸ ਨੇ ਆਪਣੇ ਕਿੱਸੇ ਦਾ ਅੰਤ ਦੁਖਾਂਤ ਵਿਚ ਕੀਤਾ ਹੈ। ਪੀਲੂ ਨੇ ਇਸ ਦੁਖਾਂਤ ਦੀ ਪੇਸ਼ਕਾਰੀ ਕਰੁਣਾਮਈ ਢੰਗ ਨਾਲ ਕੀਤੀ ਹੈ। ਇਹ ਪ੍ਰੇਮ ਵਿਆਹ ਹੈ ਕਿਉਂਕਿ ਚਾਹੇ ਮਿਰਜ਼ਾ ਸਾਹਿਬਾਂ ਦੋਵੇਂ ਹੀ ਇਕ ਜਾਤ/ਧਰਮ ਨਾਲ ਸੰਬੰਧਿਤ ਸਨ ਪਰ ਇਹ ਪ੍ਰੇਮ ਅਦਾਰਿਤ ਰਿਸ਼ਤਾ ਸਮਾਜ ਨੂੰ ਪ੍ਰਵਾਨਿਤ ਨਹੀਂ ਸੀ। ਸਮਾਜ ਨਾਲ ਟੱਕਰ ਲੈਣ ਵਾਲੇ ਨੂੰ ਦੁਖਾਂਤਕ ਅਵਸਥਾ ਵਿਚੋਂ ਹੀ ਗੁਜ਼ਰਨਾ ਪੈਂਦਾ ਹੈ। ਮਿਰਜ਼ਾ ਵੀ ਅਜਿਹਾ ਹੀ ਦੁਖਾਂਤ ਭੋਗਦਾ ਹੈ ਕਿਉਂਕਿ ਦਾਨਾਬਾਦ ਤੋਂ ਤੁਰਨ ਲੱਗਿਆ ਉਹ ਆਪਣੀ ਭੈਣ, ਮਾਂ ਅਤੇ ਬਾਪ ਦੇ ਆਖੇ ਨਹੀਂ ਲੱਗਦਾ।ਮਿਰਜ਼ਾ ਸਿਆਲਾਂ ਤੇ ਚੰਧੜਾਂ ਦੁਆਰਾ ਕਤਲ ਕਰ ਦਿੱਤਾ ਜਾਂਦਾ ਹੈ। ਸਾਹਿਬਾਂ ਦੇ ਅੰਤ ਬਾਰੇ ਭਾਵੇਂ ਕਿੱਸਾ ਚੁੱਪ ਹੈ ਪਰੰਤੂ ਕਿੱਸਾ ਪੜ੍ਹਨ ਤੇ ਇਹੋ ਪ੍ਰਭਾਵ ਮਿਲਦਾ ਹੈ ਕਿ ਸਾਹਿਬਾਂ ਵੀ ਪਿਆਰ ਦੀ ਬਲੀ ਚੜ੍ਹ ਗਈ। ਪੀਲੂ ਨੇ ਪੰਜਾਬੀ ਕਿੱਸਾ-ਕਾਵਿ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ।ਇੰਝ ਪੰਜਾਬੀ ਕਿੱਸਾ-ਕਾਵਿ ਭਾਰਤੀ ਪਰੰਪਰਾ ਨਾਲੋਂ ਟੁੱਟਕੇ ਯੂਨਾਨੀ ਪਰੰਪਰਾ ਵੱਲ ਨੂੰ ਝੁਕ ਜਾਂਦਾ ਹੈ।

ਪੀਲੂ ਦੇ ਕਿੱਸੇ ਵਿਚ ਪਾਤਰਾਂ ਦੀ ਗਿਣਤੀ ਸੀਮਤ ਰੱਖੀ ਹੈ। ਮੁੱਖ ਪਾਤਰ ਮਿਰਜ਼ਾਂ ਤੇ ਸਾਹਿਬਾਂ ਹਨ। ਬਾਕੀ ਗੌਣ ਪਾਤਰ ਹਨ। ਕਿੱਸੇ ਵਿਚ ਆਏ ਮਰਦ ਪਾਤਰ ਮਿਰਜ਼ਾ, ਖੀਵਾ ਖਾਨ, ਸ਼ਮੀਰ, ਫਿਰੋਜ਼ ਡੋਗਰ ਹਨ। ਇਸਤਰੀ ਪਾਤਰ ਸਾਹਿਬਾਂ, ਮਿਰਜ਼ੇ ਦੀ ਮਾ, ਸਹਿਤੀ ਤੇ ਬੀਬੋ ਹਨ। ਬੱਕੀ ਦਾ ਮਾਨਵੀਕਰਨ ਕਰਕੇ ਪਾਤਰ ਬਣਾ ਦਿੱਤਾ ਹੈ। ਮਿਰਜ਼ਾ ਤੇ ਸਾਹਿਬਾਂ ਨਾਇਕ ਤੇ ਨਾਇਕਾ ਹਨ। ਕਿੱਸੇ ਵਿਚਲੀ ਸਾਰੀ ਕਹਾਣੀ ਇਨ੍ਹਾਂ ਦੇ ਦੁਆਲੇ ਹੀ ਘੁੰਮਦੀ ਹੈ। ਪੀਲੂ ਨੇ ਮਿਰਜ਼ੇ ਦਾ ਬਿੰਬ ਇਕ ਅਣਖੀ ਪੰਜਾਬੀ ਸੂਰਮੇ ਦੇ ਤੌਰ ਤੇ ਪੇਸ਼ ਕੀਤਾ ਹੈ। ਉਸ ਨੂੰ ਆਪਣੀ ਤਾਕਤ ਤੇ ਬਹੁਤ ਗੁਮਾਨ ਹੈ। ਉਸ ਤੋਂ ਤਾਂ ਖ਼ੁਦਾ ਵੀ ਡਰਦਾ ਹੈ। ਮਿਰਜ਼ੇ ਨੂੰ ਕੇਵਲ ਆਪਣੇ ਆਮ ਤੇ ਹੀ ਨਹੀਂ, ਸਗੋਂ ਆਪਣੀ ਘੋੜੀ ਤੇ ਵੀ ਬਹੁਤ ਮਾਣ ਹੈ:

ਬੱਕੀ ਤੋਂ ਡਰਨ ਫ਼ਰਿਸ਼ਤੇ, ਮੈਥੋਂ ਡਰੇ ਖ਼ੁਦਾ।
ਚੁੱਭੇ ਵਿਚ ਪਤਾਲ, ਉਡ ਕੇ ਚੜ੍ਹੇ ਅਕਾਸ਼

ਮਿਰਜ਼ਾ ਹੱਡ ਮਾਸ ਦਾ ਬਣਿਆ ਲੋਕ-ਨਾਇਕ ਹੈ।ਪੀਲੂ ਨੇ ਮਿਰਜ਼ੇ ਨੂੰ ਇਕ ਸਧਾਰਨ ਵਿਅਕਤੀ ਵਜੋਂ ਨਹੀਂ ਪੇਸ਼ ਕੀਤਾ ਸਗੋਂ ਉਸ ਨੂੰ ਅਭਿਮਾਨੀ, ਜ਼ੋਰਾਵਰ, ਸਵੈ-ਵਿਸ਼ਵਾਸੀ ਮਰਦ ਦੇ ਤੌਰ ਤੇ ਪੇਸ਼ ਕੀਤਾ ਹੈ। ਉਹ ਅਜਿਹਾ ਨਾਇਕ ਹੈ ਜੋ ਆਪਣੀ ਅਣਖ ਖ਼ਾਤਰ ਆਪਣਾ ਆਪ ਕੁਰਬਾਨ ਕਰ ਦੇਂਦਾ ਹੈ। ਉਹ ਉਸ ਸਮੇਂ ਦੇ ਕਬੀਲੇਦਾਰੀ ਯੁੱਗ ਦੀ ਪ੍ਰਤੀਨਿਧਤਾ ਕਰਦਾ ਹੈ। ਪਿਆਰ ਨਾਲੋਂ ਉਸ ਵਿਚ ਅਣਖ ਤੇ ਜ਼ਜ਼ਬੇ ਦੀ ਪ੍ਰਧਾਨਤਾ ਹੈ। ਉਹ ਅਜਿਹਾ ਆਦਰਸ਼ਕ ਸੂਰਮਾ ਹੋ ਨਿਬੜਦਾ ਹੈ ਜੋ ਆਪਣੀ ਮੰਗ ਨੂੰ ਛੱਡਣਾ ਆਪਣੀ ਹੱਤਕ ਸਮਝਦਾ ਹੈ। ਮਿਰਜ਼ਾ ਪੰਜਾਬੀ ਨੌਜਵਾਨਾਂ ਦੀ ਅਣਖ ਅਤੇ ਬਹਾਦਰੀ ਦਾ ਪ੍ਰਤੀਕ ਬਣ ਗਿਆ ਹੈ। ਪੀਲੂ ਦੇ 'ਮਿਰਜ਼ਾ ਸਾਹਿਬਾਂ' ਕਿੱਸੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਮਿਰਜ਼ੇ ਦੀ ਹੋਣੀ ਨੂੰ ਕੋਈ ਵੀ ਰੱਬੀ ਸ਼ਕਤੀ ਪ੍ਰਭਾਵਿਤ ਨਹੀਂ ਕਰਦੀ ਸਗੋਂ ਉਸ ਦਾ ਆਪਣੀ ਤਾਕਤ ਉੱਤੇ ਅੰਧ ਵਿਸ਼ਵਾਸ਼ ਹੀ ਉਸ ਦੀ ਮੌਤ ਦਾ ਕਾਰਨ ਬਣਦੇ ਹਨ। ਇਸੇ ਤਰ੍ਹਾਂ ਸਾਹਿਬਾਂ ਵੀ ਇਕ ਅਣਖੀਲੀ ਪੰਜਾਬੀ ਮੁਟਿਆਰ ਵਾਂਗ ਆਪਣੇ ਪਿਆਰ ਵਿਚ ਪਰਪੱਕ ਰਹਿੰਦੀ ਹੈ ਤੇ ਸਮਾਜਿਕ ਬੰਧਨਾ ਨੂੰ ਲੱਤ ਮਾਰ ਕੇ ਮਿਰਜ਼ੇ ਨਾਲ ਉਧਲ ਜਾਂਦੀ ਹੈ। ਦੋ ਪ੍ਰੇਮੀ ਸਮਾਜਿਕ ਬੰਧਨਾ ਦੀ ਕੈਦ ਨਹੀਂ ਮੰਨਦੇ। ਉਹ ਸੱਚੇ ਪਿਆਰ ਪਿੱਛੇ ਆਪਣੀ ਜਾਨ ਦੇ ਦੇਂਦੇ ਹਨ।

ਪੀਲੂ 'ਮਿਰਜ਼ਾ ਸਾਹਿਬਾਂ' ਨੂੰ ਕਾਵਿ ਰੂਪ ਦੇਣ ਵਾਲਾ ਪਹਿਲਾ ਕਿੱਸਾਕਾਰ ਹੈ ਉਸ ਤੋਂ ਪਿਛਲੇਰੇ ਕਵੀਆਂ ਵਿਚੋਂ ਕਵੀਆਂ ਵਿਚੋਂ ਕੋਈ ਵੀ ਹੋਰ ਮਿਰਜ਼ਾ ਸਾਹਿਬਾਂ ਲਿਖ ਕੇ ਉਸ ਜਿਨ੍ਹੀ ਸ਼ੋਹਰਤ ਨਹੀਂ ਖੱਟ ਸਕਿਆ, ਕਿਉਂਕਿ ਮਿਰਜ਼ਾ ਸਾਹਿਬਾਂ ਦੇ ਕਿੱਸਾ ਕਵੀਆਂ ਵਿਚੋਂ ਘੱਟ ਕਿੱਸਾਕਾਰਾਂ ਨੂੰ ਹੀ ਲੋਕ-ਪ੍ਰਵਾਨਗੀ ਮਿਲੀ। ਪੀਲੂ ਤੋਂ ਇਲਾਵਾ ਮੱਧਕਾਲ ਵਿਚ ਹਾਫ਼ਿਜ਼ ਬਰਖ਼ੁਰਦਾਰ, ਅਹਿਮਦਯਾਰ ਤੇ ਭਗਵਾਨ ਸਿੰਘ ਨੇ ਮਿਰਜ਼ਾ ਸਾਹਿਬਾਂ ਦੀ ਕਥਾ ਉੱਤੇ 'ਸੱਦ' ਵਿੱਚ ਕਿੱਸੇ ਲਿਖੇ। ਸੋ ਮਿਰਜ਼ਾ ਸਾਹਿਬਾਂ ਲਿਖਣ ਵਾਲੇ ਵਧੇਰੇ ਕਵੀ ਅਣਜਾਣੇ ਹੀ ਰਹਿ ਗਏ ਤੇ ਗੁਮਨਾਮੀ ਵਿਚ ਵਿਚਰਦੇ ਰਹੇ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਵਿਚੋਂ ਵਧੇਰੇ ਪੀਲੂ, ਹਾਫ਼ਿਜ਼ ਬਰਖੁਰਦਾਰ, ਅਹਿਮਦਯਾਰ ਜਾਂ ਭਗਵਾਨ ਸਿੰਘ ਦੀ ਪੱਧਰ ਤਕ ਨਾ ਤਾਂ ਪੁਹੰਚ ਹੀ ਸਕੇ ਅਤੇ ਨਾ ਹੀ ਉਨ੍ਹਾਂ ਜਿੰਨੀ ਪ੍ਰਸਿੱਧੀ ਹਾਸਿਲ ਕਰ ਸਕੇ। ਪੀਲੂ, ਹਾਫ਼ਿਜ਼ ਬਰਖੁਰਦਾਰ ਤੇ ਰਾਂਝਾ ਬਰਖੁਰਦਾਰ ਦੇ ਪਿਛੋਂ ਮਹੁੰਮਦ ਦੀਨ, ਭਗਵਾਨ ਸਿੰਘ, ਮੁਹੰਮਦ ਬੂਟਾ ਗੁਜਰਾਤੀ ਆਦਿ ਕਵੀਆਂ ਨੇ ਕਿੱਸੇ ਲਿਖੇ ਜਿਹੜੇ ਬਹੁਤ ਮਸ਼ਹੂਰ ਹੋਏ। ਕਿੱਸਾ ਰਚਨਾ ਲਈ ਇਨ੍ਹਾਂ ਨੇ ਵੱਖ-ਵੱਖ ਛੰਦ ਰੂਪ ਵਰਤੇ ਪਰੰਤੂ ਇਸਦਾ ਹਰਮਨ ਪਿਆਰਾ ਰੂਪ 'ਸੱਦ' ਹੀ ਰਿਹਾ।

ਪੀਲੂ ਦੀ ਕਲਮ ਰਾਹੀਂ ਕਿੱਸਾ 'ਮਿਰਜ਼ਾ ਸਾਹਿਬਾਂ' ਇਸ ਤਰ੍ਹਾਂ ਪੇਸ਼ ਹੋਇਆ ਹੈ ਕਿ ਇਹ ਪੰਜਾਬੀ ਜੀਵਨ ਦੇ ਬਹੁਤ ਨੇੜੇ ਜਾਪਦਾ ਹੈ। ਸੱਸੀ ਪੁੰਨੂ, ਸੋਹਣੀ ਮਹੀਵਾਂਲ ਤੇ ਹੀਰ ਰਾਂਝਾ ਨੂੰ ਵੱਖ-ਵੱਖ ਕਵੀਆਂ ਵੱਲੋਂ ਕਈ ਢੰਗਾਂ ਨਾਲ ਪੇਸ਼ ਕੀਤਾ ਗਿਆ ਹੈ ਪਰ ਉਹ ਪੰਜਾਬੀ ਜਨ-ਜੀਵਨ ਦੇ ਵਧੇਰੇ ਨਜ਼ਦੀਕ ਨਹੀਂ ਜਾਪਦੇ ਜਿਨ੍ਹਾਂ ਕਿ ਮਿਰਜ਼ਾ ਸਹਿਬਾਂ ਦਾ ਕਿੱਸਾ। ਇਸ ਦਾ ਕਾਰਨ ਹੈ ਕਿ ਪਾਤਰ ਮਿਰਜ਼ਾ ਤੇ ਸਾਹਿਬਾਂ ਕ੍ਰਮਵਾਰ ਦੋਵੇਂ ਪੰਜਾਬੀ ਗੱਭਰੂ ਅਤੇ ਮੁਟਿਆਰ ਦੀ ਪ੍ਰਤੀਨਿਧਤਾ ਕਰਦੇ ਪ੍ਰਤੀਤ ਹੁੰਦੇ ਹਨ। ਪੀਲੂ ਦਾ ਇਹ ਕਿੱਸਾ ਉਸੇ ਤਰ੍ਹਾਂ ਮਹਾਨਤਾ ਹਾਸਿਲ ਕਰ ਸਕਿਆ ਹੈ ਜੋ ਕਿ ਵਾਰਿਸ ਸ਼ਾਹ ਦੀ ਹੀਰ, ਹਾਸ਼ਮ ਦੀ ਸੱਸੀ, ਕਾਦਰਯਾਰ ਦੇ ਪੂਰਨ ਭਗਤ ਤੇ ਫਜ਼ਲ ਦੀ ਸੋਹਣੀ ਨੂੰ ਪ੍ਰਾਪਤ ਹੈ। ਪੀਲੂ ਦਾ ਇਹ ਕਿੱਸਾ ਪਹਿਲਾ ਸਫ਼ਲ ਦੁਖਾਂਤ ਹੈ ਜਿਸ ਵਿਚ ਦੋ ਸੱਚੇ ਆਸ਼ਕ ਪਿਆਰ ਪਿੱਛੇ ਆਪਣੀ ਜਾਨ ਕੁਰਬਾਨ ਕਰ ਦੇਂਦੇ ਹਨ। ਇਸ ਨੇ ਕਿੱਸਾ ਕਾਵਿ ਨੂੰ ਇਕ ਨਵਾ ਮੋੜ ਦੇ ਕੇ ਇਕ ਨਵੀਂ ਪਰੰਪਰਾ ਨੂੰ ਜਨਮ ਦਿੱਤਾ।ਸੋ ਅੰਤ ਤੇ ਕਿਹਾ ਜਾ ਸਕਦਾ ਹੈ ਕਿ ਪੀਲੂ ਦੇ ਸੱਦ ਕਾਵਿ ਰੂਪ ਵਿਚ ਲਿਖੇ ਕਿੱਸੇ ਨੇ ਪੰਜਾਬੀ ਸਾਹਿਤ ਖ਼ਾਸ ਕਰਕੇ ਕਿੱਸਾ ਸਾਹਿਤ ਵਿਚ ਇਕ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ਹੈ।

ਪਾਠ ਨੰਬਰ : 2.4

ਚਰਨਜੀਤ ਕੌਰ (ਰਿਸਰਚ ਸਕਾਲਰ)

# ਪੰਜਾਬੀ ਕਿੱਸਾ ਕਾਵਿ ਅਤੇ ਕਾਦਰਯਾਰ

ਕਿੱਸਾ ਸਾਹਿਤ ਅਜਿਹਾ ਸਾਹਿਤ ਹੈ ਜਿਸ ਵਿੱਚ ਪਹਿਲੀ ਵਾਰ ਮਨੁੱਖ ਦੀ ਹੋਂਦ ਦੇ ਮਹੱਤਵ ਨੂੰ ਸਵੀਕਾਰਿਆ ਗਿਆ ਮੱਧਕਾਲੀ ਕਾਵਿ ਵਿੱਚ ਸਾਹਿਤ ਸਿਰਜਣਾ ਦਾ ਕੇਂਦਰ ਬਿੰਦੂ ਮਨੁੱਖ ਦੀ ਬਜਾਇ ਪਰਮਾਤਮਾ ਸੀ, ਜਿਸ ਵਿਚ ਮਨੁੱਖ ਆਪਣੀ ਹੋਂਦ ਨੂੰ ਭੁਲਾ ਕੇ ਪਰਮਾਤਮਾ ਦੇ ਮਿਲਾਪ ਨੂੰ ਹੀ ਆਪਣਾ ਲਕਸ਼ ਮੰਨਦਾ ਸੀ ਡਾ. ਰਤਨ ਸਿੰਘ ਜੱਗੀ ਅਨੁਸਾਰ,

"ਕਿੱਸੇ ਇੱਕ ਪ੍ਰਕਾਰ ਦੇ 'ਲੋਕ ਵੇਦ' ਹਨ, ਜਿਨ੍ਹਾਂ ਵਿੱਚ ਜਾਤੀਯ ਘਟਨਾਵਾਂ ਚਿਤ੍ਰਿਤ ਹੋਈਆਂ ਹਨ ਅਤੇ ਜਿਨ੍ਹਾਂ ਨੇ ਜਨ-ਜੀਵਨ ਵਿੱਚ ਸਰਵੋਤਮ ਥਾਂ ਬਣਾਈ ਹੈ"[1]

ਕਿੱਸਾ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸਦਾ ਅਰਥ ਹੈ ਕਹਾਣੀ ਕਥਾ ਜਾਂ ਬਿਰਤਾਂਤ ਕਿੱਸੇ ਵਿੱਚ ਮੁੱਖ ਤੌਰ ਤੇ ਨਾਇਕ, ਨਾਇਕਾ ਦਾ ਪ੍ਰੇਮ, ਬੀਰਤਾ ਜਾਂ ਭਗਤੀ ਆਦਿ ਵਰਣਨ ਕੀਤਾ ਜਾਂਦਾ ਹੈ ਡਾ. ਕਾਲਾ ਸਿੰਘ ਬੇਦੀ ਦੇ ਅਨੁਸਾਰ,

"ਕਿੱਸਾ ਕਾਵਿ ਮੁਸਲਮਾਨੀ ਕਾਲ ਨਾਲ ਪੰਜਾਬੀ ਵਿੱਚ ਅਰਬੀ, ਫ਼ਾਰਸੀ ਰਾਹੀਂ ਦਾਖ਼ਲ ਹੋਇਆ 'ਕਿੱਸਾ' ਸ਼ਬਦ ਦਾ ਧਾਤੂ 'ਕਸ਼' (ਅਰਬੀ) ਸ਼ਬਦ ਹੈ, ਜਿਸ ਦੇ ਅਰਥ 'ਪਿੱਛੇ ਜਾਣ ਜਾਂ ਪਿੱਛਾ ਕਰਨਾ' ਜਾਂ ਖਬਰ ਦੇਣਾ ਦੇ ਹਨ ਇਸ ਦਾ ਮਤਲਬ ਇਹ ਹੈ ਕਿ ਪੁਰਾਣੀ ਜਾਂ ਨਵੀਂ ਘਟਨਾ ਦਾ ਬਿਆਨ ਕਰਨਾ, ਕੋਈ ਪ੍ਰੀਤ ਕਹਾਣੀ ਕਵਿਤਾ, ਬੱਧ ਕਰਕੇ ਕਹਿਣ"[2] ਪੰਜਾਬੀ ਕਿੱਸੇ ਨੇ ਆਪਣੇ ਕਲਾਵੇ ਅੰਦਰ ਪ੍ਰੇਮ, ਬਹਾਦਰੀ, ਧਰਮ, ਸਮਾਜ ਸੁਧਾਰ, ਦੇਸ਼ ਭਗਤੀ, ਤਿਆਗ ਆਦਿ ਨੂੰ ਸਮੋਂ ਲਿਆ ਹੈ, ਪ੍ਰੰਤੂ ਇਸ ਨੂੰ ਰੂੜ ਰੂਪ ਵਿੱਚ ਪ੍ਰੀਤ ਨਾਲ ਹੀ ਜੋੜਿਆ ਜਾਂਦਾ ਹੈ ਡਾ. ਕਰਨੈਲ ਸਿੰਘ ਅਨੁਸਾਰ,

"ਕਿੱਸਾ ਮੁੱਖ ਰੂਪ ਵਿੱਚ ਇੱਕ ਅਜਿਹੀ ਵਿਲੱਖਣ ਕਲਾਤਮਕ ਤੇ ਬਿਰਤਾਂਤਮਈ ਕਾਵਿਕ ਸਿਰਜਣਾ ਹੈ ਜਿਹੜੀ ਕਥਾ, ਕਥਾਨਕ, ਪਾਤਰ ਸਥਿਤੀ ਅਤੇ ਮਾਹੌਲ ਦੇ ਮਾਧਿਅਮ ਦੁਆਰਾ ਇੱਕ ਵਿਸ਼ੇਸ਼ ਪ੍ਰਕਾਰ ਦਾ ਕਾਵਿ-ਮਾਡਲ ਉਸਾਰਨ ਵੱਲ ਰੁਚਿਤ ਹੁੰਦੀ ਹੈ"[3]

ਪੰਜਾਬੀ ਵਿੱਚ ਜਿੱਥੇ ਇੱਕ ਪਾਸੇ ਹੀਰ ਰਾਂਝੇ, ਸੱਸੀ-ਪੰਨੂ, ਮਿਰਜਾ-ਸਾਹਿਬਾਂ, ਸੋਹਣੀ-ਮਹੀਵਾਲ, ਲੈਲਾ-ਮਜਨੂੰ, ਸੀਰੀ-ਫ਼ਰਹਾਦ ਆਦਿ ਪ੍ਰੀਤ ਕਹਾਣੀਆਂ ਤੇ ਆਧਾਰਿਤ ਕਿੱਸਾ ਰਚਨਾ ਹੋਈ ਉੱਥੇ ਹੀ ਤਿਆਗ, ਭਗਤੀ ਦੇ ਵਿਸ਼ਿਆਂ ਨਾਲ ਸਬੰਧਤ ਕਹਾਣੀਆਂ ਜਿਵੇਂ ਪੂਰਨ ਭਗਤ ,ਹਕੀਕਤ ਰਾਏ, ਰਾਜਾ ਗੋਪੀਚੰਦ ਆਦਿ ਦੇ ਕਿੱਸੇ ਵੀ ਰਚੇ ਗਏ ਇਸ ਦੇ ਨਾਲ ਹੀ ਰੁਮਾਂਟਿਕ ਕਿੱਸੇ ਜਿਵੇਂ ਸ਼ਾਹ ਬਹਿਰਾਮ, ਸ਼ੈਫ਼ਲ ਮਲੂਕ ਵੀ ਰਚੇ ਗਏ

ਭਾਰਤੀ ਸਾਹਿਤ ਪ੍ਰੰਪਰਾ ਵਿੱਚ ਬਿਰਤਾਂਤਕ ਕਾਵਿ ਦਾ ਰਿਵਾਜ ਬਹੁਤ ਪੁਰਾਣਾ ਚਲਿਆ ਸੀ, ਪਰੰਤੂ ਪੰਜਾਬੀ ਸਾਹਿਤ ਵਿੱਚ ਇਹ ਰਿਵਾਜ ਸੋਲ੍ਹਵੀਂ ਸਦੀ ਵਿੱਚ ਆਇਆ ਇਸ ਦਾ ਮੁੱਢ ਦਮੋਦਰ ਆਪਣੀ ਰਚਨਾ ਹੀਰ ਨਾਲ ਬੰਨ੍ਹਦਾ ਹੈ ਇਸ ਤੋਂ ਬਾਅਦ ਪੰਜਾਬੀ ਸਾਹਿਤ ਵਿੱਚ ਬਹੁ-ਗਿਣਤੀ ਵਿੱਚ ਕਿੱਸੇ ਲਿਖੇ ਗਏ

ਪੰਜਾਬੀ ਕਿੱਸਾ ਸਾਹਿਤ ਨੂੰ ਪੰਜ ਕਾਲਾਂ ਵਿੱਚ ਵੰਡਿਆ ਜਾਂਦਾ ਹੈ:

(ੳ) ਪੂਰਵ-ਨਾਨਕ ਕਾਲ (800ਈ. ਤੋਂ 1450 ਈ. ਤੱਕ)
(ਅ) ਨਾਨਕ ਕਾਲ (1450 ਈ. ਤੋਂ 1700 ਈ. ਤੱਕ)
(ੲ) ਪਿਛਲਾ ਮੁਗਲਈ ਕਾਲ (1700 ਈ. ਤੋਂ 1800 ਈ. ਤੱਕ)
(ਸ) ਰਣਜੀਤ ਸਿੰਘ ਕਾਲ (1800 ਈ. ਤੋਂ 1860 ਈ. ਤੱਕ)
(ਹ) ਆਧੁਨਿਕ ਕਾਲ (1860 ਈ. ਤੋਂ ਹੁਣ ਤੱਕ)

**(ੳ) ਪੂਰਵ ਨਾਨਕ ਕਾਲ :**

ਉਪਲੱਬਧ ਖੋਜ ਦੇ ਆਧਾਰ ਤੇ ਸਾਨੂੰ ਇਸ ਕਾਲ ਵਿੱਚ ਕੋਈ ਕਿੱਸਾ ਰਚਨਾ ਨਹੀਂ ਮਿਲਦੀ ਡਾ. ਮੋਹਨ ਸਿੰਘ ਦੀਵਾਨਾ ਨੇ ਇਸ ਕਾਲ ਵਿੱਚ ਇੱਕ ਪ੍ਰਸ਼ਯ ਨਾਂ ਦੇ ਕਿੱਸਾਕਾਰ ਦਾ ਜ਼ਿਕਰ ਕੀਤਾ ਹੈ ਜਿਸ ਨੇ ਸੱਸੀ ਪੁੰਨੂੰ ਦਾ ਕਿੱਸਾ ਰਚਿਆ ਪਰੰਤੂ ਇਸ ਬਾਰੇ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਇਸ ਸਮੇਂ ਤੱਕ ਸਦਾਚਾਰਕ ਅਤੇ ਅਧਿਆਤਮਕ ਸਾਹਿਤਕ ਰਚਨਾਵਾਂ ਦਾ ਬੋਲਬਾਲਾ ਸੀ ਇਸ ਸੰਬੰਧੀ ਅੰਦਾਜ਼ਾ ਯੋਗੀਆਂ ਦੀਆਂ ਰਚਨਾਵਾਂ ਅਤੇ

---

1 ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨਾ 194
2 ਕਾਲਾ ਸਿੰਘ ਬੇਦੀ, ਖੋਜ ਪੱਤ੍ਰਿਕਾ, (ਕਿੱਸਾ ਕਾਵਿ ਅੰਕ), ਸੰਪਾ. ਪ੍ਰੋ. ਰਤਨ ਸਿੰਘ ਜੱਗੀ, ਪੰਨਾ-151.
3 ਕਰਨੈਲ ਸਿੰਘ, ਪੰਜਾਬੀ ਕਿੱਸਾ ਕਾਵਿ ਦਾ ਵਿਚਾਰਧਾਰਕ ਪੱਖ, ਪੰਨਾ-34.

ਬਾਬਾ ਫ਼ਰੀਦ ਦੀ ਰਚਨਾ ਤੋਂ ਲਗਾਇਆ ਜਾ ਸਕਦਾ ਹੈ

**(ਅ) ਨਾਨਕ ਕਾਲ :**

ਇਸ ਕਾਲ ਵਿੱਚ ਦਮੋਦਰ, ਪੀਲੂ, ਹਾਫਿਜ਼ ਬਰਖੁਰਦਾਰ, ਅਹਿਮਦ ਗੁੱਜਰ ਆਦਿ ਪ੍ਰਮੁੱਖ ਕਿੱਸਾਕਾਰ ਹੋਏ ਇਨ੍ਹਾਂ ਕਿੱਸਾਕਾਰਾਂ ਨੇ ਨਾ ਸਿਰਫ਼ ਮੁੱਢਲੇ ਕਿੱਸੇ ਪੰਜਾਬੀ ਸਾਹਿਤ ਨੂੰ ਦਿੱਤੇ ਬਲਕਿ ਪੰਜਾਬੀ ਕਿੱਸਾ ਸਾਹਿਤ ਦੀ ਮਜ਼ਬੂਤ ਨੀਂਹ ਰੱਖੀ ਦਮੋਦਰ ਨੇ ਹੀਰ ਦਾ ਕਿੱਸਾ ਪੰਜਾਬੀ ਸਾਹਿਤ ਨੂੰ ਦਿੱਤਾ, ਜੋ ਇੱਕ ਸੁਖਾਂਤਕ ਰਚਨਾ ਹੈ ਇਹ ਕਿੱਸਾ ਦਵੱਈਆ ਛੰਦ ਵਿੱਚ ਮਿਲਦਾ ਹੈ ਇਸ ਕਿੱਸੇ ਵਿੱਚ ਦਮੋਦਰ ਦ੍ਰਿਸ਼ ਚਿਤਰਣ ਦੀ ਬਜਾਏ ਘਟਨਾਵਾਂ ਦੇ ਬਿਆਨ ਪੇਸ਼ ਕਰਦਾ ਹੈ ਪੀਲੂ ਇਸ ਕਾਲ ਦਾ ਦੂਜਾ ਕਿੱਸਾਕਾਰ ਹੈ, ਜਿਸਨੇ ਮਿਰਜੇ ਸਾਹਿਬਾ ਦਾ ਕਿੱਸਾ ਰਚਿਆ ਇਸ ਕਿੱਸੇ ਦੀ ਬੋਲੀ ਠੇਠ ਹੈ ਇਸੇ ਤਰ੍ਹਾਂ ਹਾਫ਼ਿਜ਼, ਬਰਖੁਰਦਾਰ ਨੇ ਯੂਸਫ਼ ਜੁਲੈਖਾ, ਸੱਸੀ ਪੁੰਨੂੰ, ਮਿਰਜਾ ਸਾਹਿਬਾ ਆਦਿ ਕਿੱਸਿਆਂ ਦੀ ਰਚਨਾ ਕੀਤੀ ਅਤੇ ਅਹਿਮਦ ਗੁੱਜਰ ਨੇ ਹੀਰ ਦਾ ਕਿੱਸਾ ਰਚਿਆ ਜੋ ਅੱਗੇ ਜਾ ਕੇ ਵਾਰਿਸ ਦੀ ਹੀਰ ਦਾ ਅਧਾਰ ਬਣਦਾ ਹੈ

**(ੲ) ਪਿਛਲਾ ਮੁਗਲਈ ਕਾਲ:**

ਇਸ ਕਾਲ ਵਿੱਚ ਵੀ ਨਿਰੋਲ ਪ੍ਰੇਮ-ਮਈ ਕਿੱਸੇ ਹੀ ਲਿਖੇ ਗਏ ਇਸ ਕਾਲ ਵਿੱਚ ਕਿੱਸਾ ਕਾਵਿ ਵਾਰਿਸ ਸ਼ਾਹ ਦੀ ਹੀਰ ਨਾਲ ਆਪਣੇ ਸਿਖਰ ਤੇ ਪੁੱਜਦਾ ਹੈ ਵਾਰਿਸ ਤੋਂ ਪਹਿਲਾਂ ਮੁਕਬਲ ਨਾਂ ਦਾ ਕਿੱਸਾਕਾਰ ਇਸ ਕਾਲ ਵਿੱਚ ਹੁੰਦਾ ਹੈ ਪੂਰਾ ਨਾਂ ਸ਼ਾਹਜਹਾਨ ਸੀ, ਮੁਕਬਲ ਉਸਦਾ ਤਖੱਲਸ ਸੀ ਉਸਨੇ ਹੀਰ ਦੇ ਕਿੱਸੇ ਦੀ ਰਚਨਾ ਕੀਤੀ ਇਹ ਕਿੱਸਾ ਦੁਖਾਂਤਕ ਹੈ

ਇਸ ਕਾਲ ਵਿੱਚ ਹੀ ਵਾਰਿਸ ਸ਼ਾਹ ਨੇ ਆਪਣੀ ਸ਼ਾਹਕਾਰ ਹੀਰ ਦਿੱਤੀ ਹੀਰ ਦੇ ਇਸ ਕਿੱਸੇ ਨਾਲ ਹੀ ਕਿੱਸਾ-ਕਾਵਿ ਪਰੰਪਰਾ ਆਪਣੇ ਸਿਖਰ ਤੇ ਪੁੱਜਦੀ ਹੈ ਅਸਲ ਵਿੱਚ ਵਾਰਿਸ ਸ਼ਾਹ ਦੀ ਮਹਾਨਤਾ ਹੀਰ ਦੀ ਕਹਾਣੀ ਕਰਕੇ ਨਹੀਂ ਸਗੋਂ ਇਸ ਦੇ ਨਿਭਾਅ ਕਰਕੇ ਹੈ

ਇਸ ਤੋਂ ਇਲਾਵਾ ਹਾਮਦ ਵੀ ਇਸ ਕਾਲ ਦਾ ਇਕ ਹੋਰ ਕਿੱਸਾਕਾਰ ਹੈ, ਜਿਸਨੇ ਹੀਰ ਦੇ ਕਿੱਸੇ ਦੀ ਰਚਨਾ 22 ਸਾਲਾਂ ਵਿੱਚ ਕੀਤੀ, ਜੋ ਬੈਂਤ ਛੰਦ ਵਿੱਚ ਹੈ

**(ਸ) ਰਣਜੀਤ ਸਿੰਘ ਕਾਲ:**

ਇਸ ਕਾਲ ਵਿੱਚ ਚਾਰ ਪ੍ਰਮੁੱਖ ਕਿੱਸਾਕਾਰ ਹੋਏ ਇਹ ਹਨ ਹਾਸ਼ਮ ਸ਼ਾਹ, ਅਹਿਮਦਯਾਰ, ਕਾਦਰਯਾਰ, ਅਮਾਮ ਬਖਸ਼ ਹਾਸ਼ਮ ਜਿੱਥੇ ਪ੍ਰਸਿੱਧ ਕਿੱਸਕਾਰ ਸੀ, ਉੱਥੇ ਹੀ ਉਹ ਇੱਕ ਪ੍ਰਸਿੱਧ ਸੂਫ਼ੀ ਕਵੀ ਵੀ ਸੀ ਉਸਦੇ ਲਿਖੇ ਹੋਏ ਛੇ ਕਿੱਸੇ : ਹੀਰ ਰਾਂਝਾ, ਸੋਹਣੀ-ਮਹੀਵਾਲ, ਸੱਸੀ-ਪੁੰਨੂੰ, ਸ਼ੀਰੀ-ਫਰਹਾਦ, ਮਹਿਮੂਦ ਸ਼ਾਹ ਗਜਨਵੀ ਅਤੇ ਲੈਲਾ-ਮਜ਼ਨੂੰ ਮਿਲਦੇ ਹਨ ਹਾਸ਼ਮ ਦਾ ਕਿੱਸਾ ਸੱਸੀ-ਪੁੰਨੂੰ ਉਸਦੀ ਸ਼ਾਹਕਾਰ ਰਚਨਾ ਹੈ, ਜਿਸ ਵਿੱਚ ਸੱਸੀ ਦੇ ਬਿਰਹਾ, ਦਰਦ, ਵਲਵਲੇ ਆਦਿ ਦੀ ਹੂਕ ਨੂੰ ਸੁੰਦਰ ਨਿਭਾਅ ਰਾਹੀਂ ਪੇਸ਼ ਕੀਤਾ ਹੈ

ਗਿਣਾਤਮਕ ਪੱਖੋਂ ਅਨੇਕ ਕਿੱਸੇ ਦੇਣ ਵਾਲਾ ਅਹਿਮਦਯਾਰ ਵੀ ਇਸ ਕਾਲ ਦਾ ਪ੍ਰਸਿੱਧ ਕਿੱਸਾਕਾਰ ਹੈ ਉਸਨੇ ਸੱਸੀ-ਪੁੰਨੂੰ, ਹੀਰ-ਰਾਂਝਾ, ਸੋਹਣੀ-ਮਹੀਵਾਲ, ਹਾਤਮਤਾਈ, ਰਾਜਬੀਬੀ, ਚੰਦਰ ਬਦਨ, ਯੂਸਫ਼ ਜੁਨੈਖਾ, ਕਾਮਰੂਪ, ਸੈਫ਼ੁਲ ਮਲੂਕ ਆਦਿ ਪ੍ਰਸਿੱਧ ਕਿੱਸੇ ਪੰਜਾਬੀ ਸਾਹਿਤ ਨੂੰ ਦਿੱਤੇ ਅਧਿਐਨ ਅਧੀਨ ਕਿੱਸੇ ਪੂਰਨ ਭਗਤ ਦਾ ਕਿੱਸਾਕਾਰ ਕਾਦਰਯਾਰ ਵੀ ਇਸੇ ਕਾਲਦਾ ਹੀ ਹੈ ਇਸ ਤੋਂ ਇਲਾਵਾ ਅਮਾਮ ਬਖਸ਼, ਜਿਸਨੇ ਲੈਲਾ-ਮਜਨੂੰ, ਚੰਦਨ-ਬਦਨ, ਗੁਲ-ਸਨੋਬਰ, ਸ਼ਾਹ ਬਹਿਰਾਮ ਆਦਿ ਕਿੱਸੇ ਰਚੇ ਪਰ ਇਸ ਕਿੱਸਾਕਾਰ ਦੇ ਕਿੱਸੇ ਸ਼ਾਹ ਬਹਿਰਾਮ ਨੇ ਸਭ ਤੋਂ ਵੱਧ ਪ੍ਰਸਿੱਧੀ ਹਾਸਲ ਕੀਤੀ

**ਆਧੁਨਿਕ ਕਾਲ:**

ਇਸ ਕਾਲ ਵਿੱਚ ਭਾਵੇਂ ਬਹੁਤ ਸਾਰੇ ਕਿੱਸਾਕਾਰ ਹੋਏ, ਪਰੰਤੂ ਪ੍ਰਸਿੱਧੀ ਥੋੜ੍ਹੇ ਕਿੱਸਾਕਾਰਾਂ ਨੂੰ ਹੀ ਪ੍ਰਾਪਤ ਹੋਈ ਇਨ੍ਹਾਂ ਵਿਚੋਂ ਫਜ਼ਲ ਸ਼ਾਹ, ਕਿਸ਼ਨ ਸਿੰਘ ਆਰਿਫ਼, ਭਗਵਾਨ ਸਿੰਘ, ਮੌਲਾ ਬਖਸ਼ ਕੁਸ਼ਤਾ, ਕਾਲੀਦਾਸ ਗੁਜਰਾਂਵਾਲੀਆ, ਦੌਲਤਰਾਮ ਆਦਿ ਕਿੱਸਾਕਾਰ ਹੀ ਆਪਣੀ ਪਛਾਣ ਬਣਾ ਸਕੇ ਫਜ਼ਲ ਸ਼ਾਹ ਆਪਣੇ ਕਿਸੇ ਸੋਹਣੀ-ਮਹੀਵਾਲ ਕਰਕੇ ਪ੍ਰਸਿੱਧ ਹੈ ਕਿਸ਼ਨ ਸਿੰਘ ਆਰਿਫ਼ ਨੇ ਬਹੁਤ ਸਾਰੀਆਂ ਰਚਨਾਵਾਂ ਰਚੀਆਂ, ਪ੍ਰੰਤੂ ਹੀਰ-ਰਾਂਝਾ, ਸ਼ੀਰੀ-ਫਰਹਾਦ, ਦੁੱਲਾ ਭੱਟੀ, ਪੂਰਨ ਭਗਤ ਅਤੇ ਰਾਜਾ ਰਸਾਲੂ ਆਦਿ ਉਸਦੀਆਂ ਪ੍ਰਸਿੱਧ ਪ੍ਰਾਪਤ ਰਚਨਾਵਾਂ ਹਨ

ਭਗਵਾਨ ਸਿੰਘ ਨੇ ਕਲੀਆਂ ਵਿੱਚ ਹੀਰ ਲਿਖਕੇ ਪ੍ਰਸਿੱਧੀ ਪ੍ਰਾਪਤ ਕੀਤੀ ਮੌਲਾ ਬਖਸ਼ ਕੁਸ਼ਤਾ ਨੇ ਹੀਰ ਦੇ ਕਿੱਸੇ ਲਈ ਵਾਰਿਸ ਸ਼ਾਹ ਵਾਲੀ ਸ਼ੈਲੀ ਨੂੰ ਅਪਣਾਇਆ ਕਾਲੀਦਾਸ ਗੁਜਰਾਂਵਾਲੀਆ ਨੇ ਹਕੀਕਤ ਰਾਏ, ਗੋਪੀ ਚੰਦ, ਮੈਨਾਵਤੀ, ਪੂਰਨ ਭਗਤ, ਰੂਪ ਬਸੰਤ, ਰਾਜਾ ਰਸਾਲੂ, ਪ੍ਰਹਿਲਾਦ, ਭਗਤ ਆਦਿ ਕਿੱਸਿਆਂ ਦੀ ਰਚਨਾ ਕੀਤੀ ਅਤੇ ਇਨ੍ਹਾਂ ਕਿੱਸਿਆਂ ਲਈ ਵਿਭਿੰਨ ਛੰਦਾਂ ਦਾ ਪ੍ਰਯੋਗ ਕੀਤਾ ਇਸ ਤਰ੍ਹਾਂ ਪੰਜਾਬੀ ਕਿੱਸਾ-ਕਾਵਿ ਇੱਕ ਲੰਮੀ ਪਰੰਪਰਾ ਅਧੀਨ ਵਿਚਰਦਾ ਰਿਹਾ ਹੈ

**ਕਾਦਰਯਾਰ ਅਤੇ ਕਾਦਰਯਾਰ ਦਾ ਕਿੱਸਾ ਪੂਰਨ ਭਗਤ:**

ਕਾਦਰਯਾਰ ਨੂੰ ਆਪਣੇ ਸਮੇਂ ਦਾ ਪ੍ਰਤੀਨਿਧ ਕਵੀ ਮੰਨਿਆ ਜਾਂਦਾ ਹੈ ਪੰਜਾਬੀ ਕਿੱਸਾ-ਕਾਵਿ ਜਗਤ ਵਿੱਚ

ਉਸਦਾ ਕਿੱਸਾ ਪੂਰਨ ਭਗਤ ਉਸਨੂੰ ਪ੍ਰਸਿੱਧ ਕਿੱਸਾਕਾਰਾਂ ਦੀ ਸ੍ਰੇਣੀ ਵਿੱਚ ਲਿਆ ਖੜਾ ਕਰਦਾ ਹੈ ਉਸਦੀ ਰਚਨਾ ਕਿੱਸਾ ਪੂਰਨ ਭਗਤ ਅਮਰ ਕਥਾ ਦਾ ਰੂਪ ਧਾਰ ਕੇ ਕਾਦਰਯਾਰ ਨੂੰ ਵੀ ਅਮਰ ਕਰ ਗਈ ਇਸ ਸੰਬੰਧੀ ਵਿਦਵਾਨਾਂ ਦੀ ਰਾਇ ਇਸ ਪ੍ਰਕਾਰ ਹੈ:

ਹਰਬੰਸ ਸਿੰਘ ਅਨੁਸਾਰ, "ਪੂਰਨ ਭਗਤ ਕਾਦਰਯਾਰ ਦੀ ਅਜਿਹੀ ਰਚਨਾ ਹੈ, ਜਿਸਦਾ ਆਸ਼ਾ ਹਿੰਦਵਾਨੀ ਸਭਿਆਚਾਰ ਦੇ ਇੱਕ ਵਿਸ਼ੇਸ਼ ਅੰਗ ਨੂੰ ਪ੍ਰਗਟਾਉਂਦਾ ਹੈ ਇਸ ਯੁੱਗ ਦੇ ਸਾਰੇ ਕਿੱਸਾ ਸਾਹਿਤ ਵਿੱਚ ਕੋਈ ਵੀ ਅਜਿਹੀ ਭਾਰਤੀ ਸਭਿਆਚਾਰ ਨੂੰ ਦਰਸਾਉਂਦੀ ਰਚਨਾ ਨਹੀਂ ਮਿਲਦੀ ਜੋ ਕਿਸੇ ਮੁਸਲਮਾਨ ਕਵੀ ਨੇ ਰਚੀ ਹੋਵੇ ਤੇ ਰਚਨ ਵੇਲੇ ਉਹ ਹਿੰਦੂ ਕਵੀ ਤੋਂ ਮੀਰੀ ਗਿਲਿਆ ਗਿਆ ਹੋਵੇ ਇਸ ਨਾਤੇ ਕਾਦਰਯਾਰ ਦੀ ਵਡਿਆਈ ਮੰਨਯੋਗ ਹੈ" [4]

ਇਸ ਤਰ੍ਹਾਂ ਗੁਰਚਰਨ ਸਿੰਘ ਲਿਖਦੇ ਹਨ, "ਇਹ ਕਿੱਸਾ ਕਾਦਰਯਾਰ ਦੀਆਂ ਰਚਨਾਵਾਂ ਵਿਚੋਂ ਸਭ ਤੋਂ ਪ੍ਰਸਿੱਧ ਮੰਨਿਆ ਜਾਂਦਾ ਹੈ ਅਤੇ ਬਹੁਤ ਲੋਕ ਇਸੇ ਕਿੱਸੇ ਕਰਕੇ ਹੀ ਕਾਦਰਯਾਰ ਨੂੰ ਜਾਣਦੇ ਹਨ ਇਸ ਕਿੱਸੇ ਦੀ ਇੰਨੀ ਲੋਕ ਪ੍ਰਸਿੱਧਤਾ ਦਾ ਇੱਕ ਕਾਰਨ ਇਹ ਹੈ ਕਿ ਇਸ ਵਿੱਚ ਇਸ਼ਕ ਦੇ ਉੱਚੇ ਆਤਮਕ ਤੇ ਆਦਰਸ਼ਕ ਰੂਪ ਨੂੰ ਦ੍ਰਿਸ਼ਟੀਮਾਨ ਕੀਤਾ ਗਿਆ ਹੈ ਇਸ਼ਕ ਦਾ ਉਹ ਰੂਪ ਜਿਹੜਾ ਸਾਡੇ ਹਿੰਦੁਸਤਾਨੀ ਦ੍ਰਿਸ਼ਟੀਕੋਣ ਦੇ ਵਧੇਰੇ ਨੇੜੇ ਹੈ"[5]

ਪ੍ਰੋ. ਗੁਲਵੰਤ ਸਿੰਘ ਕਾਦਰਯਾਰ ਦੇ ਕਿੱਸੇ ਪੂਰਨ ਭਗਤ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਪੇਸ਼ ਕਰਦੇ ਹਨ:

"ਇਸ ਤੋਂ ਪਹਿਲਾਂ ਕਿੱਸਾਕਾਰਾਂ ਨੇ ਸਾਮੀ, ਈਰਾਨੀ ਤੇ ਭਾਰਤੀ ਕਿੱਸੇ ਤਾਂ ਬਥੇਰੇ ਲਿਖੇ ਅਤੇ ਪੰਜਾਬ ਦੀਆਂ ਕਹਾਣੀਆਂ ਨੂੰ ਵੀ ਕਵਿਤਾ ਤੇ ਬੋਛਣ ਦੇ ਗਹਿਣੈ ਪਹਿਨਾਏ ਪਰ ਪੰਜਾਬ ਜਾਂ ਭਾਰਤ ਦੀ ਪੁਰਤਾਨ ਸੰਸਕ੍ਰਿਤੀ ਨਾਲ ਸਬੰਧਤ ਵਾਰਤਾਵਾਂ ਵੱਲ ਧਿਆਨ ਘੱਟ ਵੱਧ ਹੀ ਦਿੱਤਾ ਸੀ ਕਾਦਰਯਾਰ ਇਸ ਦ੍ਰਿਸ਼ਟੀ ਤੋਂ ਭਾਰਤ ਦੇ ਪੰਜਾਬ ਦੇ ਕੌਮੀ ਕਵੀ ਦੇ ਰੂਪ ਵਿੱਚ ਸਾਡੇ ਸਾਹਮਣੇ ਆਉਂਦਾ ਹੈ" [6]

ਬਿਕਰਮ ਸਿੰਘ ਘੁੰਮਣ ਦੇ ਅਨੁਸਾਰ, "ਕਵੀ ਨੇ ਇਸ ਕਿੱਸੇ ਰਾਹੀਂ ਭਾਰਤੀ ਨੈਤਿਕ ਮੁੱਲਾਂ ਦਾ ਪ੍ਰਗਟਾਵਾ ਕੀਤਾ ਹੈ ਕਿੱਸੇ ਵਿੱਚ ਇਸ਼ਕ ਦੇ ਉੱਚੇ ਆਤਮਕ ਅਤੇ ਆਦਰਸ਼ਕ ਰੂਪ ਨੂੰ ਵੀ ਪੇਸ਼ ਕੀਤਾ ਗਿਆ ਹੈ, ਜੋ ਭਾਰਤੀ ਦ੍ਰਿਸ਼ਟੀਕੋਣ ਦੇ ਅਨੁਕੂਲ ਸੀ"[7]

ਅਮਰਜੀਤ ਸਿੰਘ ਕਾਂਗ ਦੇ ਅਨੁਸਾਰ, "ਕਥਾ ਲੋਕ ਸਿਮਰਤੀ ਵਿੱਚ ਇੱਕ ਲੰਮੇ ਸਮੇਂ ਤੋਂ ਸਿਮਰੀ ਜਾਂ ਰਹੀ ਸੀ ਪਰ ਇਸ ਕਥਾ ਨੂੰ ਸਾਹਿਤਕ ਬ੍ਰਿਤਾਂਤ ਵਿੱਚ ਪਹਿਲੀ ਵਾਰ ਕਾਦਰਯਾਰ ਨੇ ਲਿਖ ਕੇ ਇਤਿਹਾਸਕ ਭੂਮਿਕਾ ਨਿਭਾਈ ਇੱਕ ਮੁਸਲਮਾਨ ਵਲੋਂ ਹਿੰਦੂ ਭਗਤ ਪ੍ਰਤਿ ਆਸਥਾ ਬੜੀ ਮੁੱਲਵਾਨ ਹੈ ਜੋ ਭਾਰਤੀ ਸਾਹਿਤ ਚਿੰਤਨ ਦੇ ਗੌਰਵ ਨੂੰ ਪ੍ਰਗਟਾਉਂਦੀ ਹੈ" [8]

ਡਾ. ਜਗਜੀਵਨ ਸਿੰਘ ਦੇ ਅਨੁਸਾਰ, "ਪੂਰਨ ਭਗਤ ਦੀ ਦੰਤ ਕਥਾ ਕਿਉਂਕਿ ਸਾਡੇ ਵਿਵਹਾਰ ਅਤੇ ਸਭਿਆਚਾਰਕ ਕੀਮਤ ਪ੍ਰਬੰਧ ਦੇ ਤ੍ਰੈ-ਪਰਤੀ ਵਿਧੀ-ਵਿਧਾਨ (ਚਾਲੂ, ਪ੍ਰਤਿਮਾਨਕ ਅਤੇ ਆਦਰਸ਼ਕ) ਦੇ ਵਿਭਿੰਨ ਅੰਤਰ-ਸੰਬੰਧਿਤ ਪੱਖਾਂ ਅਤੇ ਪਸਾਰਾਂ ਨੂੰ ਪ੍ਰਮਾਣਿਕਤਾ ਸਾਹਿਤ ਉਜਾਗਰ ਅਤੇ ਸੁਨੇਮਿਤ ਕਰਨ ਵਾਲਾ ਅਹਿਮ ਸਭਿਆਚਾਰ ਪ੍ਰਵਚਨ ਹੈ, ਫਲਸਰੂਪ ਇਸ ਕਥਾ ਤੇ ਅਧਾਰਿਤ ਸਮੁੱਚੇ ਸਾਹਿਤ ਦੀ ਸਾਡੇ ਸਾਹਿਤਕ ਸਭਿਆਚਾਰਕ ਚਿੰਤਨ ਵਿੱਚ ਆਪਣੀ ਨਿਵੇਕਲੀ ਅਤੇ ਮਹੱਤਵਪੂਰਨ ਛਾਪ ਅਤੇ ਥਾਂ ਹੈ" [9]

ਉਪਰੋਕਤ ਸਰਵੇਖਣ ਉਪਰੰਤ ਕਾਦਰਯਾਰ ਪੰਜਾਬੀ ਕਿੱਸਾ ਜਗਤ ਦੇ ਇੱਕ ਉਭਰਵੇਂ ਕਿੱਸਾਕਾਰ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਭਾਰਤੀ ਸੰਸਕ੍ਰਿਤੀ ਵਿਚਲੀ ਦੰਤ-ਕਥਾ ਨੂੰ ਇੱਕ ਕਿੱਸੇ ਦਾ ਰੂਪ ਦੇਣ ਅਤੇ ਆਪਣੇ ਕਿਸੇ ਲਈ ਅਜਿਹੀ ਦੰਤ ਕਥਾ ਦਾ ਚੁਣਾਵ ਕਰਨਾ ਜਿਹੜੀ ਨਾ ਤਾਂ ਇੱਕ ਆਸ਼ਕ ਨੂੰ ਪੇਸ਼ ਕਰਦੀ ਹੈ ਅਤੇ ਨਾ ਹੀ ਇੱਕ ਬੀਰ ਯੋਧੇ ਨੂੰ ਪੇਸ਼ ਕਰਦੀ ਹੈ, ਸਗੋਂ ਇੱਕ ਆਦਰਸ਼ਕ ਅਤੇ ਤਿਆਗੀ ਪਾਤਰ ਨੂੰ ਪੇਸ਼ ਕਰਦੀ ਹੈ ਸਮਕਾਲੀ ਸਾਹਿਤਕ ਰੀਤ ਦੇ ਉਲਟ ਜਾ ਕੇ ਅਜਿਹੇ ਪਾਤਰ ਨੂੰ ਚਿਤਰਨਾ, ਇੱਕ ਚੁਣੌਤੀ ਨੂੰ ਸਵੀਕਾਰ ਕਰਨ ਦੇ ਬਰਾਬਰ ਸੀ ਇਸ ਤਰ੍ਹਾਂ ਕਾਦਰਯਾਰ ਪੰਜਾਬੀ ਕਿੱਸਾ ਕਾਵਿ ਧਾਰਾ ਵਿੱਚ ਸ਼ਾਮਿਲ ਹੁੰਦਾ ਹੋਇਆ ਵੀ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ

---

4 ਹਰਬੰਸ ਸਿੰਘ, ਪੂਰਨ ਭਗਤ ਕ੍ਰਿਤ ਕਾਦਰਯਾਰ, ਪੰਨਾ 68.

5 ਪ੍ਰੋ. ਗੁਰਚਰਨ ਸਿੰਘ, 'ਕਾਦਰਯਾਰ', ਪੰਨਾ 6

6 (ਸੰਪਾ.) ਪ੍ਰੋ. ਗੁਲਵੰਤ ਸਿੰਘ, ਕਾਦਰਯਾਰ : ਜੀਵਨ ਤੇ ਰਚਨਾ, ਪੰਨਾ-14-15

7 ਬਿਕਰਮ ਸਿੰਘ ਘੁੰਮਣ, ਪੂਰਨ ਭਗਤ ਕਾਦਰਯਾਰ : ਪਾਠ ਅਤੇ ਆਲੋਚਨਾਂ, ਪੰਨਾ 26.

8 (ਸੰਪਾ.) ਅਮਰਜੀਤ ਸਿੰਘ ਕਾਂਗ, ਪੰਜਾਬੀ ਕਿੱਸਾ ਸਾਹਿਤ, ਪੰਨਾ 91.

9 ਡਾ. ਜਗਜੀਵਨ ਸਿੰਘ, ਪੂਰਨ ਭਗਤ ਦੀ ਦੰਤ ਕਥਾ ਅਤੇ ਆਧੁਨਿਕ ਪੰਜਾਬੀ ਚਿੰਤਨ, ਪੰਨਾ-142

ਪਾਠ ਨੰਬਰ : 2.5

ਚਰਨਜੀਤ ਕੌਰ (ਰਿਸਰਚ ਸਕਾਲਰ)

# ਪੂਰਨ ਭਗਤ ਦੀ ਕਥਾ ਦਾ ਪਿਛੋਕੜ ਅਤੇ ਹੋਰ ਕਿੱਸਾਕਾਰ

## ਕਾਦਰਯਾਰ ਦੀ ਕਹਾਣੀ (ਪੂਰਨ ਭਗਤ ਦੇ ਮੂਲ ਸੋਮੇਂ)

ਕਾਦਰਯਾਰ ਪੰਜਾਬੀ ਦਾ ਪਹਿਲਾ ਕਿੱਸਾਕਾਰ ਹੈ ਜਿਸ ਨੇ ਪੂਰਨ ਭਗਤ ਦੀ ਕਹਾਣੀ ਨੂੰ ਕਿੱਸੇ ਦਾ ਰੂਪ ਦਿੱਤਾ ਇਹ ਕਥਾ ਇੱਕ ਦੰਤ ਕਥਾ ਹੋਣ ਕਰਕੇ ਇਤਿਹਾਸ ਅਤੇ ਮਿਥਿਹਾਸ ਨਾਲ ਜਾ ਜੁੜਦੀ ਹੈ ਪੂਰਨ ਭਗਤ ਦੀ ਕਥਾ ਮੌਖਿਕ ਰੂਪ ਵਿੱਚ ਪੰਜਾਬੀ ਲੋਕਧਾਰਾ ਦਾ ਅੰਗ ਸੀ ਇਸ ਕਰਕੇ ਇਸ ਦੇ ਨਿਸ਼ਚਿਤ ਕਾਲ ਬਾਰੇ ਦੱਸਣਾ ਮੁਸ਼ਕਲ ਹੈ

**(ੳ) ਚੌਰੰਗੀ ਨਾਥ ਅਤੇ ਪ੍ਰਾਣ ਸੰਗਲੀ**

ਚੌਰੰਗੀ ਨਾਥ ਦੇ ਨਾਂ ਹੇਠ ਪ੍ਰਾਪਤ ਹੋਈ ਹੱਥ ਲਿਖਤ ਰਚਨਾ ਪ੍ਰਾਣ ਸੰਗਲੀ ਮਿਲਦੀ ਹੈ ਜੋ ਜਿਲ੍ਹਾ ਅੰਮ੍ਰਿਤਸਰ ਦੇ ਪੱਟੀ ਕਸਬੇ ਦੇ ਇੱਕ ਜੈਨ ਮੰਦਰ ਤੋਂ ਪ੍ਰਾਪਤ ਹੋਈ ਸੀ ਇਹ ਕਹਾਣੀ ਪੂਰਨ ਭਗਤ ਦੀ ਕਹਾਣੀ ਨਾਲ ਮੇਲ ਖਾਂਦੀ ਹੈ ਪ੍ਰੰਤੂ ਇਸ ਕਥਾ ਦੇ ਪ੍ਰਮਾਣਿਕ ਹੋਣ ਸਬੰਧੀ ਵਿਦਵਾਨਾਂ ਵਿੱਚ ਕਾਫ਼ੀ ਮਤਭੇਦ ਹਨ

**(ਅ) ਵੱਖ-ਵੱਖ ਵਿਦਵਾਨਾਂ ਦੇ ਕਥਨ ਅਤੇ ਹਵਾਲੇ:**

ਪੂਰਨ ਭਗਤ ਦੀ ਗਾਥਾ ਕਾਦਰਯਾਰ ਦਾ ਕਿੱਸਾ ਬਣਨ ਤੋਂ ਪਹਿਲਾਂ ਵੀ ਪੰਜਾਬੀ ਸਮਾਜ ਦਾ ਅੰਗ ਸੀ ਇਹ ਦੇ ਹਵਾਲੇ ਸਾਨੂੰ ਮੁੱਢਲੇ ਵਿਦਵਾਨਾਂ ਦੀ ਸਾਹਿਤਕ ਖੋਜ ਤੋਂ ਮਿਲਦੇ ਹਨ

(ੳ) ਸਵਿਨੇਰਟਨ ਪੰਜਾਬੀ ਕਹਾਣੀਆਂ ਨੂੰ ਲੋਕਾਂ ਕੋਲੋਂ ਸੁਣ ਕੇ ਸਾਂਭਣ ਵਾਲਾ ਅੰਗਰੇਜ਼ ਵਿਦਵਾਨ ਸੀ ਉਸਨੇ ਇਹ ਕਾਰਜ 1879 ਤੋਂ 1884 ਵਿਚਕਾਰ ਕੀਤਾ ਸਵਿਨੇਰਟਨ ਦੀ ਪੂਰਨ ਭਗਤ ਦੀ ਕਹਾਣੀ ਅਤੇ ਕਾਦਰਯਾਰ ਦੇ ਕਿੱਸੇ ਪੂਰਨ ਭਗਤ ਦੀ ਕਹਾਣੀ ਵਿੱਚ ਕੋਈ ਅੰਤਰ ਨਹੀਂ ਹੈ

(ਅ) ਸਰ. ਐਚ.ਏ.ਰੋਜ (ਸੰਪਾ.) 'ਏ ਗਲਾਸਰੀ ਆਫ ਦੀ ਟ੍ਰਾਈਬਜ਼ ਐਂਡ ਕਾਸਟਸ' (1883 ਈ.) ਪੁਸਤਕ ਵਿੱਚ ਪੂਰਨ ਭਗਤ ਦੀ ਉਹੋ ਹੀ ਕਹਾਣੀ ਲਿਖੀ ਮਿਲਦੀ ਹੈ ਜਿਸ ਦੀ ਵਰਤੋਂ ਕਾਦਰਯਾਰ ਆਪਣੇ ਕਿੱਸੇ ਵਿੱਚ ਕਰਦਾ ਹੈ

(ੲ) ਸਰ ਰਿਚਰਡ ਟੈਪਲ ਨੇ ਆਪਣੀ ਪੁਸਤਕ 'ਦ ਲੀਜੰਡਜ ਆਫ ਪੰਜਾਬ' ਵਿੱਚ ਪੰਜਾਬ ਵਿੱਚ ਪ੍ਰਚੱਲਿਤ ਵਾਰਾਂ ਅਤੇ ਕਹਾਣੀਆਂ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਲਿਖਿਆ ਪੂਰਨ ਭਗਤ ਦੀ ਗਾਥਾ ਵੀ ਇਸ ਪੁਸਤਕ ਵਿੱਚ ਦਰਜ ਹੈ

(ਸ) ਡਾ. ਹਜਾਰੀ ਪ੍ਰਸ਼ਾਦ ਦਿਵੇਦੀ ਆਪਣੀ ਪੁਸਤਕ 'ਨਾਥ ਸੰਪਦਾਇ' ਵਿੱਚ ਲਿਖਦੇ ਹਨ ਪੂਰਨ ਭਗਤ (ਚੌਰੰਗੀ ਨਾਥ) ਅਤੇ ਰਾਜਾ ਰਸਾਲੂ ਸਾਡੇ ਪੰਜਾਬ ਦੇ ਦੂਰ ਅਫਗਾਨੀਸਤਾਨ ਤੱਕ ਲੋਕ ਕਹਾਣੀਆਂ ਵਿੱਚ ਪ੍ਰਸਿੱਧ ਪਾਤਰ ਹਨ ਇਹੋ ਕਹਾਣੀ ਅਹਿਮਦਾਬਾਦ ਤੋਂ 1924 ਈ. ਵਿੱਚ ਪ੍ਰਕਾਸ਼ਤ ਚੰਦਰ ਨਾਥ ਜੋਗੀ ਪੁਸਤਕ 'ਯੋਗੀ ਸੰਪ੍ਰਦਾਇ ਵਿਸਕ੍ਰਿਤੀ' ਵਿੱਚ ਵੀ ਮਿਲਦੀ ਹੈ

**ਪੰਜਾਬੀ ਲੋਕਧਾਰਾ:**

ਪੰਜਾਬੀ ਲੋਕਧਾਰਾ ਦੀ ਮੌਖਿਕ ਸਾਹਿਤ ਪ੍ਰੰਪਰਾ ਵਿਚ ਵੀ ਪੂਰਨ ਭਗਤ ਦੀ ਗਾਥਾ ਦਾ ਸਿਰਫ ਉਲੇਖ ਦੇਖਣ ਨੂੰ ਮਿਲਦਾ ਹੈ ਇਹ ਗਾਥਾ ਨਾ ਸਿਰਫ਼ ਪੰਜਾਬੀ ਲੋਕ ਗੀਤਾਂ, ਬਲਕਿ ਲੋਕ ਕਹਾਣੀਆਂ, ਬਾਤਾਂ, ਅਖਾਣ, ਮੁਹਾਵਰੇ ਆਦਿ ਵਿਚੋਂ ਵੀ ਪ੍ਰਤੱਖ ਹੁੰਦੀ ਹੈ ਜਿਵੇਂ:

ਵੇ ਮੈਂ ਬਾਗ ਲਵਾਇਆ ਸੁਹਣਾ
ਵੇ ਤੂੰ ਫੁੱਲਾਂ ਦੇ ਪੱਜ ਆ
ਮੇਰਾ ਗੋਰਖ ਨਾਥਾ ਪੂਰਨਾ (ਲੋਕ-ਗੀਤ)

ਖੱਟਣ ਗਿਆ ਸੀ ਬਾਰੀ ਬਰਸੀ
ਖੱਟ ਕੇ ਲਿਆਂਦਾ ਕੇਲਾ
ਗੁਰੂਆਂ, ਨਹੀਂ ਮਿਲਣਾ
ਤੈਨੂੰ ਪੂਰਨ ਜੇਹਾ ਚੇਲਾ (ਬੋਲੀ)

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਕਾਦਰਯਾਰ ਨੇ ਪੂਰਨ ਭਗਤ ਦੀ ਗਾਥਾ ਨੂੰ ਭਾਵੇਂ ਪਹਿਲੀ

ਵਾਰ ਕਿੱਸੇ ਦਾ ਰੂਪ ਦਿੱਤਾ ਪ੍ਰੰਤੂ ਇਹ ਗਾਥਾ ਪੰਜਾਬੀ ਸਭਿਆਚਾਰ ਦਾ ਅੰਗ ਬਣ ਕੇ ਲੰਮੇ ਸਮੇਂ ਤੋਂ ਵਿਚਰ ਰਹੀ ਸੀ

**ਕਾਦਰਯਾਰ ਪੂਰਨ ਭਗਤ ਦਾ ਰਚਨਾਕਾਰ**

ਪੂਰਨ ਭਗਤ ਦੀ ਦੰਤ ਕਥਾ ਇੱਕ ਅਮਰ ਕਥਾ ਵਾਂਗ ਪੰਜਾਬੀ ਸਮਾਜ ਵਿੱਚ ਜੜ੍ਹਾਂ ਡੂੰਘੀਆਂ ਕਰ ਚੁੱਕੀ ਸੀ ਪੂਰਨ ਇੱਕ ਅਜਿਹੇ ਆਦਰਸ਼ਕ ਪਾਤਰ ਦੇ ਰੂਪ ਵਿੱਚ ਅਮਰ ਹੈ ਜੋ ਜਤ, ਯੋਗ ਅਤੇ ਨੈਤਿਕਤਾ ਦੀ ਮੂਰਤ ਹੈ ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ, "ਮੱਧਕਾਲੀਨ ਪੰਜਾਬ ਦੇ ਤਿੰਨ ਨਾਇਕ ਪੂਰਨ (ਸੰਤ ਨਾਇਕ) ਰਸਾਲੂ (ਰਾਜ ਘਰਾਣੇ ਦਾ ਨਾਇਕ) ਅਤੇ ਰਾਂਝਾ (ਪ੍ਰੀਤ ਦਾ ਨਾਇਕ) ਪ੍ਰਸਿੱਧ ਹੋਏ ਹਨ ਇਹ ਅਸਧਾਰਣ ਗੱਲ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇੱਕ ਮੁਸਲਮਾਨ ਕਵੀ ਕਾਦਰਯਾਰ ਨੇ ਸਿਆਲਕੋਟ ਦੇ ਯੋਗੀ, ਰਾਜ ਕੁਮਾਰ ਪੂਰਨ ਦੀ ਯਾਦ ਨੂੰ ਮੁੜ ਚੇਤੇ ਕਰਾਉਣ ਦਾ ਕਾਰਜ ਕੀਤਾ ਠੀਕ ਉਸੇ ਤਰ੍ਹਾਂ ਹੀ ਜਿਵੇਂ ਕਿ ਮੱਧਕਾਲੀ ਮੁਸਲਮਾਨ ਹਿੰਦੀ ਕਵੀ ਨੇ ਐਨੇ ਹੀ ਪ੍ਰਸਿੱਧ ਹਿੰਦੀ ਨਾਇਕ ਰਤਨ ਸੈਨ ਦੀ (ਜਿਸ ਰਤਨ ਸੈਨ ਨੇ ਗੋਰਖ ਨਾਥ ਤੋਂ ਯੋਗ ਦੀ ਵਿੱਦਿਆ ਲਈ ਸੀ) ਯਾਦ ਨੂੰ ਮੁੜ ਤਾਜਾ ਕੀਤਾ ਸੀ"[10]

ਜਦੋਂ ਕਾਦਰਯਾਰ ਨੇ ਪੂਰਨ ਭਗਤ ਕਿੱਸੇ ਦੀ ਰਚਨਾ ਕੀਤੀ, ਰਾਜਨੀਤਿਕ ਪੱਖੋਂ ਇਹ ਕਾਲ ਜਾਗੀਰਦਾਰੀ ਦਾ ਸਿਖਰ ਸੀ ਰਿਆਸਤਾਂ ਦੇ ਸਰਦਾਰ, ਰਜਵਾੜੇ ਇਨਾਮ ਵਜੋਂ ਜਾਗੀਰਾਂ ਦੀ ਪੇਸ਼ਕਸ਼ ਕਰਦੇ ਸਨ ਇਸ ਸਮੇਂ ਦਾ ਸਮਾਜ ਤਿੰਨ ਸ੍ਰੇਣੀਆਂ ਵਿੱਚ ਵੰਡਿਆ ਹੋਇਆ ਸੀ ਪਹਿਲੀ ਸ੍ਰੇਣੀ ਰਾਜ ਘਰਾਣੇ ਨਾਲ ਸਬੰਧਿਤ ਸੀ ਜੋ ਸ਼ਾਹੀ ਜ਼ਿੰਦਗੀ ਜਿਉਂਦੇ ਦੂਜੀ ਸ੍ਰੇਣੀ ਰਾਜ ਨੂੰ ਸੰਚਾਲਨ ਕਰਨ ਵਾਲੀ ਸੀ ਜਿਸ ਵਿੱਚ ਅਮੀਰ, ਵਜੀਰ, ਅਫਸਰ ਆਦਿ ਸਨ ਅਤੇ ਤੀਜੀ ਸ੍ਰੇਣੀ ਉਨ੍ਹਾਂ ਗਰੀਬ ਨੌਕਰਾਂ ਦੀ ਸੀ ਜੋ ਇਨ੍ਹਾਂ ਸ੍ਰੇਣੀਆਂ ਦੇ ਅਧੀਨ ਕਾਰਜ ਕਰਦੇ ਹੋਏ ਵੀ ਰਾਜ ਹਿਤੈਸ਼ੀ ਸਨ ਧਾਰਮਿਕ ਪੱਖ ਤੋਂ ਕੱਟੜਤਾ ਘੱਟ ਸੀ ਸਿੱਖ, ਹਿੰਦੂ, ਮੁਸਲਮਾਨ, ਧਰਮ ਦੇ ਲੋਕ ਇੱਕ ਦੂਜੇ ਪ੍ਰਤੀ ਖੁੱਲ੍ਹਦਿਲੀ ਰੱਖਦੇ ਸਨ ਇਨ੍ਹਾਂ ਧਰਮਾਂ ਦੀਆਂ ਰੀਤਾਂ-ਰਸਮਾਂ ਦਾ ਰਲਾਅ ਵੀ ਹੋ ਗਿਆ ਸੀ ਦੁੱਖ ਨੂੰ ਕਰਮਾਂ ਦਾ ਫਲ ਸਮਝਣਾ, ਜੋਤਸ਼ੀਆਂ, ਪੰਡਤਾਂ ਵਿੱਚ ਯਕੀਨ, ਹੋਣੀ ਵਿੱਚ ਵਿਸ਼ਵਾਸ ਆਦਿ ਲੋਕ ਮਨਾਂ ਦੀਆਂ ਮਾਨਤਾਵਾਂ ਸਨ

ਸਾਹਿਤਕ ਪੱਖੋਂ ਇਹ ਵਧੀਆ ਕਾਲ ਕਿਹਾ ਜਾ ਸਕਦਾ ਹੈ ਜਾਗੀਰਦਾਰ ਸਾਹਿਤਕਾਰਾਂ ਦੀ ਸਰਪ੍ਰਸਤੀ ਕਰਦੇ ਅਤੇ ਇਨਾਮ ਦਿੰਦੇ ਸਨ ਸਾਹਿਤ ਲੋਕਾਂ ਦੇ ਮਨੋਰੰਜਨ ਦਾ ਇੱਕ ਮਹੱਤਵਪੂਰਨ ਸਾਧਨ ਸੀ ਲੋਕ ਪ੍ਰੀਤ, ਬੀਰ ਅਤੇ ਭਗਤੀ ਆਦਿ ਕਿੱਸਿਆਂ ਨੂੰ ਉਤਸ਼ਾਹ ਨਾਲ ਸੁਣਦੇ ਸਨ

ਇਸ ਤਰ੍ਹਾਂ ਸਮਕਾਲੀ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਸਾਹਿਤਕ ਪ੍ਰਸਥਿਤੀਆਂ ਨੇ ਵੀ ਇਸ ਕਿੱਸੇ ਉੱਤੇ ਆਪਣਾ ਪ੍ਰਭਾਵਸ਼ਾਲੀ ਚਿੰਨ੍ਹ ਛੱਡਿਆ ਹੈ

**ਕਿੱਸੇ ਪੂਰਨ ਭਗਤ ਦੀ ਸਾਹਿਤਕ ਮਹੱਤਤਾ:**

ਪੂਰਨ ਭਗਤ ਦੇ ਕਿੱਸੇ ਦਾ ਕੇਂਦਰੀ ਥੀਮ ਭਗਤੀ ਭਾਵਨਾ ਹੈ ਜਦੋਂ ਸਾਰੀਆਂ ਮਨੁੱਖੀ ਇੱਛਾਵਾਂ ਦਾ ਤਿਆਗ ਕਰਕੇ ਪੂਰਨ ਭਗਤ ਨੇ ਆਪਣੇ ਆਦਰਸ਼ਕ ਬਿੰਬ ਨੂੰ ਕਾਇਮ ਰੱਖਿਆ ਤਾਂ ਇਹ ਕਥਾ ਇੱਕ ਉਦੇਸ਼ਾਤਮਕ ਕਥਾ ਦਾ ਰੂਪ ਧਾਰਨ ਕਰ ਗਈ ਕਾਦਰਯਾਰ ਨੇ ਆਪਣੇ ਕਿੱਸੇ ਦੇ ਧਰਾਤਲ ਲਈ ਕਿਸੇ ਸ਼ਿੰਗਾਰਮਈ ਕਥਾ ਨੂੰ ਲੈਣ ਦੀ ਬਜਾਏ ਭਾਰਤੀ ਪਰੰਪਰਾ ਵਿਚਲੀ ਨੈਤਿਕ ਵਿਚਾਰਧਾਰਾ ਵਾਲੀ ਕਥਾ ਨੂੰ ਚੁਣਿਆ ਪੂਰਨ ਦਾ ਕਿੱਸਾ ਦਸਵੀਂ ਸਦੀ ਤੋਂ ਪਹਿਲਾਂ ਜੋਗੀਆਂ ਦੀ ਭਾਂਜਵਾਦੀ ਵਿਚਾਰਧਾਰਾ ਸਮੇਂ ਦੀ ਉਪਜ ਹੈ, ਪਰ ਇਹ ਇੱਕ ਹਜ਼ਾਰ ਸਾਲ ਲੋਕ-ਕਥਾ ਹੀ ਬਣੀ ਰਹੀ ਇਹ ਤਾਂ ਕਾਦਰਯਾਰ ਦੀ ਇਲਾਹੀ ਕਲਮ ਦੀ ਕਰਾਮਾਤ ਹੀ ਆਖੀ ਜਾ ਸਕਦੀ ਹੈ ਕਿ ਇਹ ਘਰ-ਘਰ ਪੜ੍ਹਿਆ ਤੇ ਗਾਇਆ ਗਿਆ ਹੈ"[11]

ਡਾ. ਅਮਲ ਕੋਮਲ ਨੇ ਪੂਰਨ ਭਗਤ ਦਾ ਕਿੱਸਾ ਲਿਖਣ ਵਾਲੇ 50 ਤੋਂ ਵੀ ਜ਼ਿਆਦਾ ਕਿੱਸਾਕਾਰਾਂ ਦੀ ਸੂਚੀ ਆਪਣੇ ਖੋਜ-ਪ੍ਰਬੰਧ ਵਿੱਚ ਦਿੱਤੀ ਇਸ ਵਿੱਚ ਕਿਸ਼ਨ ਸਿੰਘ ਆਰਿਫ਼, ਕਾਲੀ ਦਾਸ ਗੁਜਰਾਂਵਾਲੀਆ, ਮੀਆਂ ਗੁਲਾਮ ਰਸੂਲ, ਦੌਲਤ ਰਾਮ, ਕੌਰ ਚੰਦ ਰਾਹੀ, ਪ੍ਰੋ. ਪੂਰਨ ਸਿੰਘ ਆਦਿ ਕਿੱਸਾਕਾਰਾਂ ਦੇ ਨਾਂ ਵਰਣਨਯੋਗ ਹਨ

ਇਸ ਕਿੱਸੇ ਵਿੱਚ ਮਨੁੱਖੀ ਨੈਤਿਕਤਾ ਨੂੰ ਅਤੇ ਦੁਨਿਆਵੀ ਵਸਤਾਂ ਦੇ ਤਿਆਗ ਨੂੰ ਹੀ ਉੱਚਤਮ ਦਰਜਾ ਦਿੱਤਾ ਗਿਆ ਹੈ ਇਸ ਥੀਮ ਨੂੰ ਕਾਦਰਯਾਰ ਕਵੀਓਵਾਚ ਵਿੱਚ ਹੀ ਉਭਾਰ ਦਿੰਦਾ ਹੈ ਜਿਵੇਂ:

ਸੀਨ: ਸੁਣੋ ਲੋਕੋ ਕਿੱਸਾ ਆਸ਼ਕਾਂ ਦਾ, ਜਿਨ੍ਹਾਂ ਰੱਬ ਦੇ ਨਾਮ ਤੋਂ ਜਾਨ ਵਾਰੀ
ਓਨ੍ਹਾਂ ਜਾਨ ਤੋਂ ਮੌਤ ਕਬੂਲ ਕੀਤੀ, ਪਰ ਸਾਬਤੀ ਨਾ ਦਿਲੋ ਮੂਲ ਹਾਰੀ

---

10 ਡਾ. ਮੋਹਨ ਸਿੰਘ ਦੀਵਾਨਾ, ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ, ਪੰਨਾ-153.

11 ਡਾ. ਕੁਲਬੀਰ ਸਿੰਘ ਕਾਂਗ, ਪੰਜਾਬੀ ਕਿੱਸਾ ਕਾਵਿ-ਪਰੰਪਰਾ ਤੇ ਪ੍ਰਭਾਵ, ਪੰਜਾਬੀ ਕਿੱਸਾ-ਕਾਵਿ ਦੇ ਬਦਲਦੇ ਪਰਿਪੇਖ, ਸੰਪਾ. ਡਾ. ਸਤਿੰਦਰ ਸਿੰਘ ਨੂਰ, ਪੰਨਾ-29

ਰੱਬ ਦੀ ਯਾਦ ਕਰ ਉਨ੍ਹਾਂ ਨੂੰ ਬਖਸ਼ਦਾ ਹੈ ਦੁੱਖ ਦੇਇ ਕੇ ਸੁੱਖ ਦੀ ਕਰੇ ਕਾਰੀ
ਕਾਦਰਯਾਰ ਜੇ ਉਸ ਦੇ ਹੋਇ ਰਹੀਏ, ਉਹਨੂੰ ਪਾਉਂਦੀ ਹੈ ਸ਼ਰਮ ਦੀ ਲਜ ਸਾਰੀ

ਇਸ ਤਰ੍ਹਾਂ ਕਾਦਰਯਾਰ ਪੂਰਨ ਦੀ ਭਗਤੀ ਅਤੇ ਇਸ ਭਗਤੀ ਪ੍ਰਤੀ ਰੱਬ ਦੀ ਰਹਿਮਤ ਨੂੰ ਉਭਾਰਦਾ ਹੈ ਕਾਦਰਯਾਰ ਅਨੁਸਾਰ ਰੱਬ ਪੂਰਨ ਨੂੰ ਵੱਖ-ਵੱਖ ਕਸੌਟੀਆਂ ਵਿਚੋਂ ਲੰਘਾ ਕੇ ਉਸਦੇ ਸਬਰ ਅਤੇ ਸਿਦਕ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ

"ਪੰਜਾਬੀ ਕਿੱਸਾ ਕਾਵਿ ਵਿੱਚ ਤਿੰਨ ਥੀਮ ਰਚਨਾਤਮਕ ਅਧਾਰ ਬਣਦੇ ਰਹੇ ਹਨ ਪਹਿਲਾ ਥੀਮ ਇਸ਼ਕ ਭਾਵਨਾ ਦਾ ਹੈ, ਦੂਜਾ ਥੀਮ ਸੂਰਮਗਤੀ ਦਾ ਹੈ ਅਤੇ ਤੀਜਾ ਥੀਮ ਭਗਤੀ ਭਾਵਨਾ ਦਾ ਕਿੱਸਾ ਪੂਰਨ ਭਗਤ ਵਿੱਚ ਇਹ ਤੀਜਾ ਥੀਮ ਹੀ ਆਦਿ ਅਤੇ ਅੰਤ ਬਿੰਦੂ ਹੈ"[12]

ਇਸ ਤਰ੍ਹਾਂ ਪੂਰਨ ਭਗਤ ਦੇ ਕਿੱਸੇ ਨੇ ਪੰਜਾਬੀ ਕਿੱਸਾ ਸਾਹਿਤ ਵਿੱਚ ਨਵਾਂ ਥੀਮ ਪ੍ਰਵੇਸ਼ ਕੀਤਾ ਹੈ ਜੋ ਕਾਦਰਯਾਰ ਦੀ ਵਿਸ਼ੇਸ਼ ਪ੍ਰਾਪਤੀ ਕਹੀ ਜਾ ਸਕਦੀ ਹੈ

ਕਲਾਤਮਕ ਪੱਖ ਤੋਂ ਇਹ ਕਥਾ ਸੁੰਦਰ ਕਥਾਨਕ ਦੀ ਸਿਰਜਣਾ ਕਰਦੀ ਹੈ ਜਿਸ ਵਿੱਚ ਗਿਣਵੇਂ ਪਾਤਰ ਹੀ ਇਸਦੀ ਕਹਾਣੀ ਨੂੰ ਸਾਕਾਰ ਕਰਦੇ ਹਨ ਰਸ, ਅਲੰਕਾਰ, ਬੋਲੀ, ਸ਼ੈਲੀ ਆਦਿ ਪੱਖ ਇਸ ਕਿੱਸੇ ਦੀ ਸ਼ੋਭਾ ਵਧਾਉਂਦੇ ਨਜ਼ਰ ਆਉਂਦੇ ਹਨ ਸੱਭਿਆਚਾਰ ਹਵਾਲੇ ਸੁੰਦਰ ਸ਼ਬਦ ਚਿੱਤਰ ਇਸ ਰਚਨਾ ਦੀ ਰੌਚਿਕਤਾ ਹੋਰ ਵੀ ਵਧਾ ਦਿੰਦੇ ਹਨ

## ਕਿੱਸਾ ਪੂਰਨ ਭਗਤ ਦੇ ਹੋਰ ਕਿੱਸਾਕਾਰ

ਪੰਜਾਬੀ ਕਿੱਸਾ ਕਾਵਿ ਦੇ ਅਧਿਐਨ ਉਪਰੰਤ ਇਹ ਗੱਲ ਸਪੱਸ਼ਟ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਕਾਦਰਯਾਰ ਤੋਂ ਪਹਿਲਾਂ ਪੰਜਾਬੀ ਦੇ ਕਿੱਸੇ ਵੀ ਕਿੱਸਾਕਾਰ ਨੇ 'ਪੂਰਨ ਭਗਤ' ਕਿੱਸੇ ਦੀ ਰਚਨਾ ਨਹੀਂ ਕੀਤੀ ਸੀ ਪਰੰਤੂ ਇਸ ਕਿੱਸੇ ਦੀ ਰਚਨਾ ਨਹੀਂ ਕੀਤੀ ਸੀ ਪਰੰਤੂ ਇਸ ਕਿੱਸੇ ਦੀ ਥਾਂ ਪੰਜਾਬੀ ਲੋਕਾਂ ਦੀ ਜ਼ੁਬਾਨੀ ਪੀੜ੍ਹੀ-ਦਰ-ਪੀੜ੍ਹੀ ਚਲੀ ਆ ਰਹੀ ਸੀ ਪੰਜਾਬੀ ਲੋਕ ਸਾਹਿਤ ਵਿਚਲੀਆਂ ਲੋਕ ਕਹਾਣੀਆਂ, ਲੋਕ-ਗੀਤ, ਮਿਥਿਹਾਸਕ ਕਥਾਵਾਂ ਆਦਿ ਇਸ ਦੇ ਗਵਾਹ ਹਨ ਕਿ ਇਹ ਕਥਾ ਲੋਕ ਸਾਹਿਤ ਦਾ ਅਨਿੱਖੜ ਅੰਗ ਬਣ ਚੁੱਕੀ ਸੀ

ਭਾਵੇਂ ਕਿ ਕਾਦਰਯਾਰ ਦਾ ਕਿੱਸਾ ਪੂਰਨ ਭਗਤ ਹੈ ਪਰੰਤੂ ਇਸ ਕਿੱਸੇ ਦੀ ਰਚਨਾ ਹੋਰ ਵੀ ਕਿੱਸਾਕਾਰਾਂ ਵੱਲੋਂ ਕੀਤੀ ਗਈ ਹੈ ਜਦੋਂ ਪੰਜਾਬੀ ਦੇ ਇਸ ਸ਼ਾਹਕਾਰ ਕਿੱਸੇ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਇਸ ਕਿੱਸੇ ਦੀ ਰਚਨਾ ਕਰਨ ਵਾਲੇ ਦੂਜੇ ਕਵੀਆਂ ਦੀ ਕਲਾ ਦ੍ਰਿਸ਼ਟੀ ਨੂੰ ਵੀ ਵਾਚਿਆ ਜਾਵੇ

**ਕਾਦਰਯਾਰ:**

ਪੰਜਾਬੀ ਕਿੱਸਾ ਸਾਹਿਤ ਵਿੱਚ ਕਾਦਰਯਾਰ ਦਾ ਨਾਂ ਪੂਰਨ ਭਗਤ ਦੇ ਕਿੱਸੇ ਕਰਕੇ ਪ੍ਰਸਿੱਧ ਹੈ ਕਾਦਰਯਾਰ ਦਾ ਜਨਮ ਪਿੰਡ ਮਾਛੀਕੇ ਜ਼ਿਲ੍ਹਾ ਗੁਜਰਾਂਵਾਲਾ ਵਿੱਚ ਹੋਇਆ ਉਹ ਉਨ੍ਹੀਵੀਂ ਸਦੀ ਦਾ ਕਿੱਸਾਕਾਰ ਮੰਨਿਆ ਜਾਂਦਾ ਹੈ ਕਾਦਰਯਾਰ ਨੇ ਦੱਸਿਆ ਕਿ ਉਸਨੇ ਪੂਰਨ ਭਗਤ ਦਾ ਕਿੱਸਾ ਸੋਲ੍ਹਾਂ ਦਿਨਾਂ ਵਿੱਚ ਰਚਿਆ ਹੈ ਬੈਂਤ ਛੰਦ ਵਿੱਚ ਪੰਜ ਸੀਹਰਫ਼ੀਆਂ ਰਾਹੀਂ ਇਸ ਕਿੱਸੇ ਦੀ ਰਚਨਾ ਕੀਤੀ ਪੰਜਾਬੀ ਦੇ ਪ੍ਰੀਤ ਕਿੱਸਿਆਂ ਦੇ ਮੁਕਾਬਲੇ ਵਿੱਚ ਇਹ ਆਤਮਕ ਆਦਰਸ਼ ਦੀ ਦ੍ਰਿਸ਼ਟੀ ਨੂੰ ਉਭਾਰਦਾ ਨਜ਼ਰ ਆਉਂਦਾ ਹੈ

ਕਾਦਰਯਾਰ ਆਪਣੇ ਸਮਕਾਲ ਦੀ ਪ੍ਰਤੀਨਿਧਤਾ ਕਰਨ ਵਾਲਾ ਕਿੱਸਾਕਾਰ ਹੈ 'ਪੂਰਨ ਭਗਤ' ਦੇ ਕਿੱਸੇ ਤੋਂ ਇਲਾਵਾ ਕਲੀਆਂ ਪੂਰਨ ਭਗਤ, ਕਿੱਸਾ ਰਾਜਾ ਰਸਾਲੂ, ਕਿੱਸਾ ਸੋਹਣੀ ਮਹਿਵਾਲ ਅਤੇ ਰੋਜ਼ਨਾਮਾ ਆਦਿ ਰਚਨਾਵਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਪ੍ਰਾਪਤ ਜਾਣਕਾਰੀ ਅਨਸਾਰ ਉਹ ਸੰਧੂ ਜਾਤ ਦਾ ਜੱਟ ਸੀ ਅਤੇ ਸਭ ਭਰਾਵਾਂ ਤੋਂ ਛੋਟਾ ਹੋਣ ਕਰਕੇ ਕੰਮ ਵਿੱਚ ਦਿਲਚਸਪੀ ਨਹੀਂ ਲੈਂਦਾ ਸੀ ਉਸਦੇ ਜੀਵਨ ਬਾਰੇ ਚਲੀ ਆ ਰਹੀ ਮਿੱਥ ਅਨੁਸਾਰ ਉਸਦੀ ਵੱਡੀ ਭਰਜਾਈ ਉਸ ਉੱਤੇ ਮੋਹਿਤ ਹੋ ਗਈ ਸੀ ਪਰੰਤੂ ਪ੍ਰਭਾਵ ਨਾ ਪੈਣ ਦੀ ਅਸਮਰੱਥਾ ਸਦਕਾ ਉਸਨੇ ਲੂਣਾ ਵਾਂਗ ਆਪਣੇ ਪਤੀ ਨੂੰ ਭੜਕਾਇਆ ਜਿਸ ਕਾਰਨ ਕਾਦਰਯਾਰ ਦੇ ਵੱਡੇ ਭਰਾ ਨੇ ਉਸਨੂੰ ਕੁੱਟ -ਮਾਰ ਕੇ ਘਰੋਂ ਕੱਢ ਦਿੱਤਾ 'ਕਿੱਸਾ ਪੂਰਨ ਭਗਤ' ਜਿੱਥੇ ਪੂਰਨ ਦੀ ਦੰਤ ਕਥਾ ਦਾ ਆਦਰਸ਼ਕ ਨੈਤਿਕ ਪੱਖ ਉਭਾਰਦੀ ਹੈ ਉੱਥੇ ਹੀ ਇਸ ਵਿੱਚ ਸਲਵਾਨ ਜਾਗੀਰਦਾਰੀ ਪ੍ਰਬੰਧ ਦਾ ਪ੍ਰਤੀਨਿਧ ਅਜਿਹਾ ਪਾਤਰ ਹੈ ਜੋ ਸੱਠ ਸਾਲ ਦਾ ਹੋਣ ਦੇ ਬਾਵਜੂਦ ਵੀ ਸੋਲ੍ਹਾਂ ਸਾਲ ਦੀ ਲੂਣਾ ਨਾਲ ਵਿਆਹ ਕਰਵਾਉਂਦਾ ਹੈ ਪਰੰਤੂ ਕਿੱਸੇ ਦੇ ਅੰਤ ਵਿੱਚ ਲੂਣਾ ਦਾ ਪਛਤਾਵਾ ਭਾਰਤੀ ਇਸਤਰੀ ਦੀ ਆਦਰਸ਼ਕ ਮਾਨਸਿਕਤਾ ਦਾ ਪ੍ਰਤੀਬਿੰਬ ਬਣ ਕੇ ਸਾਹਮਣੇ ਆਉਂਦਾ ਹੈ

**ਕਿਸ਼ਨ ਸਿੰਘ ਆਰਿਫ਼**

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਅਰਾਜਕਤਾ ਫੈਲ ਗਈ ਇਸ ਦਾ ਪ੍ਰਭਾਵ ਸਾਹਿਤ ਉੱਪਰ ਪੈਣਾ ਵੀ ਲਾਜ਼ਮੀ ਸੀ ਕਿਸ਼ਨ ਸਿੰਘ ਦੇ ਕਿੱਸਿਆਂ ਵਿੱਚ ਜਿੱਥੇ ਸਮਕਾਲੀ ਧਾਰਮਿਕ,

---

12 ਸੰਪਾ. ਅਮਰਜੀਤ ਸਿੰਘ ਕਾਂਗ, ਪੰਜਾਬੀ ਕਿੱਸਾ ਸਾਹਿਤ, ਸਾਹਿਤ ਅਕਾਦਮੀ, ਦਿੱਲੀ, 2003, ਪੰਨਾ-92

ਸਮਾਜਿਕ, ਸੱਭਿਆਚਾਰ ਮਾਹੌਲ ਦੀ ਤਸਵੀਰ ਉਭਰਦੀ ਹੈ, ਉੱਥੇ ਹੀ ਉਹ ਅੰਗਰੇਜ਼ੀ ਹਕੂਮਤ ਦੇ ਨਵੇਂ ਆਜ਼ਾਮ ਨੂੰ ਵੀ ਪੇਸ਼ ਕਰਦਾ ਹੈ ਕਿਸ਼ਨ ਸਿੰਘ ਦਾ ਜਨਮ 1836 ਈ. ਨੂੰ ਅੰਮ੍ਰਿਤਸਰ ਵਿਖੇ ਹੋਇਆ ਇਨ੍ਹਾਂ ਦੇ ਪਿਤਾ ਸ. ਨਰਾਇਣ ਸਿੰਘ ਦੀ ਬਜ਼ਾਰ ਮਾਈ ਸੇਵਾ ਅੰਮ੍ਰਿਤਸਰ ਵਿਖੇ ਚਿੱਠੀਆਂ ਦੀ ਦੁਕਾਨ ਸੀ ਕਿਸ਼ਨ ਸਿੰਘ ਆਰਿਫ਼ ਨੇ ਹੀਰ ਰਾਂਝਾ, ਸ਼ੀਰੀ ਫ਼ਰਿਹਾਦ, ਪੂਰਨ ਭਗਤ, ਰਾਜਾ ਭਰਥਰੀ, ਰਾਜਾ ਰਸਾਲੂ ਆਦਿ ਕਿੱਸਿਆਂ ਦੀ ਰਚਨਾ ਕੀਤੀ ਹੀਰ ਦੇ ਕਿੱਸੇ ਨੂੰ ਉਸਨੇ ਕਲੀਆਂ ਰੂਪ ਵਿੱਚ ਰਚਿਆ ਹੈ ਬੀਰ ਰਸੀ ਰਚਨਾਂ ਕਿੱਸਾ ਦੁੱਲਾ ਭੱਟੀ ਉਨ੍ਹਾਂ ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਨੂੰ ਦਿੱਤਾ

ਕਵੀ ਦੀ ਵਿਚਾਰਧਾਰਾ ਧਰਮ ਅਤੇ ਰੋਮਾਂਸ ਦੇ ਸੁਮੇਲ ਨਾਲ ਉਪਜਦੀ ਨਜ਼ਰ ਆਉਦੀਂ ਹੈ ਉਸਦੀ ਮੌਤ 1900 ਈ. ਵਿੱਚ ਹੋਈ ਸੀ ਡਾ. ਮੋਹਨ ਸਿੰਘ ਦੀਵਾਨ ਆਪਣੀ ਪੁਸਤਕ 'ਐਨ ਇੰਨਟ੍ਰੋਡਕਸ਼ਨ ਟੂ ਪੰਜਾਬੀ ਲਿਟਰੇਚਰ' ਉਹ ਗਾਥਾ ਕਹਿਣ ਲਈ ਅਜਿਹੇ ਅਨੋਖੇ ਛੰਦ ਦੀ ਚੋਣ ਕਰਦਾ ਹੈ ਤੇ ਉਸ ਨੂੰ ਸੁੰਦਰਤਾ ਤੇ ਸਫ਼ਲਤਾ ਨਾਲ ਨਿਭਾਉਂਦਾ ਹੈ ਉਸ ਕੋਲ ਢੁੱਕਵੀਂ ਸ਼ਬਦ-ਚੋਣ ਕਰਨ ਦੀ ਕੁਦਰਤੀ ਸੂਝ ਸੀ ਸਭ ਤੋਂ ਵੱਧ ਗੱਲ ਇਹ ਹੈ ਕਿ ਉਸ ਨੇ ਮਨੁੱਖੀ ਗੁਣਾਂ ਦਾ ਸਧਾਰਣੀ ਕਰਨ ਅਤੇ ਰੂਹਾਨੀ ਸੱਚਾਈਆਂ ਦੀਆਂ ਸਿਖਰਾਂ ਛੋਹਣ ਲੱਗਾ ਇਸ ਉਦੇਸ਼ ਲਈ ਉਸ ਕੋਲ ਉਰਦੂ ਫ਼ਾਰਸੀ ਦਾ ਕਾਫੀ ਗਿਆਨ ਸੀ

**ਸਾਧੂ ਸਾਹਿਬ ਸਿੰਘ**

ਸਾਧੂ ਸਾਹਿਬ ਸਿੰਘ ਸੰਧੂ ਬਿਰਤੀ ਵਾਲੇ ਕਵੀ ਹੋਏ ਉਨ੍ਹਾਂ ਦਾ ਨਿਵਾਸ ਸਥਾਨ ਅੱਲਾਪੁਰ ਤਹਿਸੀਲ ਖਰੜ (ਜਿਲ੍ਹਾ ਅੰਬਾਲਾ, ਹੁਣ ਰੋਪੜ) ਸੀ ਉਨ੍ਹਾਂ ਦੇ ਸੰਤ ਸੁਭਾ ਵੇਦਾਂਤਕ ਪ੍ਰਭਾਵ ਅਧੀਨ ਸੀ ਕਿੱਸਾ ਪੂਰਨ ਭਗਤ ਦੋਹਰਾ ਅਤੇ ਕਬਿੱਤ ਛੰਦ ਵਿੱਚ ਹੈ ਕਬਿੱਤਾਂ ਵਿੱਚ ਪੂਰਨ ਦਾ ਕਿੱਸਾ ਲਿਖਣ ਵਾਲੇ ਇਹ ਪਹਿਲਾ ਕਿੱਸਾਕਾਰ ਹੈ ਇਸ ਕਿੱਸੇ ਦੇ ਖਤਮ ਹੋਣ ਦੀ ਤਾਰੀਖ ਕਿੱਸੇ ਦੇ ਅੰਤ ਵਿੱਚ ਪੰਨਾ 96 ਤੇ ਇਸ ਪ੍ਰਕਾਰ ਲਿਖੀ ਹੈ:

ਸੰਮਤ ਉਨੀ ਸੌ ਚਾਲੀ ਚੇਤਰ ਬਿਸਾਲ ਮਾਸ,
ਵਾਰ ਅੰਸ ਮਾਲੀ ਥਿੱਤ ਦਸਵੀ ਜੋ ਜਾਨੀਯੇ

ਇਸ ਅਨੁਸਾਰ ਇਹ ਕਿੱਸੇ 1883 ਈ. ਨੂੰ ਅਸਮਤ ਮਹੀਨੇ ਪੂਰਾ ਕੀਤਾ ਗਿਆ ਇਹ ਕਿੱਸਾ ਵੇਦਾਂਤ ਦੇ ਪ੍ਰਭਾਵ੍ਹ ਅਧੀਨ ਗੁਰੂ ਮਰਿਆਦਾ ਦਾ ਥਾਂ-ਥਾਂ ਵਰਣਨ ਕਰਦਾ ਹੈ ਕਿੱਸੇ ਦੀ ਬੋਲੀ ਸਾਧ ਭਾਸ਼ਾ ਅਤੇ ਬ੍ਰਿਜ਼ ਭਾਸ਼ਾ ਦੇ ਨੇੜੇ ਹੈ

**ਸ਼ੋਭਾ ਰਾਮ ਹਰਦਮ ਮਸਤ**

ਹਰਦਮ ਮਸਤ, ਸ਼ੋਭਾ ਰਾਮ ਦਾ ਤਖ਼ੱਲਸ ਸੀ ਇਨ੍ਹਾਂ ਦੇ ਕਿੱਸੇ ਪੂਰਨ ਭਗਤ ਵਿਚੋਂ ਵੇਦਾਂਤਕ ਵਿਚਾਰਧਾਰਾ ਅਤੇ ਮਿਥਿਹਾਸ ਦਾ ਪ੍ਰਭਾਵ ਹੈ ਕਿਸੇ ਨੂੰ ਲਿਖ ਕੇ ਪੂਰਾ ਕਰਨ ਬਾਰੇ ਆਪ ਨੇ ਆਪਣੇ ਕਿੱਸੇ ਵਿੱਚ ਇਸ ਪ੍ਰਕਾਰ ਲਿਖਿਆ ਹੈ

ਉਨ੍ਹੀ ਸੌ ਚੁਰੰਜਾ ਵਿੱਚ ਭਾਦਰੋ ਦੇ, ਕਿੱਸਾ ਪੂਰਨ ਦਾ ਤਿਆਰ ਮਿਤਰੋ
ਨਾਵੇ ਖਾਸ ਤੇ ਦਸਵੇ ਤਿਥ ਆਹੀ ਤੇ, ਵਾਰ ਹੈਸੀ ਸੋਮਵਾਰ ਮਿਤਰੋ

ਇਸ ਤਰ੍ਹਾਂ ਕਿੱਸਾ 1897 ਈ. ਵਿੱਚ ਪੂਰਾ ਹੋਇਆ ਇਸ ਕਿੱਸੇ ਨੂੰ ਪਹਿਲਾਂ ਲਾਲਾ ਬੂਟਾ ਰਾਮ ਸਾਹਿਬ ਆਪਣੇ ਤਾਜਰ ਕੁਤਬ, ਸ਼ਹਿਰ ਰਾਵਲਪਿੰਡੀ ਨੇ 1900 ਈ. ਵਿੱਚ ਛਾਪਿਆ

**ਕਾਲੀ ਦਾਸ ਗੁਜਰਾਂਵਾਲਾ (ਪੰਡਤ ਮਾਨ ਸਿੰਘ ਕਾਲੀ ਦਾਸ, 1865-1943)**

ਕਾਲੀ ਦਾਸ ਗੁਜਰਾਂਵਾਲੀਆ ਉਨ੍ਹੀਵੀਂ ਸਦੀ ਦੇ ਅੰਤ ਵਿੱਚ ਸੰਤ ਸੁਭਾ ਵਾਲੇ ਕਿੱਸਾ ਕਵੀ ਹੋਏ ਆਪ ਦਾ ਜਨਮ 15 ਅਕਤੂਬਰ 1865 ਈ. ਵਿੱਚ ਪੰਡਤ ਜੈ ਦਿਆਲ ਦੇ ਘਰ ਹੋਇਆ ਆਪ ਦੇ ਪਿਤਾ ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰੀ ਸਨ ਆਪ ਬਚਪਨ ਵਿਚ ਹੀ ਭਗਤੀ ਵਿੱਚ ਲੀਨ ਰਹਿੰਦੇ ਅਤੇ ਭਜਨ ਗਾਉਂਦੇ ਸਨ ਆਪ ਨੇ ਮਹਾਤਮਾ ਹਰੀ ਸਿੰਘ ਨੂੰ ਗੁਰੂ ਧਾਰਿਆ ਅਤੇ ਉਨ੍ਹਾਂ ਦੀ ਸੰਗਤ ਵਿੱਚ ਚੌਵੀ ਸਾਲ ਰਹਿਣ ਪਿੱਛੋਂ ਅੰਮ੍ਰਿਤ-ਪਾਨ ਕਰਕੇ ਸਿੱਖ ਧਰਮ ਵਿੱਚ ਸ਼ਾਮਲ ਹੋ ਗਏ ਆਪ ਜੀ ਨੇ ਹਿੰਦੀ, ਫ਼ਾਰਸੀ, ਸੰਸਕ੍ਰਿਤੀ ਧਾਰਮਿਕ ਪੁਸਤਕਾਂ ਦਾ ਅਧਿਐਨ ਕੀਤਾ ਪਤਨੀ ਅਤੇ ਪੁੱਤਰ ਦੀ ਮੌਤ ਉਪਰੰਤ ਆਪ ਦੇ ਜੀਵਨ ਵਿੱਚ ਉਪਰਾਮਤਾ ਪੈਦਾ ਹੋ ਗਈ ਅਤੇ ਆਪ ਗ੍ਰਹਿਸਤ ਤਿਆਗ, ਸੰਤ ਬਣ ਗਏ ਆਪ ਨੇ ਪੂਰਨ ਭਗਤ (1898) ਰਾਜਾ ਰਸਾਲੂ, ਗੋਪੀ ਚੰਦ, ਰਮਾਇਣ, ਰੂਪ ਬਸੰਤ, ਸੰਤ ਸਾਖੀਆਂ, ਹਕੀਕਤ ਰਾਏ, ਰਾਜਾ ਸੁਰਬਾਲ ਆਦਿ ਰਚਨਾਵਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ

ਆਪ ਦੀ ਰਚਨਾ ਪੂਰਨ ਭਗਤ ਇੱਕ ਉਪਦੇਸਾਤਮਕ ਅਤੇ ਵਿਸਥਾਰਕ ਭਰਪੂਰ ਰਚਨਾ ਹੈ ਉਸ ਵੱਲੋਂ ਰਚਿਤ ਕਿੱਸੇ ਦੀ ਕਥਾ ਕਾਦਰਯਾਰ ਦੇ ਨੇੜੇ ਹੈ ਪਰੰਤੂ ਕੁੱਝ ਘਟਨਾਵਾਂ ਵੱਖਰੀਆਂ ਹਨ ਜਿਵੇਂ ਕਾਲੀਦਾਸ ਪੂਰਨ

ਦੇ ਜਨਮ ਤੋਂ ਪਹਿਲਾਂ ਇੱਕ ਸੁਪਨੇ ਦਾ ਜ਼ਿਕਰ ਕਰਦਾ ਹੈ ਜਿਸ ਵਿੱਚ ਹੱਥ ਵਿੱਚ ਚੱਕਰ ਫੜ ਬੈਠੇ ਨਰੈਣ ਭਗਵਾਨ ਅੱਗੇ ਰਾਜਾ ਸਲਵਾਨ ਪੁੱਤਰ ਪ੍ਰਾਪਤੀ ਲਈ ਬੇਨਤੀ ਕਰਦਾ ਹੈ, ਜਿਸ ਵਰਦਾਨ ਸਦਕਾ ਇੱਛਰਾ ਨੂੰ ਪੂਰਨ ਦੀ ਪ੍ਰਾਪਤੀ ਹੁੰਦੀ ਹੈ

ਇਸਦੇ ਕਿੱਸੇ ਵਿੱਚ ਕੁੱਝ ਅਜਿਹੀ ਨਵੀਂ ਬਿਰਤੀ ਸਾਹਮਣੇ ਆਉਂਦੀ ਹੈ ਜੋ ਪੂਰਨ ਦੀ ਕਥਾ ਵਿੱਚ ਨਵੀਂ ਸੀ ਜੋ ਅੱਗੇ ਜਾ ਕੇ ਸ਼ਿਵ ਕੁਮਾਰ ਬਟਾਲਵੀ ਦੀ 'ਲੂਣਾ' ਦਾ ਆਧਾਰ ਬਣਦੀ ਨਜ਼ਰ ਆਉਂਦੀ ਹੈ:

ਖੁਸਮ ਬੁਢੜੇ ਤੋਂ ਅਵਾਜ਼ਾਰ ਹੋਈ, ਲੂਣਾ ਚਾਹੁੰਦੀ ਸੋਹਣਿਆ ਨਰਾਂ ਨੂੰ ਜੀ
ਲੋੜਵੰਦ ਗਰੀਬ ਨੂੰ ਕੌਣ ਜਾਣੇ, ਲੋਕ ਸਾਕ ਦੇਂਦੇ ਬਖਤਾਵਾਰ ਨੂੰ ਜੀ
ਕੁੜੀ ਨਵਾਂ ਦੀ ਤੇ ਨੀਂਗਰ ਨਬਿਆ ਦਾ, ਲੋਭੀ ਰਿਜ਼ਕ ਦੇ ਢੂੰਡਦੇ ਵਰੀ ਨੂੰ ਜੀ
ਬੀਬੀ ਫੌਜ ਯੋਗੀ ਮੀਆਂ ਕਬਰ ਜੋਗਾ, ਫਿੱਟੇ ਮੂਹ ਇਹੋ ਜਿਹੇ ਵਰਾਂ ਨੂੰ ਜੀ

**ਦੌਲਤ ਰਾਮ :**

ਦੌਲਤ ਰਾਮ ਦਾ ਜਨਮ ਪਿੰਡ ਰਾਮਗੜ੍ਹ, ਜਿਲ੍ਹਾ ਲੁਧਿਆਣਾ 1880 ਈ. ਵਿੱਚ ਹੋਇਆ ਦੌਲਤ ਰਾਮ ਦਾ ਪ੍ਰਸਿੱਧ ਕਿੱਸੇ 'ਰੂਪ ਬਸੰਤ' ਕਰਦੇ ਕਾਫ਼ੀ ਹੈ ਜਵਾਨ ਉਮਰ ਵਿੱਚ ਪਿੰਡ ਦੀ ਕਿਸੇ ਇਸਤਰੀ ਨਾਲ ਪਿਆਰ ਪੈਣ ਕਰਕੇ ਉਸਨੂੰ ਕਾਫ਼ੀ ਖੱਜਲ-ਖੁਆਰ ਹੋਣਾ ਪਿਆ ਜਿਸ ਦੇ ਸਿੱਟੇ ਵਜੋਂ ਉਹ ਆਪਣਾ ਪਿੰਡ ਸਦਾ ਲਈ ਤਿਆਗ ਜਿਲ੍ਹਾ ਮਿੰਟਗੁੰਮਰੀ ਦੇ ਇੱਕ ਪਿੰਡ ਬਲੇਲਪੁਰ ਰਹਿਣ ਲੱਗ ਗਏ

ਰੂਪ ਬਸੰਤ (1904), ਰਾਜਾ ਬਰਯਾਲ (1907), ਪੂਰਨ ਭਗਤ (1908), ਰਾਜਾ ਰਸਾਲੂ (1915) ਹਕੀਕਤ ਗਏ ਤੇਰਾਜਾ ਹਰੀਸ਼ ਚੰਦਰ (1923), ਗਿਆਨ ਗੁਲਜ਼ਾਰ ਆਦਿ ਰਚਨਾਵਾਂ ਉਨ੍ਹਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ

ਦੌਲਤ ਰਾਮ ਦਾ ਕਿੱਸਾ 'ਪੂਰਨ ਭਗਤ' ਇੱਕ ਵੱਡ ਅਕਾਰੀ ਰਚਨਾ ਹੈ ਇਸ ਕਿੱਸੇ ਵਿੱਚ ਉਹ ਮਿਥਿਹਾਸਕ ਕਥਾਵਾਂ ਵਿਚਲੇ ਨਾਇਕਾਂ ਦੇ ਹਵਾਲੇ ਦਿੰਦਾ ਹੋਇਆ ਪੂਰਨ ਭਗਤ ਕਥਾ ਦੀ ਲੜੀ ਸਿਰਜਦਾ ਹੈ

ਪੂਰਨ ਜਦੋਂ ਆਪਣੇ ਮਾਤਾ-ਪਿਤਾ ਨੂੰ ਪਹਿਲੀ ਵਾਰ ਮਿਲਣ ਜਾਂਦਾ ਹੈ ਉਸ ਸਮੇਂ ਦਾ ਹਾਲ ਕਿੱਸਾਕਾਰ ਇਸ ਤਰ੍ਹਾਂ ਬਿਆਨ ਕਰਦਾ ਹੈ:

ਨੀਵੀਂ ਨਜ਼ਰ ਕਰਕੇ ਟੁਰਿਆ ਭਗਤ ਜਾਵੇ, ਦੀਦੇ ਤ੍ਰਿਖੜੇ ਤੇਜ਼ ਕਟਾਰੀਆ ਜੀ
ਬਰਖਾ ਫੁੱਲਾਂ ਦੀ ਹੋਵਦੀ ਭਗਤ ਉੱਤੇ, ਲਈਆਂ ਤੋੜ ਲੋਕਾਂ ਫੁਲਵਾੜੀਆਂ ਜੀ
ਗੋਇਆ ਰਾਮ ਆਏ ਬਨਵਾਸ ਵਿਚੋਂ, ਖੁਸ਼ੀਆਂ, ਪੂਰੀ ਅਯੁਧਿਆ ਭਾਰੀਆ ਜੀ

ਇਨ੍ਹਾਂ ਕਿੱਸਾਕਾਰਾਂ ਤੋਂ ਇਲਾਵਾ ਵੀ ਇਸ ਸਦੀ ਦੇ ਹੋਰ ਕਿੱਸਾਕਾਰ ਹਨ ਜਿਨ੍ਹਾਂ ਪੂਰਨ ਭਗਤ ਕਿੱਸੇ ਦੀ ਰਚਨਾ ਕੀਤੀ ਇਨ੍ਹਾਂ ਕਿੱਸਾਕਾਰਾਂ ਵਿੱਚੋਂ ਨੰਦ ਸਿੰਘ, ਉੱਤਮ ਸਿੰਘ, ਬਿਸ਼ਨ ਦਾਸ ਗੁਰੂ, ਬੇਲੀ ਰਾਮ, ਲੱਧੂ ਰਾਮ, ਮਿਲਖੀ ਰਾਮ, ਪਾਲ ਸਿੰਘ ਆਰਿਫ਼, ਲਾਲ ਸਿੰਘ ਆਦਿ ਪ੍ਰਮੁੱਖ ਹਨ

ਵੀਹਵੀਂ ਸਦੀ ਦੇ ਕਿੱਸਾਕਾਰਾਂ ਨੇ ਵੀ ਪੂਰਨ ਭਗਤ ਦੀ ਦੰਤ ਕਥਾ ਨੂੰ ਆਧਾਰ ਬਣਾ ਕੇ ਕਿੱਸਿਆਂ/ਕਾਵਿ ਦੀ ਰਚਨਾ ਜਾਰੀ ਰੱਖੀ, ਪਰੰਤੂ ਇਸ ਕਾਲ ਤੱਕ ਪਹੁੰਚਦਿਆਂ ਇਸ ਕਿੱਸੇ ਦੀ ਮੂਲ ਕਥਾ ਬਹੁਸਰੀ ਦਿਸ਼ਾਵਾਂ ਵੱਲ ਮੁੜਨੀ ਸ਼ੁਰੂ ਹੋ ਗਈ ਸੀ ਇਸ ਕਾਲ ਵਿੱਚ ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਪੂਰਨ ਨਾਥ ਯੋਗੀ' ਅਤੇ ਸ਼ਿਵ ਕੁਮਾਰ ਬਟਾਵਲੀ ਦੀ ਰਚਨਾ 'ਲੂਣਾ' ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ

**ਪ੍ਰੋ. ਪੂਰਨ ਸਿੰਘ**

ਪ੍ਰੋ. ਪੂਰਨ ਸਿੰਘ ਕਾਦਰਯਾਰ ਦੇ ਕਿੱਸੇ ਤੋਂ ਪ੍ਰਭਾਵਿਤ ਹੋ ਕੇ ਪੂਰਨ ਦੀ ਗਾਥਾ ਨੂੰ ਮੁੜ ਕਲਮਬੱਧ ਕਰਦਾ ਹੈ ਕਵੀ ਸੁਹਜ ਸੁਆਦ ਰਾਹੀਂ ਕਾਦਰਯਾਰ ਦੀ ਆਤਮਾ ਨੂੰ ਪਹਿਚਾਣ ਕੇ ਉਸਦੀ ਰਚਨਾ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ ਇਸ ਨੂੰ ਪ੍ਰੋ. ਪੂਰਨ ਸਿੰਘ ਦੀ ਰਚਨਾ 'ਖੁੱਲ੍ਹੇ ਮੈਦਾਨ' ਦੀ ਭੂਮਿਕਾ ਵਿਚੋਂ ਦੇਖਿਆ ਜਾ ਸਕਦਾ ਹੈ, ਇਸ ਵਿੱਚ ਉਹ ਲਿਖਦਾ ਹੈ

"ਕਾਦਰਯਾਰ ਦੇ ਬੈਂਤਾਂ ਦੀ ਤਬੀਅਤ ਨੂੰ ਉਕਸਾਵਟ ਦੇਣ ਦੀ ਕਥਾ ਸਦਾ ਮਜ਼ਰੀ ਤੇ ਵਿਚਿਤ੍ਰ ਕਿੱਸਾ ਸਾਦਾ ਜਿਹਾ ਹੈ, ਪਰ ਉਹ ਸਾਦਗੀ ਉਨ੍ਹਾਂ ਬੈਂਤਾਂ ਵਿੱਚ ਹੈ, ਜਿਹੜੀ ਸਦਾ ਸਿੱਟਾ ਹੁੰਦੀ ਹੈ ਕਿਸੀ ਸੁਹਜ ਸੁਭਾ ਦੈਵੀ ਆਵੇਸ਼ ਦਾ ਤੇ ਉਹ ਆਵੇਸ਼ ਜਿਹੜਾ ਹਰ ਕੋਮਲ ਉਨਰ ਦੇ ਕਮਾਲ ਹਾਸਲ ਹੋਣ ਉੱਤੇ, ਗਲੇ ਤੇ ਹੱਥੋਂ ਤੇ ਦਿਲ ਵਿੱਚ ਕਦੀ ਅਚਨਚੇਤ ਨੂੰ ਆਉਂਦਾ ਹੈ ਕਾਦਰਯਾਰ ਦੇ ਪੂਰਨ ਨੂੰ ਪੜ੍ਹਕੇ ਜੋ ਵਲਵਲੇ ਮੇਰੇ ਦਿਲ ਵਿੱਚ ਝੁਰਮੁਟ ਪਾ ਆਏ, ਉਹ ਇੱਕ ਦਿਨ ਵਿੱਚ ਅੰਕਤ ਕੀਤੇ ਮੁੜ ਪਿਆਰੇ ਪੰਜਾਬ ਨੂੰ ਦਿੰਦਾ ਹਾਂ – ਤੇਰੇ ਥੀ ਲੈ ਕੇ ਤੈਨੂੰ ਤੇਰਾ ਮੋੜਦਾ ਹੈ"

ਇਨ੍ਹਾਂ ਸ਼ਬਦਾਂ ਰਾਹੀਂ ਕਵੀ ਕਾਦਰਯਾਰ ਤੋਂ ਪ੍ਰਭਾਵ ਗ੍ਰਹਿਣ ਕਰਕੇ ਇਹ ਸਾਹਿਤਕ ਕਿਰਤ ਪੰਜਾਬੀ ਸਾਹਿਤ ਦੀ ਝੋਲੀ ਪਾਉਂਦਾ ਹੈ ਇਹ ਕਿਰਤ ਕਿੱਸਾ ਨਹੀਂ ਬਲਕਿ ਸਰੋਦੀ ਕਵਿਤਾ ਹੈ

ਇਸ ਕਵਿਤਾ ਦੀਆਂ ਇਨ੍ਹਾਂ ਸਤਰਾਂ ਵਿੱਚ ਪੂਰਨ ਨਾਥ ਯੋਗੀ ਦੇ ਜੀਵਨ ਨਾਲ ਸਬੰਧਤ ਮੁੱਢਲੀਆਂ ਘਟਨਾਵਾਂ ਦਾ ਜ਼ਿਕਰ ਹੈ

ਸੂਰਜ ਇੱਛਰਾ ਦੀ ਗੋਦ ਚੜਦੇ ਸਾਰ
ਜੋਤਸ਼ ਦੇ ਵਹਿਮ ਨੇ ਖਾ ਲੀਤਾ
....ਰਾਜਾ ਪੰਡਤਾਂ ਦੇ ਆਖੇ ਲੱਗ ਕੇ ਤੇ
ਮਾਸੂਮ ਬੱਚੇ ਨੂੰ ਕਨੇਰੀਆਂ ਕੋਠੜੀਆਂ ਪਾ ਦਿੱਤਾ
ਗਊ ਪਾਸੋਂ ਵੱਛਾ ਵਿਛੋੜਿਆ ਸੂ
ਤੇ ਉਹਦੇ ਸਵਾਸ ਵਿੱਚ ਪੂਰਨ
ਉਹਦੀ ਅੱਖ ਵਿੱਚ ਪੂਰਨ"

ਪੂਰਨ ਭਗਤ ਵਿੱਚ ਲੂਣਾ ਦਾ ਚਰਿੱਤਰ ਇੰਜ ਉਘਾੜਿਆ ਗਿਆ ਹੈ

"ਦਿਨ ਰਾਤ ਲੂਣਾ ਇੱਕ ਅੱਗ ਜਿਹੀ ਲੱਗੀ ਨੱਸਦੀ, ਭੱਜਦੀ
ਤੇ ਚਾਹੇ ਅੰਗ ਅੰਗ ਨੂੰ ਕਿਸੇ ਅੱਗ ਨਾਲ ਠਾਰਨਾ
ਅੱਗ ਖਾਂਦੀ, ਅੱਗ ਪੀਂਦੀ
ਪਾਣੀ ਨਾ ਲੋਚਦੀ, ਠੰਡ ਦੀ ਉਹਨੂੰ ਲੋੜ ਨਾ

ਕਵੀ ਨੇ ਇਸੀ ਲੰਮੀ ਕਵਿਤਾ ਵਿੱਚ ਰਹੱਸਵਾਦੀ ਅੰਸ਼ਾਂ ਨੂੰ ਵੀ ਉਭਾਰਿਆ ਹੈ ਕਵੀ ਰਾਣੀ ਸੁੰਦਰਾਂ ਦੀ ਪੁਕਾਰ ਨੂੰ ਇਉਂ ਚਿੱਤਰਦਾ ਹੈ:

"ਨਾਥ ਜੀ, ਲਾਹ ਦਿਉ ਚੰਨ ਤੁਸੀਂ
ਹੁਣ ਆਪਣੇ ਗਗਨ ਵਾਲਾ
ਦਿਉ ਮੈਨੂੰ, ਰੱਖ ਮੇਰੇ ਸਿਰ 'ਤੇ"

ਕਵਿਤਾ ਦੇ ਅੰਤਲੇ ਬੋਲ ਸੁਣੋ:

ਯੋਗ ਮਾਂ ਬੱਚਾ
ਯੋਗੀ ਰਾਜ ਧਿਆਨੀ
ਯੋਗੀ ਦੀ ਤਸਵੀਰ
ਇਕ ਦੂਜੀ ਦੀ ਜੱਫੀ ਵਿੱਚ
ਪੂਰਨ ਯੋਗ ਦੀ, ਇੱਕ ਬੁੱਤ ਸਮਾਧ
ਦਾ ਜਿਹੜਾ ਅਮਰ ਹੋਯਾ"
ਇਉ ਮਿਲੇ ਆਖਰ :
"ਰੱਬ ਹੈ ਵਿਛੜੇ ਮਿਲਾਣ ਵਾਲਾ"

ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਪੂਰਨ ਨਾਥ ਯੋਗੀ ਦੀ ਦੰਤ ਕਥਾ ਨੂੰ ਕਾਵਿ-ਰੂਪ ਦੇ ਕੇ ਨਵੇਂ ਫਲਸਫ਼ੇ ਨੂੰ ਦ੍ਰਿਸ਼ਟੀਮਾਨ ਕਰਦਾ ਨਜ਼ਰ ਆਉਂਦਾ ਹੈ

**ਸ਼ਿਵ ਕੁਮਾਰ ਬਟਾਲਵੀ**

ਬਿਰਹਾ ਦਾ ਕਵੀ ਸ਼ਿਵ ਕੁਮਾਰ ਬਟਾਲਵੀ ਬਟਾਲੇ ਦਾ ਜੰਮਪਲ (1937 ਈ.) ਹੈ ਸ਼ਿਵ ਦੀਆਂ ਕਾਵਿ ਰਚਨਾਵਾਂ ਪਾਠਕਾਂ ਦੇ ਮਨ ਨੂੰ ਟੁੰਬਣ ਵਾਲੀਆਂ ਹਨਸ਼ਿਵ ਕੁਮਾਰ ਨੇ ਲੂਣਾ ਮਹਾਂਕਾਵਿ ਦੀ ਰਚਨਾ ਕਰਕੇ ਪੂਰਨ ਭਗਤ ਦੀ ਕਾਥਾ ਨੂੰ ਨਵਾਂ ਮੋੜ ਦਿੱਤਾ ਸ਼ਿਵ ਕੁਮਾਰ ਨੇ ਲੂਣਾ ਦੇ ਅਨਜੋੜ ਵਿਆਹ ਨੂੰ ਪੈਦਾ ਹੋਈਆਂ ਸਮੱਸਿਆਵਾਂ ਦਾ ਜ਼ਿਕਰ ਲੂਣਾ ਦੀਆਂ ਮਨੋਵਿਗਿਆਨਕ ਛੋਹਾਂ ਰਾਹੀਂ ਕੀਤਾ ਹੈ ਕਵੀ ਨੇ ਲੂਣਾ ਦੇ ਦਰਦ ਨੂੰ ਸਮੂਹ ਇਸਤਰੀ ਵਰਗ ਨਾਲ ਜੋੜ ਕੇ ਪੇਸ਼ ਕਰਨ ਦਾ ਯਤਨ ਕੀਤਾ ਹੈ 1965 ਈ. ਵਿੱਚ ਲੂਣਾ ਮਹਾਂਕਾਵਿ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਇਹ ਮਹਾਂਕਾਵਿ ਅੱਠ ਅੰਕਾਂ ਵਿੱਚ ਵੰਡਿਆ ਹੋਇਆ ਹੈ ਅਤੇ ਕਵੀ ਇੱਕ ਸੂਤਰਧਾਰ ਵਾਂਗ ਅੰਕ ਦੀ ਸ਼ੁਰੂਆਤ ਵਿੱਚ ਲੰਮੀ ਵਾਰਤਾਲਾਪ ਰਾਹੀਂ ਪਾਠਕਾਂ ਨੂੰ ਕਹਾਣੀ ਨਾਲ ਜੋੜਦਾ ਹੋਇਆ ਪ੍ਰਕਿਰਤੀ ਚਿਤਰਨ ਕਰਦਾ ਹੈ ਇਸ ਮਹਾਂਕਾਵਿ ਵਿੱਚ ਲੂਣਾ, ਪੂਰਨ, ਸਲਵਾਨ, ਇੱਛਰਾ ਆਦਿ ਮੁੱਖ ਪਾਤਰਾਂ ਵਜੋਂ ਅਤੇ ਰਾਜਾ ਵਰਮਨ, ਰਾਜਾ ਚੌਪਲ, ਈਰਾ, ਮਥਰੀ, ਗੋਲੀ ਆਦਿ ਗੌਣ ਪਾਤਰਾ ਵਜੋਂ ਭੂਮਿਕਾ ਨਿਭਾਉਂਦੇ ਹਨ

ਇਸ ਮਹਾਂਕਾਵਿ ਵਿੱਚ ਕਵੀ ਲੂਣਾ ਦੀ ਆਵਾਜ਼ ਬਣਦਾ ਹੋਇਆ, ਉਸ ਦੇ ਅੰਦਰਲੀ ਤੜਪਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ ਜਿਵੇਂ:

ਧਰਮੀ ਬਾਬਲ ਪਾਪ ਕਮਾਇਆ
ਲੜ ਲਾਇਆ ਸਾਡੇ ਫੁੱਲ ਕੁਮਲਾਇਆ
ਜਿਸ ਦਾ ਇੱਛਰਾ ਰੂਪ ਹੰਢਾਇਆ

ਮੈਂ ਪੂਰਨ ਦੀ ਮਾਂ ਪੂਰਨ ਦੇ ਹਾਣ ਦੀ

ਕਵੀ ਲੂਣਾ ਦੇ ਪੱਖ ਵਿੱਚ ਵਕੀਲਾਂ ਵਾਂਗ ਦਲੀਲ ਦਿੰਦਾ ਹੋਇਆ, ਉਸ ਦੀ ਦੱਬੀ ਹੋਈ ਮਾਨਸਿਕਤਾ ਨੂੰ ਸਾਹਮਣੇ ਲਿਆਉਂਦਾ ਹੈ

ਚਰਿਤ੍ਰ–ਹੀਣ ਤੇ ਤਾਂ ਕੋਈ ਆਖੇ
ਜੇ ਕਰ ਲੂਣਾ ਵੇਚੇ ਹਾਸੇ
ਪਰ ਜੇ ਹਾਣ ਨਾਲ ਲੱਭਣ ਮਾਪੇ
ਹਾਣ ਲੱਭਣ ਵਿੱਚ ਗੱਲ ਕੀ ਹੈ ਅਪਮਾਨ ਦੀ

ਇਹ ਮਹਾਂਕਾਵਿ ਪੂਰਨ ਭਗਤ ਦੀ ਗਾਥਾ ਨਹੀਂ ਬਲਕਿ ਲੂਣਾ ਦੀ ਗਾਥਾ ਦੀ ਉਪਜ ਹੈ ਇਸ ਕਰਕੇ ਇਸ ਨੂੰ ਉਸ ਲੜੀ ਨਾਲੋਂ ਤੋੜਿਆ ਨਹੀਂ ਜਾ ਸਕਦਾ ਇਸ ਮਹਾਂਕਾਵਿ ਵਿੱਚ ਕਵੀ ਪਾਤਰਾਂ ਦੀ ਜ਼ੁਬਾਨ ਬਣਦਾ ਹੋਇਆ ਉਨ੍ਹਾਂ ਦੇ ਮਾਨਸਿਕ ਵਲਵਲਿਆਂ ਨੂੰ ਵੱਖ–ਵੱਖ ਸ਼ੈਲੀਆਂ ਰਾਹੀਂ ਪੇਸ਼ ਕਰਦਾ ਹੈ ਜਿਵੇਂ ਕਿ 'ਪੂਰਨ' ਦੀ ਜ਼ੁਬਾਨ ਬਣਦਾ ਹੋਇਆ ਕਵੀ ਸਤਰਾਂ ਪ੍ਰਸਤੁਤ ਕਰਦਾ ਹੈ:

ਏਥੇ ਕੋਈ ਨਿਰਦੋਸ਼ ਨਹੀਂ ਹੈ,
ਨਾ ਏਥੇ ਕੋਈ ਦੋਸ਼ਵਾਨ ਹੈ,
ਚੌਗਿਰਦੇ ਦੀ ਮਜ਼ਬੂਤੀ ਹੈ,
ਮਜ਼ਬੂਰੀ ਦਾ 'ਦੋਸ਼' ਨਾਮ ਹੈ

ਇਸ ਤਰ੍ਹਾਂ ਪਾਤਰ ਦੇ ਵਿਵਹਾਰ ਨੂੰ ਉਸ ਦੀ ਮਜ਼ਬੂਰੀ ਨਾਲ ਜੋੜ ਕੇ ਉਸ ਨੂੰ ਦੋਸ਼ਮੁਕਤ ਵੀ ਕਰ ਦਿੱਤਾ ਗਿਆ ਹੈ ਕਵੀ ਨੇ ਇਸ ਕਹਾਣੀ ਨੂੰ ਆਪਣੀ ਲੋੜ ਅਨੁਸਾਰ ਫ਼ਰਕ ਪਾ ਕੇ ਢਾਲ ਲਿਆ ਹੈ

ਇਨ੍ਹਾਂ ਕਵੀਆਂ ਤੋਂ ਇਲਾਵਾ ਦਲੀਪ ਸਿੰਘ, ਰਮਤਾ ਛੱਜੂ ਸਿੰਘ ਤੂਫਾਨ, ਨਰੈਣ ਸਿੰਘ, ਕਰਤਾਰ ਸਿੰਘ, ਕੌਰ ਚੰਦ 'ਰਾਹੀ', ਭਗਤ ਰਾਮ ਆਦਿ ਕਿੱਸਾਕਾਰ ਹੋਏ ਹਨ ਜਿਨ੍ਹਾਂ ਨੇ ਵੀਹਵੀਂ ਸਦੀ ਵਿੱਚ ਪੂਰਨ ਭਗਤ ਦੀ ਗਾਥਾ ਨਾਲ ਸੰਬੰਧਿਤ ਕਾਵਿ ਰਚਨਾਵਾਂ ਕੀਤੀਆਂ

ਪਾਠ ਨੰਬਰ : 2.6 ਚਰਨਜੀਤ ਕੌਰ (ਰਿਸਰਚ ਸਕਾਲਰ)

# ਕਾਦਰਯਾਰ : ਜੀਵਨ ਅਤੇ ਰਚਨਾ

ਮਹਾਰਾਜਾ ਰਣਜੀਤ ਸਿੰਘ ਕਾਲ ਤੱਕ ਕਿੱਸਾ ਕਾਵਿ ਦੇ ਕਵੀ ਇਸਲਾਮੀ ਪ੍ਰਭਾਵ ਅਤੇ ਰਵਾਇਤਾਂ ਨੂੰ ਕਬੂਲ ਕਰ ਚੁੱਕੇ ਸਨ ਜਿਸ ਵਿੱਚ ਨੈਤਿਕਤਾ, ਆਦਰਸ਼ ਦਾ ਮਸਲਾ ਮੂਲ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ ਇਸ ਸਮੇਂ ਤੱਕ ਕਿੱਸਾ ਰੋਮਾਂਸ ਭਰਪੂਰ ਵਿਧਾ ਹੀ ਨਹੀਂ ਰਹੀ ਬਲਕਿ ਇਸ ਵਿੱਚ ਪਰਾਸਰੀਰਕ ਅੰਸ਼, ਆਦਰਸ਼ਵਾਦ ਆਦਿ ਪ੍ਰਵਿਰਤੀਆਂ ਵੀ ਆ ਚੁੱਕੀਆਂ ਸਨ ਇਸ ਕਾਲ ਵਿੱਚ ਜਿੱਥੇ ਹਾਸ਼ਮ ਆਪਣੀ ਸ਼ਾਹਕਾਰ ਰਚਨਾ 'ਸੱਸੀ' ਦਿੰਦਾ ਹੈ, ਉੱਥੇ ਹੀ ਉਹ ਇੱਕ ਹੋਰ ਨਵਾਂ ਕਿੱਸਾ 'ਸ਼ੀਰੀ ਫਰਿਹਾਦ' ਵੀ ਪੰਜਾਬੀ ਕਿੱਸਾ ਜਗਤ ਦੀ ਝੋਲੀ ਪਾਉਂਦਾ ਹੈ ਇਸੇ ਤਰ੍ਹਾਂ ਕਿੱਸਾਕਾਰ ਅਹਿਮਦਯਾਰ ਵੀ ਸਭ ਤੋਂ ਵੱਧ ਰਚਨਾਵਾਂ ਕਿੱਸਾ ਜਗਤ ਨੂੰ ਸਮਰਪਿਤ ਕਰਦਾ ਹੈ

ਇਸ ਕਾਲ ਵਿੱਚ ਭਾਰਤੀ ਵਿਰਸੇ ਵਿਚਲੀਆਂ ਕਹਾਣੀਆਂ ਨੂੰ ਵਿਸ਼ੇ ਵਜੋਂ ਲੈਂਦਿਆਂ ਕਿੱਸੇ ਦੀ ਰਚਨਾ ਆਰੰਭ ਹੁੰਦੀ ਹੈ ਜਿਸ ਦੀ ਸਭ ਤੋਂ ਉੱਤਮ ਉਦਾਹਰਨ 'ਕਾਦਰਯਾਰ' ਦੀ ਰਚਨਾ 'ਪੂਰਨ ਭਗਤ' ਮੰਨੀ ਜਾ ਸਕਦੀ ਹੈ ਕਾਦਰਯਾਰ ਰਣਜੀਤ ਸਿੰਘ ਅਥਵਾ ਸਿੱਖ ਕਾਲ ਦੇ ਪ੍ਰਸਿੱਧ ਕਵੀਆਂ ਵਿਚੋਂ ਹੈ ਉਸਨੇ 'ਪੂਰਨ ਭਗਤ' ਦੇ ਕਿੱਸੇ ਦੀ ਰਚਨਾ ਕਰਕੇ ਇੱਕ ਖੂਹ ਇਨਾਮ ਵਜੋਂ ਪ੍ਰਾਪਤ ਕੀਤਾ ਸੀ:

ਪੂਰਨ ਰਾਜੇ ਦੀ ਗੱਲ ਸੁਣਾਇਕੇ ਜੀ,
ਇਕ ਖੂਹ ਇਨਾਮ ਲਿਖਾਇਐ ਮੈਂ

ਕਾਦਰਯਾਰ ਦਾ ਜਨਮ ਪਿੰਡ ਮਾਛੀਕੇ, ਜਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਹੋਇਆ, ਉਹ ਜਾਤ ਦਾ ਸੰਧੂ ਜੱਟ ਅਤੇ ਆਪਣੇ ਮਾਂ–ਬਾਪ ਦਾ ਸਭ ਤੋਂ ਛੋਟਾ ਪੁੱਤਰ ਸੀ ਇਸ ਬਾਰੇ ਉਹ ਖੁਦ ਕਿੱਸਾ ਪੂਰਨ ਭਗਤ ਵਿੱਚ ਲਿਖਦੇ ਹਨ:

ਮੌਜਿਆ ਮਛੀਕੇ ਪਿੰਡ ਹੈ ਜਗ੍ਹਾਂ ਮੇਰੀ,
ਸੰਧੂ ਜਾਤ ਦਾ ਆਖ ਸੁਣਾਇਆ ਮੈਂ

ਕਾਦਰਯਾਰ ਦੇ ਜਨਮ ਦੀ ਸਹੀ ਤਾਰੀਖ ਸੰਬੰਧੀ ਵਿਦਵਾਨਾਂ ਵਿੱਚ ਕਾਫੀ ਮਤਭੇਦ ਹਨ ਪਰੰਤੂ ਉਨ੍ਹਾਂ ਦੀ ਜਨਮ–ਤਾਰੀਖ ਬਾਰੇ ਅੰਦਾਜ਼ੇ ਉਨ੍ਹਾਂ ਦੀ ਰਚਨਾ 'ਮਹਿਰਾਜਨਾਮਾ' ਤੋਂ ਲਗਾਏ ਜਾ ਸਕਦੇ ਹਨ ਇਸ ਰਚਨਾ ਦੇ ਅੰਤ ਵਿੱਚ ਕਵੀ ਲਿਖਦਾ ਹੈ:

ਦਿਲ ਵਿਚ ਫਿਕਰ ਨਬੀ ਸਰਵਰ ਦਾ, ਹੋਰ ਖਿਆਲ ਭੁਲਾਇਆ
ਛੋਟੀ ਉਮਰ ਸਰੇ ਪਰ ਸਖਤੀ, ਇਹ ਮਹਿਰਾਜ ਬਣਾਇਆ
ਬਾਰਾਂ ਸੌ ਸੰਤਾਲੀ ਸਾਲਾ, ਪਾਕ ਨਬੀ ਦੇ ਪਿੱਛੋਂ
ਇਹ ਮਜ਼ਕੂਰ ਬਣਾਇਆ ਯਾਰੋ, ਵੇਖ ਮੁਆਰਜ ਵਿਚੋਂ

ਪ੍ਰੋ. ਗੁਰਚਰਨ ਸਿੰਘ ਅਨੁਸਾਰ, "1247 ਹਿਜਰੀ 1832 ਈ. ਵਿੱਚ ਕਵੀ ਨੇ ਆਪਣੀ (ਪਹਿਲੀ) ਰਚਨਾ (ਮਿਅਾਜਰਾਮਾ) ਕੀਤੀ ਇਸ ਸਮੇਂ ਕਵੀ ਆਪਣੀ ਛੋਟੀ ਉਮਰ ਦੱਸਦਾ ਹੈ ਜੇ ਇਹ ਉਮਰ 26, 27 ਸਾਲ ਦੀ ਵੀ ਹੋਵੇ ਤਾਂ ਕਾਦਰਯਾਰ ਦਾ ਜਨਮ 1805–06 ਈ. ਦੇ ਨੇੜੇ ਤੇੜੇ ਹੋਇਆ ਅਨੁਮਾਨਿਆ ਜਾਂਦਾ ਹੈ[13]

ਇਸ ਤਰ੍ਹਾਂ ਪ੍ਰੋ. ਮੋਹਨ ਸਿੰਘ ਦੀਵਾਨਾ 'ਐਨ ਇਨਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ' ਪੁਸਤਕ ਵਿੱਚ 1780–1860 ਈ. ਦੇ ਕਾਲ ਨੂੰ 'ਏਜ਼ ਆਫ਼ ਕਾਦਰਯਾਰ ਐਂਡ ਸੰਤੋਖ ਸਿੰਘ' ਕਹਿੰਦਾ ਹੈ ਪਰੰਤੂ ਇਸ ਉਪਰੰਤ ਵੀ ਕਾਦਰਯਾਰ ਦੀਆਂ ਜਨਮ ਮਰਨ ਦੀਆਂ ਮਿਤੀਆਂ ਦੀ ਠੋਸ ਪੁਸ਼ਟੀ ਨਹੀਂ ਕਰਦਾ

ਬਾਵਾ ਬੁੱਧ ਸਿੰਘ ਪੁਸਤਕ 'ਬੰਬੀਹਾ ਬੋਲ' ਵਿੱਚ ਕਾਦਰਯਾਰ ਨੂੰ ਸਿੱਖ ਰਾਜ ਦੇ ਅੰਤਲੇ ਸਮੇਂ ਹੋਇਆ ਕਵੀ ਮੰਨਦੇ ਹਨ ਸੰਤ ਸਿੰਘ ਸੇਖੋਂ, 'ਪ੍ਰਸਿੱਧ ਪੰਜਾਬੀ ਕਵੀ' ਪੁਸਤਕ ਵਿੱਚ ਉਨ੍ਹਾਂ ਦੀ ਜਨਮ ਮਿਤੀ 1805 ਈ. ਨਿਰਧਾਰਤ ਕਰਦੇ ਹਨ ਡਾ. ਜੀਤ ਸਿੰਘ ਸੀਤਲ, 'ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ' ਪੁਸਤਕ

---

13 ਪ੍ਰੋ. ਗੁਰਚਰਨ ਸਿੰਘ: (ਸੰਪਾ.), 'ਕਾਦਰਯਾਰ', ਪੰਨਾ–2.

ਵਿੱਚ ਕਾਦਰਯਾਰ ਦੇ ਜਨਮ-ਮਰਨ ਦੀ ਤਾਰੀਖ 1802 ਤੋਂ 1982 ਈ. ਦਿੰਦੇ ਹਨ ਜ਼ਿਆਦਾਤਰ ਵਿਦਵਾਨਾਂ ਨੇ ਇਸੇ ਤਾਰੀਖ ਨੂੰ ਸਹੀ ਮੰਨਿਆ ਹੈ ਇਸ ਤਰ੍ਹਾਂ ਸਮੁੱਚੇ ਰੂਪ ਵਿੱਚ ਅਸੀਂ ਉਨ੍ਹਾਂ ਨੂੰ ਉਨ੍ਹੀਵੀਂ ਸਦੀ ਦਾ ਕਵੀ ਮੰਨ ਸਕਦੇ ਹਾਂ

ਕਾਦਰਯਾਰ ਦੇ ਪੜ੍ਹੇ-ਲਿਖੇ ਤੇ ਵਿਦਵਾਨ ਹੋਣ ਬਾਰੇ ਵੀ ਆਲੋਚਕਾਂ ਦੀਆਂ ਦੋ ਰਾਵਾਂ ਮਿਲਦੀਆਂ ਹਨ ਪਹਿਲੇ ਮੱਤ ਅਨੁਸਾਰ ਬਾਵਾ ਬੁੱਧ ਸਿੰਘ ਅਤੇ ਸੰਤ ਸਿੰਘ ਸੇਖੋਂ ਦਲੀਲ ਦਿੰਦੇ ਹਨ ਕਿ 'ਮਹਿਰਾਜਨਾਮੇ' ਦੇ ਅੰਤ ਤੇ ਆਈਆਂ ਸਤਰਾਂ ਦੇ ਆਧਾਰ ਤੇ ਮੰਨਿਆ ਜਾ ਸਕਦਾ ਹੈ ਕਿ ਉਹ ਬਹੁਤ ਪੜ੍ਹਿਆ ਲਿਖਿਆ ਨਹੀਂ ਸੀ ਇਹ ਸਤਰ ਹੈ:

ਜੋੜ ਮਹਿਰਾਜ ਮਰਾਤਬ ਕੀਤਾ, ਜੋ ਕੁਝ ਸਾਥੋਂ ਸਰਿਆ
ਮੈਂ ਦਹਿਰਾਨ ਬੇ-ਇਲਮ ਵਿਚਾਰਾ, ਦੋਸ਼ ਨਾ ਚਾਹੀਏ ਥਰਿਆ

ਇਸ ਸਤਰ ਰਾਹੀਂ ਕਾਦਰਯਾਰ ਆਪਣੀ ਘੱਟ ਵਿਦਿਆ ਦੀ ਸਵੈ-ਪ੍ਰੋੜਤਾ ਕਰਦੇ ਹਨ ਇਸ ਦੂਜਾ ਸਬੂਤ ਉਨ੍ਹਾਂ ਦੁਆਰਾ ਕਿੱਸੇ ਵਿੱਚ ਵਰਤੇ ਗਏ ਫਾਰਸੀ ਦੇ ਗਲਤ ਸ਼ਬਦ-ਜੋੜ ਹਨ ਜੋ ਇੱਕ ਗਲਤ ਮੁਹਾਵਰੇ ਵਰਗੇ ਪ੍ਰਤੀਤ ਹੁੰਦੇ ਹਨ ਜਿਵੇਂ :

ਹਮ ਉਮਰ ਮੇਰੀ ਤੇਰੀ ਇਕ ਰਾਜਾ

ਇਸੇ ਤਰ੍ਹਾਂ ਕਈਂ ਥਾਵਾਂ ਤੇ ਕੁਝ ਅਜਿਹੀਆਂ ਅਤਿਕਥਨੀਆਂ ਕੀਤੀਆਂ ਗਈਆਂ ਹਨ ਜੋ ਹਜ਼ਮ ਕਰਨ ਯੋਗ ਨਹੀਂ ਹਨ ਜਿਵੇਂ ਰਾਣੀ ਸੁੰਦਰਾ ਨੂੰ ਗੋਲੀ ਆ ਕੇ ਪੂਰਨ ਦਾ ਹਾਲ ਦੱਸਦੀ ਹੈ:

ਐਨ ਅਰਜ ਮੇਰੀ ਸੁਣ ਕਹੇ ਗੋਲੀ, ਵਡੀ ਸੂਰਤ ਦਾ ਕਰਨੀ ਏ ਮਾਨ ਮੋਈਏ
ਇਕ ਆਇਆ ਹੈ ਅਜ ਫ਼ਕੀਰ ਕੋਈ, ਵੇਖ ਹੋਈ ਹਾ ਮੈਂ ਹੈਰਾਨ ਮੋਈਏ

ਇਨ੍ਹਾਂ ਸਤਰਾਂ ਵਿੱਚ ਗੋਲੀ ਦੇ ਮੂੰਹੋਂ ਰਾਣੀ ਸੁੰਦਰਾ ਲਈ ਸੰਬੋਧਨੀ ਸ਼ਬਦ 'ਮੋਈਏ' ਬੁਲਵਾਏ ਜਾਂਦੇ ਹਨ ਜੋ ਇਸ ਦੰਤ ਕਥਾ ਦੇ ਯਥਾਰਥਕਤਾ ਨੂੰ ਭੰਗ ਕਰਦੇ ਨਜ਼ਰ ਆਉਂਦੇ ਹਨ

ਦੂਜੇ ਮੱਤ ਅਨੁਸਾਰ ਅਬਦੁਲ ਗਫ਼ੂਰ ਕੁਰੈਸੀ ਆਪਣੀ ਪੁਸਤਕ 'ਪੰਜਾਬੀ ਜਬਾਨ ਦਾ ਅਦਬ ਤੇ ਤਾਰੀਖ' ਵਿੱਚ ਕਾਦਰਯਾਰ ਦੇ ਹੇਠ ਲਿਖੇ ਬੰਦ ਵਿੱਚ 'ਤਾਲਿਆ' ਸ਼ਬਦ ਦੀ ਵਰਤੋਂ ਤੋਂ ਇਹ ਅਨੁਮਾਨ ਲਾਉਂਦੇ ਹਨ ਕਿ ਉਸਦਾ ਫ਼ਾਰਸੀ ਬੋਲੀ ਤੋਂ ਚੰਗਾ ਜਾਣੂ ਸੀ:

ਜੇ ਜ਼ੋਰ ਨਾ ਡਾਢਿਆ ਨਾਲ ਕੋਈ, ਫੜ ਬੇਗਨਾਹ ਮੰਗਾਇਆ ਮੈਂ
ਮੈਂ ਤਾਂ ਝੂਰਨਾ ਆਪਣੇ ਤਾਲਿਆ ਨੂੰ, ਇਹ ਲੇਖ ਅਜੀਬ ਲਿਖਾਇਆ ਮੈਂ

ਇਸ ਤਰ੍ਹਾਂ ਦੀਆਂ ਹੋਰ ਉਦਾਹਰਨਾਂ ਵੀ ਉਸ ਦੇ ਕਿੱਸਿਆਂ ਵਿੱਚੋਂ ਦੇਖੀਆਂ ਜਾ ਸਕਦੀਆਂ ਹਨ ਭਾਵੇਂ ਕਿ ਇਨ੍ਹਾਂ ਸ਼ਬਦਾਂ ਦੇ ਪ੍ਰਯੋਗ ਸਦਕਾ ਕਾਦਰਯਾਰ ਦੇ ਵਿਦਵਾਨ ਹੋਣ ਦਾ ਠੋਸ ਸਬੂਤ ਤਾਂ ਨਹੀਂ ਕਿਹਾ ਜਾ ਸਕਦਾ ਪਰੰਤੂ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਹਿੰਦੂ-ਮੁਸਲਮਾਨ ਮਿਥਿਹਾਸ ਦੇ ਜੋ ਹਵਾਲੇ ਉਸ ਦੁਆਰਾ ਦਿੱਤੇ ਗਏ ਹਨ, ਉਹ ਇੱਕ ਵਿਦਵਾਨ ਹੀ ਦੇ ਸਕਦਾ ਹੈ

ਕਾਦਰਯਾਰ ਦਾ 'ਮਹਿਰਾਜਨਾਮਾ' ਅਤੇ 'ਰੋਜਨਾਮਾ' ਲਿਖਣਾ ਇਸ ਗੱਲ ਦਾ ਸੰਕੇਤ ਹੈ ਕਿ ਭਾਵੇਂ ਉਸਦੇ ਬਹੁਤੇ ਕਿੱਸੇ ਹਿੰਦੂ ਮਿੱਥਿਹਾਸ ਜਾਂ ਹਿੰਦੂ ਪਰਿਵਾਰਾਂ ਨਾਲ ਸਬੰਧਤ ਹਨ ਕਾਦਰਯਾਰ ਨੇ ਆਪਣੇ ਜਿਲ੍ਹੇ ਦੇ ਆਸ-ਪਾਸ ਦੇ ਲੋਕ-ਨਾਇਕਾਂ ਨੂੰ ਆਪਣੇ ਕਿੱਸਿਆਂ ਦਾ ਵਿਸ਼ਾ ਬਣਾਇਆ ਹੈ ਜਿਵੇਂ 'ਪੂਰਨ ਭਗਤ' ਅਤੇ 'ਰਾਜਾ ਰਸਾਲੂ' ਸਿਆਲਕੋਟ ਨਾਲ ਸਬੰਧਤ ਹਨ ਅਤੇ ਹਰੀ ਸਿੰਘ ਨਲੂਆ ਵੀ ਉਸਦੇ ਆਪਣੇ ਹੀ ਜਿਲ੍ਹੇ ਦਾ ਸੂਰਬੀਰ ਸੀ

ਸੁਰਜੀਤ ਸਿੰਘ ਸੇਠੀ ਨੇ 'ਕਾਦਰਯਾਰ' ਨਾਟਕ ਦੀ ਰਚਨਾ ਕੀਤੀ ਇਸ ਰਚਨਾ ਤੋਂ ਪਹਿਲਾਂ ਉਨ੍ਹਾਂ ਕੁੱਝ ਤੱਥਾਂ ਦੀ ਪੜਤਾਲ ਉਨ੍ਹਾਂ ਦੀ ਮੁੱਢਲੀ ਜ਼ਿੰਦਗੀ ਬਾਰੇ ਕੀਤੀ ਇਸ ਬਾਰੇ ਉਨ੍ਹਾਂ ਆਪਣੀ ਪੁਸਤਕ 'ਫੋਕ ਥੀਏਟਰ ਫੈਸਟੀਵਲ' ਵਿੱਚ ਵੀ ਦੱਸਿਆ ਹੈ ਕਾਦਰਯਾਰ ਦੇ ਪਿੰਡ ਉਸ ਦੇ ਕਬਰ-ਪੁਰ ਬੈਠੇ ਫਕੀਰ ਨਾਲ ਹੋਈ ਗਲਬਾਤ ਨੂੰ ਉਨ੍ਹਾਂ ਕਾਦਰਯਾਰ ਦੀ ਜੀਵਨ-ਸਾਖੀ ਸਮਝ ਕੇ ਇੰਨ-ਬਿੰਨ ਪੇਸ਼ ਕੀਤਾ ਹੈ:

"ਮਾਛੀਕੇ ਪਿੰਡ ਦੇ ਲੋਕ ਕਾਦਰਯਾਰ ਦੀ ਅਜਮਤ ਤੋਂ ਅਣਜਾਨ ਸਨ ਉਸ ਦੀ ਭਾਬੀ ਉਸ ਦੀ ਜਾਨੀ ਦੁਸ਼ਮਨ ਬਣ ਗਈ ਉਸ ਦੀ ਭਾਬੀ ਨੇ ਸਾਰਾ ਪਿੰਡ ਹੀ ਕਾਦਰ ਦਾ ਦੁਸ਼ਮਣ ਬਣਾ ਦਿੱਤਾ ਕਾਦਰ ਨੂੰ ਬੜਾ ਮਾਨਸਿਕ ਦੁੱਖ ਹੋਇਆ 'ਪੂਰਨ ਦਾ ਕਿੱਸਾ' ਉਹ ਲਿਖ ਹੀ ਨਾ ਸਕਦਾ ਜੇਕਰ ਉਸ ਦੀ ਭਾਬੀ ਨੇ ਇਹ ਕਾਰਾ ਨਾ ਕੀਤਾ ਹੁੰਦਾ"[14]

ਕਾਦਰ ਨੇ ਜਿੱਥੇ 'ਪੂਰਨ ਭਗਤ' ਦੀ ਦੰਤ ਕਥਾ ਨੂੰ ਕਿੱਸੇ ਦਾ ਰੂਪ ਦਿੱਤਾ ਉੱਥੇ ਹੀ ਸੋਹਣੀ-ਮਹੀਵਾਲ ਦੀ ਪ੍ਰੀਤ ਕਹਾਣੀ ਨੂੰ ਆਧਾਰ ਬਣਾ ਕੇ ਵੀ ਇੱਕ ਕਿੱਸੇ ਦੀ ਰਚਨਾ ਕੀਤੀ 'ਸੀਹਰਫ਼ੀ ਹਰੀ ਸਿੰਘ ਨਲੂਆ' ਕਵੀ ਦੀ ਕੌਮੀ ਸੋਝੀ ਦਾ ਪ੍ਰਗਟਾਵਾ ਹੈ ਕਾਦਰਯਾਰ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

1) ਮਿਆਰਜਨਾਮਾ

---

14 ਸੁਰਜੀਤ ਸਿੰਘ ਸੇਠੀ, ਫੋਕ ਥੀਏਟਰ ਫੈਸਟੀਵਲ, ਪੰਨਾ-65-67.

2) ਰੋਜਨਾਮਾ
3) ਪੂਰਨ ਭਗਤ (ਪੰਜ ਸੀਹਰਫ਼ੀਆਂ)
4) ਵਾਰ ਪੂਰਨ ਭਗਤ ਦੀ (ਕਲੀਆਂ ਪੂਰਨ ਭਗਤ)
5) ਰਾਜਾ ਰਸਾਲੂ (ਰਾਣੀ ਕੋਕਲਾ ਦੀ ਵਾਰ)
6) ਸੋਹਣੀ ਮਹੀਂਵਾਲ
7) ਸੀਹਫ਼ੀ ਸਰਦਾਰ ਹਰੀ ਸਿੰਘ ਨਲੂਆ

**ਮਿਆਰਾਜਨਾਮਾ :**

ਮਿਅਰਜਨਾਮਾ ਨੂੰ ਕਾਦਰਯਾਰ ਦੀ ਸਭ ਤੋਂ ਪਹਿਲਾ ਰਚਨਾ ਮੰਨਿਆ ਜਾਂਦਾ ਹੈ ਇਹ ਰਚਨਾ 1247 ਹਿਜਰੀ (1832 ਈ.) ਵਿੱਚ ਮੁਕੰਮਲ ਹੋਈ ਇਹ ਰਚਨਾ 1014 ਬੰਦ ਅਤੇ ਦਵੱਯਾ ਛੰਦ ਵਿੱਚ ਹੈ ਇਹ ਰਚਨਾ ਹਜ਼ਰਤ ਮੁਹੰਮਦ ਸਾਹਿਬ ਦੇ ਰੱਬ ਨਾਲ ਮਿਲਾਪ ਤੇ ਉਸ ਦੀ ਦਰਗਾਹ ਵਿੱਚ ਪਹੁੰਚਣ ਤੱਕ ਨਾਲ ਮਿਲਾਪ ਤੇ ਉਸ ਦੀ ਦਰਗਾਹ ਵਿੱਚ ਪਹੁੰਚਣ ਤੱਕ ਦੀ ਕਹਾਣੀ ਹੈ ਇਹ ਇਸਲਾਮੀ ਇਤਿਹਾਸ/ਮਿਥਿਹਾਸ ਅਤੇ ਧਰਮ ਨਾਲ ਸਬੰਧਤ ਘਟਨਾ ਹੈ ਰੂਪਕ ਪੱਖ ਤੋਂ ਇਹ ਇੱਕ ਸੁੰਦਰ ਰਚਨਾ ਹੈ ਇਸ ਵਿੱਚ ਰੋਜਿਆਂ ਬਾਰੇ ਇੱਕ ਅੰਤਿਮ ਫੈਸਲਾ ਲਿਖਿਆ ਮਿਲਦਾ ਹੈ

ਰਬ ਦਾਨਾ ਬੀਨਾ ਕਸ਼ਫ਼ ਕਲੂਬੀ, ਮਹਿਰਮ ਰਾਜ ਦਿਲਾਂ ਦਾ
ਪੰਜ ਨਾਮਜਾਂ ਤੇ ਤ੍ਰੀਹ ਰੋਜੇ, ਹਜ਼ਰਤ ਨੂੰ ਫਰਮਾਂਦਾ

ਇਹ ਰਚਨਾ ਇਸਲਾਮੀ ਸ਼ਰੀਅਤ ਅਤੇ ਧਾਰਮਿਕ ਜੀਵਨ ਨਾਲ ਸਬੰਧਤ ਹੈ ਇਸ ਰਚਨਾ ਵਿੱਚ ਕਵੀ ਨੇ ਹਾਸ਼ਮ ਵਾਂਗ ਦਵੱਈਆ ਛੰਦ ਦੀ ਵਰਤੋਂ ਕੀਤੀ ਹੈ ਕਾਦਰਯਾਰ ਦਾ ਵਧੇਰੇ ਜੋਰ ਵਾਰਤਾ ਨੂੰ ਪੇਸ਼ ਕਰ ਵਿੱਚ ਹੈ ਰੱਬ ਨਾਲ ਹਜ਼ਰਤ ਮੁਹੰਮਦ ਦੀ ਗੱਲ ਨੂੰ ਕੇਵਲ ਦੋ ਚਾਰ ਛੰਦਾਂ ਵਿੱਚ ਹੀ ਮੁਕਾਇਆ ਗਿਆ ਹੈ ਇਹ ਰਚਨਾ ਕਾਦਰਯਾਰ ਦੀ ਮਾਨਸਿਕਤਾ ਨੂੰ ਵੀ ਪੇਸ਼ ਕਰਦੀ ਨਜ਼ਰ ਆਉਂਦੀ ਹੈ ਛੋਟੀ ਉਮਰ ਵਿੱਚ ਹੀ ਪਿਉ ਦੀ ਸਰਪ੍ਰਸਤੀ ਤੋਂ ਵਾਂਝਾ ਹੋਣ ਕਰਕੇ ਉਸ ਨੂੰ ਭਰਾਵਾਂ ਵੱਲੋਂ ਧੱਕਾ ਸਹਿਣ ਕਰਨਾ ਪਿਆ ਇਹ ਰਚਨਾ ਇਸਲਾਮਕ ਧਾਰਮਿਕ ਫਲਸਫੇ ਨੂੰ ਉਭਾਰਦੀ ਹੈ ਜਿਵੇਂ:

ਨਾ ਜਿਮੀ ਦੋਜ਼ਖ, ਨਾ ਸਨ ਏਡ ਸਰਿਸ਼ਡੇ,
ਨਾ ਸਬ, ਰੋਜ਼ ਨਾ ਆਤਸ਼ ਪਾਣੀ ਨਾ ਸਨ ਹੂਰ ਫਰਿਸਤੇ

ਇਹ ਰਚਨਾ ਦੀ ਭਾਸ਼ਾ ਜਿੱਥੇ ਠੇਠ ਪੰਜਾਬੀ ਵਿੱਚ ਹੈ ਉੱਥੇ ਹੀ ਇਸ ਵਿੱਚ ਕੁੱਝ ਅਰਬੀ–ਫਾਰਸੀ ਸ਼ਬਦਾਂ ਦਾ ਵੀ ਪ੍ਰਯੋਗ ਹੋਇਆ ਮਿਲਦਾ ਹੈ

**ਰੋਜਨਾਮਾ:**

ਮਿਆਰਾਜਨਾਮਾ ਵਾਂਗ ਇਹ ਵੀ ਕਵੀ ਦੀ ਧਾਰਮਿਕ ਰਚਨਾ ਹੈ ਇਸ ਵਿੱਚ ਤੀਹ ਰੋਜਿਆਂ ਦੀ ਗਿਣਤੀ ਰਾਹੀਂ, ਹਰ ਇੱਕ ਰੋਜੇ ਦੇ ਨਾਂ 'ਤੇ ਬਿਰਹਾ ਦੀ ਅਵਸਥਾ ਦਾ ਵਰਣਨ ਕੀਤਾ ਹੈ ਇਸ ਰਚਨਾ ਵਿੱਚ ਛੰਦ, ਚਾਲ, ਵਲਵਲੇ ਦੀ ਤੀਖਣਤਾ ਦੇਖਣ ਨੂੰ ਮਿਲਦੀ ਹੈ ਇਸ ਦਾ ਛੰਦ ਚੌਪਈ ਨਾਲ ਮੇਲ ਖਾਂਦਾ ਹੈ ਇਸ ਵਿੱਚ ਕਾਦਰਯਾਰ ਰੋਜਿਆਂ ਦੀ ਕੱਟੜਤਾ ਨੂੰ ਮਨ ਦੀ ਸਾਧਨਾ ਨਾਲ ਜੋੜ ਦਿੰਦਾ ਹੈ ਜਿਵੇਂ:

ਅੱਗੋਂ ਰੋਜਾ ਆਇਆ ਤੇਰੂਵਾਂ, ਮੈਰੇ ਪਿਆ ਕਲੇਜੇ ਖੇਰਵਾ
ਮੇਰੇ ਜੁੱਸੇ ਕੂਣਤ ਨਾ ਰਹੀ, ਮੇਰੀ ਜਾਨ ਲਬਾਂ ਪਰ ਅੜ ਰਹੀ
ਮੈਂ ਬਹੁਤ ਬੀਮਾਰ ਹਾਂ ਕਾਦਰਾ, ਇਸ ਜਾਲਮ ਘੜੀ ਦੁਪਹਿਰ ਦੀ

**3. ਪੂਰਨ ਭਗਤ**

ਇਸ ਕਿੱਸੇ ਨੂੰ ਰਚਣ ਵਿੱਚ ਕਾਦਰਯਾਰ ਨੇ ਪਹਿਲ ਕੀਤੀ ਇਸ ਕਿੱਸੇ ਤੋਂ ਪਹਿਲਾਂ ਕਿੱਸਾਕਾਰਾਂ ਨੇ ਸਾਮੀ, ਈਰਾਨੀ ਅਤੇ ਭਾਰਤੀ ਕਥਾਵਾਂ ਤੇ ਆਪਣੀ ਕਲਮ ਅਜਮਾਈ ਕੀਤੀ ਸੀ ਪਰੰਤੂ ਪੰਜਾਬ , ਭਾਰਤ ਦੇ ਪੁਰਾਤਨ ਇਤਿਹਾਸ/ਮਿਥਿਹਾਸ ਨੂੰ ਆਧਾਰ ਅਧੀਨ ਘੱਟ ਲਿਆ ਸੀ ਕਾਦਰਯਾਰ ਨੇ ਇੱਕ ਕੌਮੀ ਕਵੀ ਵਾਂਗ ਪੁਰਾਤਨ ਭਾਰਤੀ ਸੰਸਕ੍ਰਿਤੀ ਵਿਚਲੀ ਦੰਤ ਕਥਾ ਨੂੰ ਉਭਾਰਿਆ

ਕਾਦਰਯਾਰ ਨੇ 'ਪੂਰਨ ਭਗਤ' ਦਾ ਕਿੱਸਾ ਸੀਹਰਫ਼ੀ ਕਾਵਿ ਰੂਪ ਅਤੇ ਬੈਤ ਛੰਦ ਵਿੱਚ ਰਚਿਆ ਕਾਦਰਯਾਰ ਅਨੁਸਾਰ ਉਸਨੇ ਇਹ ਕਿੱਸਾ ਸੋਲ੍ਹਾਂ ਦਿਨਾਂ ਵਿੱਚ ਪੂਰਾ ਕਰਕੇ, ਇੱਕ ਖੂਹ ਇਨਾਮ ਵਜੋਂ ਪ੍ਰਾਪਤ ਕੀਤਾ ਸੀ

(ੳ) ਪੂਰਨ ਰਾਜੇ ਦੀ ਗੱਲ ਸੁਣਾਇਕੇ ਜੀ, ਇਕ ਖੂਹ ਇਨਾਮ ਲਿਖਾਇਆ ਜੀ
(ਅ) ਕਿੱਸਾ ਪੂਰਨ ਭਗਤ ਦਾ ਫ਼ਿਕਰ ਕਰਕੇ, ਸੋਲ੍ਹਾਂ ਰੋਜਾਂ ਦੇ ਵਿੱਚ ਬਣਾਇਆ ਜੀ

ਕਿੱਸਾ ਪੂਰਨ ਭਗਤ ਕਵੀ ਨੇ ਪੰਜ ਸ਼ੀਹਰਫ਼ੀਆਂ ਵਿੱਚ ਸੰਪੂਰਨ ਕੀਤਾ ਪਹਿਲੀ ਸੀਹਰਫ਼ੀ ਵਿੱਚ ਪੂਰਨ ਦਾ ਜਨਮ, ਦੂਜੀ ਸੀਹਰਫ਼ੀ ਵਿੱਚ ਰਾਜੇ ਦੀ ਪੂਰਨ ਨਾਲ ਗੱਲਬਾਤ ਤੇ ਕਤਲ ਦੇ ਹੁਕਮ ਬਾਰੇ ਵਰਣਨ ਕੀਤਾ ਹੈ

ਤੀਜੀ ਸੀਹਰਫ਼ੀ ਵਿੱਚ ਪੂਰਨ ਗੋਰਖ ਨੂੰ ਆਪਣੀ ਵਿਥਿਆ ਸੁਣਾਉਂਦਾ ਹੈ, ਪੂਰਨ ਦਾ ਸੁੰਦਰਾ ਨਾਲ ਮੇਲ ਹੁੰਦਾ ਹੈ ਅਤੇ ਰਾਣੀ ਸੁੰਦਰਾ ਗੁਰੂ ਗੋਰਖ ਕੋਲ ਪੂਰਨ ਲਈ ਜਾਂਦੀ ਹੈ, ਆਦਿ ਘਟਨਾਵਾਂ ਇਸ ਵਿੱਚ ਵਰਣਿਤ ਹਨ ਚੌਥੀ ਸੀਹਰਫ਼ੀ ਵਿੱਚ ਪੂਰਨ ਦਾ ਮੁੜ ਸਿਆਲਕੋਟ ਆਉਣਾ, ਮਾਂ-ਪੁੱਤਰ ਦਾ ਮੇਲ ਆਦਿ ਪੰਜਵੀਂ ਸੀਹਰਫ਼ੀ ਵਿੱਚ ਰਾਜੇ ਸਲਵਾਨ ਦਾ ਪੂਰਨ ਨੂੰ ਰਾਜ-ਭਾਗ ਸੰਭਾਲਣ ਲਈ ਸੱਦਾ, ਪੂਰਨ ਦਾ ਤਿਆਗ, ਗੋਰਖ ਨੂੰ ਸਿਆਲਕੋਟ ਦਾ ਹਾਲ ਦੱਸਣਾ, ਪੂਰਨ ਦਾ ਮਾਂ ਇੱਛਰਾ ਤੋਂ ਵਿਦਾ ਹੋਣਾ ਆਦਿ ਵਰਣਨ ਕੀਤਾ ਮਿਲਦਾ ਹੈ ਪੰਜਵੀਂ ਸੀਹਰਫ਼ੀ ਦੇ ਅੰਤ ਵਿੱਚ ਇਹ ਸਤਰਾਂ ਦਰਜ ਹਨ:

ਯੇ ਯਾਦ ਕੀਤਾ ਪੂਰਨ ਮਾਉਂ ਤਾਈਂ, ਬੱਚਾ ਕੀਤਾ ਈ ਕੋਲ ਕਰਾਰ ਪੂਰਾ
ਸਿੱਧ ਮੰਡਲੀ ਦੇ ਵਿੱਚ ਯੋਗੀ ਵੱਡਾ, ਹੁਣ ਮਿਲਿਆ ਹੈ ਨਾਥ ਜੀ ਗੁਰੂ ਪੂਰਾ
ਭਰਮ ਭੇਦ ਭਾਰੀ ਮੇਰੇ ਜਨਮ ਦੀ ਜੀ, ਮੁਕਤ ਹੋਇਆ ਬੈਕੁੰਠ ਜਾ ਪਹਿਨ ਚੂੜਾ
ਕਾਦਰਯਾਰ ਕਿੱਸਾ ਪੂਰਨ ਭਗਤ ਵਾਲਾ, ਤੁਸੀਂ ਸੁਣੋ ਇਥੇ ਹੋਇਆ ਪੂਰਾ

ਇਸ ਕਿੱਸੇ ਦੀ ਰਚਨਾ ਕਰਕੇ ਕਾਦਰਯਾਰ ਨੇ ਪੂਰਨ ਭਗਤ ਦੀ ਪੁਰਾਤਨ ਵਾਰਤਾ ਨੂੰ ਨਵਾਂ ਰੂਪ ਦਿੱਤਾ

**4.ਵਾਰ ਪੂਰਨ ਭਗਤ ਦੀ:**

ਜਿੱਥੇ ਕਿੱਸਾ ਪੂਰਨ ਭਗਤ ਬੈਤਾਂ ਵਿੱਚ ਹੈ, ਉੱਥੇ ਹੀ 'ਵਾਰ ਪੂਰਨ ਭਗਤ ਦੀ' ਕਲੀਆਂ ਰੂਪ ਵਿੱਚ ਮਿਲਦੀ ਹੈ ਇਸ ਵਿੱਚ ਹਰ ਸੀਹਰਫ਼ੀ ਦੇ ਲਗਭਗ 30 ਬੰਦ ਹਨ ਅਤੇ ਹਰ ਬੰਦ ਵਿੱਚ ਚਾਰ ਬੈਂਤ ਹਨ ਇਹ ਵਾਰ 970 ਕਲੀਆਂ ਵਿੱਚ ਹੈ

ਵਿਸ਼ੇ ਦੇ ਪੱਖ ਤੋਂ ਪੂਰਨ ਭਗਤ ਦੇ ਕਿੱਸੇ ਤੋਂ ਇਹ ਵਾਰ ਕੁੱਝ ਭਿੰਨਤਾ ਰੱਖਦੀ ਹੈ ਇਸ ਵਾਰ ਵਿੱਚ ਕਵੀ ਲੂਣਾ ਨੂੰ ਚਮਿਆਰੀ ਦੱਸਦਾ ਹੈ ਜਦਕਿ ਵਾਰ ਵਿੱਚ ਲੂਣਾ ਨੂੰ ਇੰਦਰ ਦੇ ਅਖਾਣੇ ਦੀ ਅਪੱਛਰਾ ਤੇ ਭਗਤ ਪੀਪੇ ਦੀ ਮੂੰਹ ਬੋਲੀ ਧੀ ਦੱਸਿਆ ਹੈ ਇਸ ਵਾਰ ਵਿੱਚ ਕਵੀ ਦੀ ਕਾਲਪਨਿਕ ਛੋਹ ਦੀਆਂ ਉਡਾਰੀਆਂ ਹਨ ਇਸ ਵਾਰ ਵਿੱਚ ਪਰਾਸਰੀਰਕ ਅਤੇ ਅਦਭੁਤ ਸ਼ਕਤੀਆਂ ਦਾ ਵਧੇਰੇ ਜ਼ਿਕਰ ਹੈ ਜਿਵੇਂ: ਕੀੜਾ ਸਲਵਾਨ ਨੂੰ ਮੁੱਛ ਦਾ ਵਾਲ ਦਿੰਦਾ ਹੋਇਆ ਕਹਿੰਦਾ ਹੈ ਕਿ ਜਦੋਂ ਉਹ ਲੋੜ ਪੈਣ ਤੇ ਇਸ ਨੂੰ ਘਸਾਵੇਗਾ ਤਾਂ ਓਸਦੀ ਸਹਾਇਤਾ ਲਈ ਹਾਜ਼ਰ ਹੋ ਜਾਵੇਗਾ

ਜਦ ਮੈਂ ਧਰਤੀ ਮਾਤਾ ਸੀ, ਗਾਵਾਂ ਚੁਗਦੀਆਂ
ਪੇੜੇ ਪਿਆ ਘੁਮਾਰ ਤੇ ਮੈਨੂੰ ਰੱਖਿਆ ਬਹੁਤ ਸੰਵਾਰ
ਜਦੋਂ ਬੈਸੰਤਰ ਗੁਰੂ ਮਿਲੇ ਮੇਰੀ ਉਮਰ ਬੜੀ ਹੋ ਜਾਇ

**6. ਹਰੀ ਸਿੰਘ ਨਲੂਏ ਦੀ ਵਾਰ**

ਇਸ ਵਾਰ ਨੂੰ ਬਾਵਾ ਬੁੱਧ ਸਿੰਘ ਨੇ ਬੈਂਤ ਹਰੀ ਸਿੰਘ ਆਖਿਆ ਹੈ ਇਹ ਵਾਰ ਮਹਾਰਾਜਾ ਰਣਜੀਤ ਸਿੰਘ ਦੇ ਬਹਾਦਰ ਫੌਜੀ ਜਰਨੈਲ ਹਰੀ ਸਿੰਘ ਨਲੂਏ ਬਾਰੇ ਹੈ ਜਿਸ ਵਿੱਚ 30 ਅਪ੍ਰੈਲ 1837 ਨੂੰ ਪਠਾਣਾ ਨਾਲ ਹੋਈ ਲੜਾਈ ਦਾ ਅੰਤ ਹਰੀ ਸਿੰਘ ਨਲੂਏ ਦੇ ਚੜ੍ਹਾਈ ਕਰ ਜਾਣ ਦਾ ਵਰਣਨ ਹੈ ਇਹ ਵਾਰ ਵੀ ਪੂਰਨ ਭਗਤ ਦੇ ਕਿੱਸੇ ਵਾਂਗ ਬੈਤਾਂ ਅਤੇ ਸੀਹਰਫ਼ੀ ਕਾਵਿ ਰੂਪ ਵਿੱਚ ਹੈ ਹਰੀ ਸਿੰਘ ਨਲੂਏ ਦੀ ਬਹਾਦਰੀ ਅਤੇ ਆਚਰਨ ਦਾ ਥਾਂ-ਥਾਂ ਜ਼ਿਕਰ ਕੀਤਾ ਮਿਲਦਾ ਹੈ ਜਿਵੇਂ:

ਕਦ ਉੱਚਾ ਬੁਲੰਦ ਸਰਕਾਰ ਤਾਈਂ,
ਧਨੀ ਤੇਗ ਦਾ ਮਰਦ ਨਸੀਬ ਵਾਲਾ
ਕਾਬਲ ਕੰਬਿਆ ਖੋਬ ਕੰਧਾਰ ਤਾਈਂ,
ਜੀਹਦਾ ਨਾਮ ਰੌਸ਼ਨ ਦੂਰ ਦੂਰ ਸਾਰੇ,
ਨਾਲ ਤੇਗ ਦੇ ਰਾਜ ਚਲਾਂਵਦਾ ਏ

ਕਾਦਰਯਾਰ ਨੇ ਇਸ ਵਾਰ ਵਿੱਚ ਹਰੀ ਸਿੰਘ ਨਲੂਏ ਨੂੰ ਪੰਜਾਬ ਦੀ ਸੂਰਮਗਤੀ ਅਤੇ ਬਹਾਦਰੀ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ ਉਸ ਨੇ ਨਲੂਏ ਨੂੰ ਇੱਕ ਅਜਿਹੇ ਨਾਇਕ ਵਜੋਂ ਸਾਹਮਣੇ ਲਿਆਂਦਾ ਹੈ ਜੋ ਆਪਣੀ ਕੌਮ ਅਤੇ ਰਾਜੇ ਲਈ ਮਰ ਮਿਟ ਗਿਆ ਕਾਦਰਯਾਰ ਨੇ ਇਸ ਨਾਇਕ ਦੀ ਤੁਲਨਾ ਬਾਦਸ਼ਾਹ, ਸੂਰਬੀਰਾਂ ਨਾਲ ਕਰਕੇ ਉਸਦੀ ਬਹਾਦਰੀ ਨੂੰ ਤਰਾਸ਼ਿਆ ਹੈ

ਅਲਫ਼: ਆਫ਼ਰੀ ਜੰਮਣਾ ਕਹਿਣ ਸਾਰੇ, ਹਰੀ ਸਿੰਘ ਦੂਲੇ ਸਰਦਾਰ ਤਾਈਂ
ਜਮਾਦਾਰ ਬੇਲੀ ਰਾਜੇਸਾਹਿਬ ਕੋਲੋਂ, ਕਦ ਉਚਾ ਬੁਲੰਦ ਸਰਦਾਰ ਤਾਈਂ
ਧਨੀ ਤੇਗ ਦਾ ਮਰਦ ਨਸੀਬ ਵਾਲਾ, ਸਾਇਆ ਉਸ ਦਾ ਕੁਲ ਸੰਸਾਰ ਤਾਈਂ
ਕਾਦਰਯਾਰ ਪਹਾੜ੍ਹਾ ਨੂੰ ਸੋਧਿਉ ਸੂ, ਕਾਬਲ ਕੰਬਿਆ ਖੌਫ਼ ਕੰਧਾਰ ਤਾਈਂ

**ਰਾਜਾ ਰਸਾਲੂ:**

'ਰਾਜਾ ਰਸਾਲੂ' ਕਿੱਸੇ ਨੂੰ 'ਰਾਣੀ ਕੋਕਿਲਾ' ਦੀ ਵਾਰ ਵੀ ਕਿਹਾ ਜਾਂਦਾ ਹੈ ਇਹ ਛੋਟੇ ਆਕਾਰ ਦਾ ਕਿੱਸਾ

ਹੈ ਇਸ ਕਿੱਸੇ ਵਿੱਚ ਵੀ ਵਾਰ ਪੂਰਨ ਭਗਤ ਦੇ ਵਾਂਗ ਕਵੀ ਕਾਦਰਯਾਰ ਦਾ ਨਾਂ ਨਹੀਂ ਆਉਂਦਾ ਇਸ ਕਿੱਸੇ ਦਾ ਸਬੰਧ ਵੀ ਸਿਆਲਕੋਟ ਦੇ ਰਾਜੇ ਸਲਵਾਨ ਦੇ ਪੁੱਤਰ ਨਾਲ ਹੀ ਹੈ ਪੂਰਨ ਯੋਗੀ ਦੇ ਵਰਦਾਨ ਸਦਕਾ, ਮਤ੍ਰੇਈ ਮਾਂ ਲੂਣਾ ਕੁੱਖੋਂ ਇੱਕ ਪੁੱਤਰ ਦਾ ਜਨਮ ਹੋਇਆ ਜਿਸਦਾ ਨਾਂ ਰਸਾਲੂ ਰੱਖਿਆ ਗਿਆ ਰਸਾਲੂ ਇੱਕ ਬਹਾਦਰ ਅਤੇ ਤੇਜਸਵੀ ਯੋਧਾ ਸੀ ਕੋਕਲਾਂ ਟੈਕਸਿਲਾ ਦੇ ਰਾਜਾ ਸਿਰਕੱਪ ਦੀ ਧੀ ਸੀ ਜਿਸਨੂੰ ਰਾਜਾ ਰਸਾਲੂ ਚੌਪਟ ਦੀ ਖੇਡ ਰਾਹੀਂ ਜਿੱਤ ਲਿਆਉਂਦਾ ਹੈ ਰਾਜੇ ਰਸਾਲੂ ਨੂੰ ਜਦੋਂ ਕੋਕਲਾ ਦੀ ਹੋਡੀ ਨਾਲ ਯਾਰੀ ਦਾ ਪਤਾ ਲੱਗਦਾ ਹੈ ਤਾਂ ਉਹ ਹੋਡੀ ਨੂੰ ਮਾਰ ਕੇ ਕੋਕਲਾ ਨੂੰ ਧੋਖੇ ਨਾਲ ਉਸਦਾ ਮਾਸ ਖਵਾਉਂਦਾ ਹੈ ਜਦੋਂ ਰਾਣੀ ਕੋਕਲਾ ਨੂੰ ਇਸ ਦਾ ਪਤਾ ਲੱਗਦਾ ਹੈ ਤਾਂ ਉਹ ਮਹੱਲ ਤੋਂ ਛਾਲ ਮਾਰ ਕੇ ਮਰ ਜਾਂਦੀ ਹੈ ਕਾਦਰਯਾਰ ਇਸ ਵਾਰ ਵਿੱਚ ਕਈ ਥਾਵਾਂ ਤੇ ਇਸਤਰੀ ਵਿਰੁੱਧ ਆਪਣੀ ਵਿਚਾਰਧਾਰਾ ਦਾ ਪ੍ਰਗਟਾਅ ਕਰਦਾ ਹੈ ਜਿਵੇਂ :

(ੳ) ਮਾਸ ਯਾਰਾਂ ਦਾ ਖਾਂਦੀ, ਖਾ ਕੇ ਪੁੱਛੇ ਸਵਾਦ
(ਅ) ਖੰਡਾ, ਘੋੜ, ਇਸਤਰੀ, ਤਿੰਨਾਂ ਬੇਈਮਾਨ

ਇਸ ਦੇ ਨਾਲ ਹੀ ਕਵੀ ਕੋਕਲਾਂ ਦੀ ਹੋਡੀ ਨਾਲ ਯਾਰੀ ਦਾ ਕਾਰਨ ਉਸਦੀ ਇਕਲਤਾ ਦੱਸਦਾ ਹੈ ਕਿਉਂਕਿ ਰਸਾਲੂ ਉਸਨੂੰ ਵਿਆਹ ਤੋਂ ਬਾਅਦ ਛੱਡ ਗਿਆ ਸੀ ਜਿਵੇਂ :

ਭਰਤ ਜਿਨ੍ਹਾਂ ਦੇ ਮਰ ਗਏ, ਬੁਰੇ ਉਨ੍ਹਾਂ ਦੇ ਹਾਲ,
ਮੈਨੂੰ ਕੱਲੀ ਨੂੰ ਛੱਡ ਗਿਉਂ, ਮੇਰੀ ਕਿਨੇ ਨਾ ਪਾਈ ਸਾਰ

ਇਸ ਕਿੱਸੇ ਵਿੱਚ ਕਵੀ ਵਲੋਂ ਵਰਤੀ ਵਾਰਤਾਲਾਪੀ ਵਿਧੀ ਬਹੁਤ ਪ੍ਰਭਾਵਸ਼ਾਲੀ ਹੈ ਕਿੱਸੇ ਵਿੱਚ ਬੀਰ ਰਸ ਅਤੇ ਸ਼ਿੰਗਾਰ ਰਸ ਦੀ ਭਰਮਾਰ ਹੈ

**ਸੋਹਣੀ ਮਹੀਵਾਲ**

ਸੋਹਣੀ ਮਹੀਵਾਲ ਕਿੱਸਾ ਕਲਾਤਮਕ ਪੱਖ ਤੋਂ ਕਾਦਰਯਾਰ ਦੀ ਉਤਕ੍ਰਿਸ਼ਟ ਰਚਨਾ ਹੈ ਸੋਹਣੀ ਦੀ ਸੁੰਦਰਤਾ ਦਾ ਵਰਣਨ, ਝਨਾਂ ਦਰਿਆ ਦਾ ਭਿਆਨਕ ਦ੍ਰਿਸ਼, ਸੋਹਣੀ ਦੀ ਅੰਤਮ ਪੁਕਾਰ ਆਦਿ ਕਾਦਰਯਾਰ ਦੀ ਕਾਵਿ-ਕਲਾ ਦੇ ਸੁੰਦਰ ਨਮੂਨੇ ਹਨ ਕਾਦਰਯਾਰ ਨੇ ਸੋਹਣੀ ਦੇ ਇਸ਼ਕ ਨੂੰ ਪਾਕ ਪਵਿੱਤਰ ਅਤੇ ਨੂਰੀ ਮੰਨਿਆ ਹੈ ਕਿੱਸੇ ਦੇ ਸ਼ੁਰੂ ਵਿੱਚ ਹੀ ਕਾਦਰਯਾਰ ਲਿਖਦਾ ਹੈ:

ਨੂਰੋ ਪਾਕੀ ਇਸ਼ਕ ਦਾ ਪਾਲੇ ਰਬ ਰਹੀਮ
ਸਰਵਰ ਕੀਤਾ ਇਸ਼ਕ ਥੀ, ਜ਼ਾਹਿਦ ਕਹਿਆ ਮੀਮ
ਕੁਲ ਖਜਾਨੇ ਉਸ ਨੂੰ ਦਿਤੇ ਬਖਸ਼ ਕਰੀਮ
ਅਵਲ ਅਖਰ ਉਸ ਨੂੰ, ਲਾਇਕ ਸਿਫ਼ਤ ਕਰੀਮ

ਕਾਦਰਯਾਰ ਦਾ 'ਕਿੱਸਾ ਸੋਹਣੀ ਮਹੀਵਾਲ' ਹਾਸ਼ਮ ਦੇ ਕਿੱਸੇ ਨਾਲ ਮਿਲਦਾ-ਜੁਲਦਾ ਹੈ ਪਿੱਛੋਂ ਫਜ਼ਲਸ਼ਾਹ ਦੇ ਕਿੱਸੇ 'ਸੋਹਣੀ-ਮਹੀਵਾਲ' ਦਾ ਆਧਾਰ ਵੀ ਇਹੀ ਕਿੱਸਾ ਸੀ ਕਾਦਰਯਾਰ ਇਸ਼ਕ ਦੀ ਖੇਡ ਦੀ ਬਾਜ਼ੀ ਮੌਤ ਰਾਹੀਂ ਜਿੱਤੀ ਦੱਸਦਾ ਹੈ, ਸੱਚੀ ਪ੍ਰੀਤ 'ਮੌਤ' ਹੀ ਇਨਾਮ ਵਜੋਂ ਦਿੰਦੀ ਹੈ:

ਵਿੱਚ ਲੜਾਈ ਇਸ਼ਕ ਦੀ ਸ਼ਸਤ੍ਰ ਸਬਰ ਕਲਾਮ
ਮਰਨੋ ਅਗੇ ਜੋ ਮਰੇ ਤਾ ਕੋਈ ਲਏ ਇਨਾਮ
ਦੂਜਾ ਖੁਸ਼ੀ ਜਹਾਨ ਦੀ, ਅਗਦੇ ਕਰੇ ਤਮਾਮ
ਓੜਕ ਖੂਬੀ ਕਾਦਰਾ, ਮਿਲਦੀ ਮੌਤ ਇਨਾਮ

ਕਿੱਸੇ ਲਈ ਕਾਦਰਯਾਰ ਨੇ ਦੋਹਰਾ ਛੰਦ ਦੀ ਵਰਤੋਂ ਕੀਤੀ ਹੈ ਦੋ-ਦੋ ਦੋਹਰੇ ਮਿਲਾ ਕੇ ਇੱਕ ਛੰਦ ਬਣਾਇਆ ਹੈ

ਪਾਠ ਨੰਬਰ : 2.7

ਚਰਨਜੀਤ ਕੌਰ (ਰਿਸਰਚ ਸਕਾਲਰ)

## ਕਾਦਰਯਾਰ ਰਚਿਤ ਪੂਰਨ ਭਗਤ ਦੀ ਮੂਲ ਕਥਾ ਅਤੇ ਵਿਸ਼ਾਗਤ ਅਧਿਐਨ

ਮੱਧਕਾਲੀ ਕਾਵਿ-ਸਾਹਿਤ ਦੇ ਖੇਤਰ ਵਿੱਚ ਕਿੱਸਾ ਕਾਵਿ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ ਇਸ ਕਾਲ ਵਿੱਚ ਵੱਖ-ਵੱਖ ਕਿੱਸਾਕਾਰਾਂ ਦੁਆਰਾ ਆਪਣੇ ਸਮਕਾਲੀ ਅਤੇ ਆਪਣੇ ਪੂਰਵਲੇ ਸਮੇਂ ਦੀਆਂ ਬਹੁਤ ਸਾਰੀਆਂ ਪ੍ਰੀਤ ਕਥਾਵਾਂ ਨੂੰ ਵੱਖ-ਵੱਖ ਨਜ਼ਰੀਏ ਤੋਂ ਨਿਵੇਕਲੇ ਤਰੀਕੇ ਰਾਹੀਂ ਪੇਸ਼ ਕੀਤਾ ਇਹ ਹੀ ਮੱਧਕਾਲ ਦੀਆਂ ਕਹਾਣੀਆਂ ਵਿਚੋਂ ਇੱਕ-ਦੰਤ ਕਥਾ ਨੂੰ ਕਿੱਸਾਕਾਰ ਕਾਦਰਯਾਰ ਨੇ ਪੂਰਨ ਭਗਤ ਦੇ ਕਿੱਸੇ ਦੇ ਰੂਪ ਵਿੱਚ ਕਲਮਬੱਧ ਕੀਤਾ

ਪੂਰਨ ਭਗਤ ਦਾ ਕਿੱਸਾ ਕਾਦਰਯਾਰ ਦੁਆਰਾ 19ਵੀਂ ਸਦੀ ਦੇ ਦੂਜੇ ਦਹਾਕੇ ਦੀ ਰਚਨਾ ਮੰਨਿਆ ਗਿਆ ਹੈ ਇਹ ਕਿੱਸਾ ਕਾਦਰਯਾਰ ਦੁਆਰਾ ਹੀ ਪਹਿਲੀ ਵਾਰ ਲਿਖਿਆ ਗਿਆ ਹੈ ਕਾਦਰਯਾਰ ਤੋਂ ਪਹਿਲਾਂ ਪੂਰਨ ਭਗਤ ਦੀ ਲਿਖਤ ਪ੍ਰਮਾਣਤਾ ਨਾ ਹੋਣ ਦੀ ਪੁਸ਼ਟੀ ਸੰਤ ਸਿੰਘ ਦੀ ਨਿਮਨ ਲਿਖਤ ਟਿੱਪਣੀ ਤੋਂ ਵਧੇਰੇ ਹੁੰਦੀ ਹੈ

"ਕਾਦਰਯਾਰ ਤੋਂ ਪਹਿਲਾਂ ਦਾ ਲਿਖਿਆ ਪੂਰਨ ਭਗਤ ਦਾ ਕੋਈ ਪੰਜਾਬੀ ਕਾਵਿ ਨਹੀਂ ਮਿਲਦਾ ਅਨੁਮਾਨ ਤਾਂ ਇਹ ਯੋਗ ਹੈ ਕਿ ਇਸ ਜਿਹੀ ਲੋਕ ਪ੍ਰਚੱਲਿਤ ਕਹਾਣੀ ਨੂੰ ਬਹੁਤ ਕਿੱਸਾਕਾਰਾਂ ਨੇ ਛੰਦਬੰਧ ਕੀਤਾ ਹੋਵੇਗਾ ਇਨ੍ਹਾਂ ਨੂੰ ਛਪਣ ਤੇ ਇਸ ਤਰ੍ਹਾਂ ਅਮਰ ਹੋਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ"[15]

ਕਾਦਰਯਾਰ ਦੁਆਰਾ ਰਚਿਤ ਪੂਰਨ ਭਗਤ ਦੇ ਕਿੱਸਾ ਦੀ ਲੋਕ ਪ੍ਰਿਯਤਾ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਭਲੀ-ਭਾਂਤੀ ਸਪੱਸ਼ਟ ਹੁੰਦਾ ਹੈ ਕਿ ਕਾਦੱਰਯਾਰ ਨੇ ਕਿੱਸਾ ਸੁਣਾ ਕੇ ਖੂਹ ਅਤੇ ਜਮੀਨ ਪ੍ਰਾਪਤ ਕੀਤੀ ਸੀ

ਪੂਰਨ ਭਗਤ ਦੀ ਗੱਲ ਸੁਣਾਇਕੇ ਜੀ,<br>
ਇੱਕ ਖੂਹ ਇਨਾਮ ਲਿਖਾਇਆ ਮੈ

ਪੂਰਨ ਭਗਤ ਦੀ ਦੰਤ-ਕਥਾ ਦਾ ਆਰੰਭ ਸਿਆਲਕੋਟ ਦੇ ਰਾਜੇ ਸਲਵਾਨ ਦੇ ਘਰ ਮਾਤਾ ਇੱਛਰਾ ਦੀ ਕੁੱਖੋਂ ਦੇ ਜਨਮ ਤੋਂ ਹੁੰਦਾ ਹੈ

ਅਲ਼ਫ ਆਖ ਸਖੀ ਸਿਆਲਕੋਟ ਅੰਦਰ<br>
ਪੂਰਨ ਪੁਤ ਸਲਵਾਨ ਨੇ ਜਾਇਆ ਈ

ਰਾਜਾ ਸਲਵਾਨ ਪੂਰਨ ਭਗਤ ਦੇ ਜਨਮ ਮਗਰੋਂ ਉਸਦੀ ਕਿਸਮਤ ਬਾਰੇ ਜਾਨਣ ਲਈ ਪੰਡਤਾਂ ਨੂੰ ਬੁਲਾਉਂਦਾ ਹੈ ਪੰਡਤ ਪੋਥੀ ਪੜ੍ਹ ਕੇ ਰਾਜੇ ਸਲਵਾਨ ਨੂੰ ਪੂਰਨ ਭਗਤ ਦੇ ਮੱਥੇ ਲੱਗਣ ਤੋਂ ਵਰਜਦੇ ਹਨ ਉਹ ਰਾਜੇ ਸਲਵਾਨ ਨੂੰ ਭਗਤ ਪੂਰਨ ਨੂੰ ਪਹਿਲੇ ਬਾਰਾਂ ਵਰ੍ਹੇ ਭੋਰੇ ਵਿੱਚ ਰੱਖਣ ਦੀ ਨੇਕ ਸਲਾਹ ਦਿੰਦੇ ਹਨ

ਸੱਦ ਪੰਡਤਾਂ ਵੇਦ ਪੜ੍ਹਾਇਆ,<br>
ਬਾਰਾਂ ਬਰਸ ਨਾ ਰਾਜਿਆ ਮੂਹ ਲੱਗੀ,<br>
ਦੇਖ ਪੰਡਤਾਂ ਏਹ ਫਰਮਾਇਆ ਈ

ਰਾਜੇ ਸਲਵਾਨ ਨੇ ਪੰਡਤਾਂ ਦੀ ਗੱਲ ਮੰਨ ਕੇ ਭਗਤ ਪੂਰਨ ਨੂੰ ਪਹਿਲੇ ਬਾਰਾਂ ਵਰਿਆਂ ਲਈ ਭੋਰੇ ਵਿੱਚ ਰੱਖਣ ਦਾ ਫੈਸਲਾ ਕੀਤਾ ਰਾਜੇ ਸਲਵਾਨ ਨੇ ਪੂਰਨ ਭਗਤ ਦੇ ਲਈ ਹਰ ਪ੍ਰਕਾਰ ਦੀ ਸਹੂਲਤ ਦੇਣ ਦੀ ਕੋਸ਼ਿਸ਼ ਕੀਤੀ

"ਪੂਰਨ ਭਗਤ ਦੇ ਨਾਲ ਹੀ ਰਾਜੇ ਦੁਆਰਾ ਨੌਕਰਾਣੀਆਂ, ਬਾਂਦੀਆਂ, ਗੋਲੀਆਂ ਤੇ ਦਾਈਆਂ ਨੂੰ ਵੀ ਉਸਦੀ ਦੇਖ ਭਾਲ ਕਰਨ ਲਈ ਭੋਰੇ ਵਿੱਚ ਘੱਲਿਆ..... ਵਿੱਦਿਆ ਲਈ ਉਸਤਾਦ ਤੇ ਪਾਧਿਆਂ.... ਸ਼ਸਤਰ ਵਿੱਦਿਆ ਦੇਣ ਲਈ ਤੀਰ ਅੰਦਾਜ਼ਾਂ ਆਦਿ ਕਰਤੱਬੀਆਂ ਨੂੰ ਵੀ ਨਾਲ ਭੇਜਿਆ ਗਿਆ" (ਪੰਨਾ -74)

ਬਾਰਾਂ ਵਰਿਆਂ ਦਾ ਸਮਾਂ ਬੀਤਣ ਤੋਂ ਬਾਅਦ ਭਗਤ ਪੂਰਨ ਦੇ ਭੋਰੇ ਤੋਂ ਬਾਹਰ ਆਉਣ ਤੇ ਰਾਜਾ ਸਲਵਾਨ ਆਪਣੇ ਪੁੱਤਰ ਪੂਰਨ ਨੂੰ ਮਿਲਣ ਲਈ ਤਤਪਰ ਹੁੰਦੇ ਹਨ ਇਹਨਾਂ ਬਾਰਾਂ ਵਰਿਆਂ ਵਿੱਚ ਪੂਰਨ ਭਗਤ ਬਾਹਰੀ ਦੁਨੀਆਂ ਤੋਂ ਅਣਜਾਣ ਸੀ ਅਤੇ ਰਾਜਾ ਸਲਵਾਨ ਨੇ ਉਸ ਦੀ ਮਾਤਾ ਇੱਛਰਾ ਤੋਂ ਇਲਾਵਾ ਚੁਮਿਆਰ ਜਾਤੀ ਦੀ ਬਹੁਤ ਸੁੰਦਰ ਲੂਣਾ ਨਾਂ ਦੀ ਔਰਤ ਨਾਲ ਵਿਆਹ ਕਰਵਾ ਲਿਆ ਸੀ

ਇਕ ਇਸਤਰੀ ਹੋਰ ਵਿਆਹੇ ਕੇ ਜੀ,

---

15 ਸੰਤ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਇਤਿਹਾਸ (1701-1850), ਪੰਨਾ-123.

ਉਸ ਦੀ ਜਾਤ ਚਮਿਆਰ ਤੇ ਨਾਮ ਲੂਣਾ

ਕਾਦਰਯਾਰ ਅਨੁਸਾਰ ਬਹੁਤ ਸੁੰਦਰ ਇਸਤਰੀ ਲੂਣਾ ਨੇ ਰਾਜੇ ਸਲਵਾਨ ਨੂੰ ਹਰ ਤਰ੍ਹਾਂ ਦੀ ਈਨ ਮੰਨਵਾ ਕੇ ਵਿਆਹ ਕਰਵਾਇਆ ਸੀ ਉਹ ਰਾਜੇ ਤੋਂ ਆਪਣੀਆਂ ਹਰ ਪ੍ਰਕਾਰ ਦੀਆਂ ਸ਼ਰਤਾਂ ਮਨਵਾਉਣ ਵਿੱਚ ਸਮਰੱਥ ਸੀ ਭਾਵੇਂ ਰਾਜੇ ਤੇ ਉਸ ਦੀ ਉਮਰ ਦਾ ਅੰਤਰ ਕਾਫੀ ਸੀ

ਪੂਰਨ ਭਗਤ ਦੇ ਭੋਰੇ ਤੋਂ ਬਾਹਰ ਆਉਣ ਤੇ ਉਸਦੀ ਸੁੰਦਰਤਾ ਦੇਖ ਸਾਰੇ ਮੋਹਿਤ ਹੋ ਉੱਠਦੇ ਹਨ ਰਾਜਾ ਸਲਵਾਨ ਵੀ ਦੇਖ ਗਦ-ਗਦ ਹੋ ਉੱਠਦਾ ਹੈ ਰਾਜੇ ਸਲਵਾਨ ਦੁਆਰਾ ਪੁੱਤਰ ਦੀ ਆਮਦ ਤੇ ਬਹੁਤ ਸਾਰੇ ਦਾਨ-ਪੁੰਨ ਕੀਤੇ ਜਾਂਦੇ ਹਨ ਰਾਜਾ ਭਰੇ ਦਰਬਾਰ ਵਿੱਚ ਪੂਰਨ ਦੀ ਵਿਆਹ ਦੀ ਗੱਲ ਤੋਰਦਾ ਹੈ ਪਰ ਪੂਰਨ ਦੁਆਰਾ ਅਜੇ ਵਿਆਹ ਬੰਧਨਾਂ 'ਚੋਂ ਦੂਰ ਰਹਿ ਪ੍ਰਮਾਤਮਾ ਭਗਤੀ ਦੀ ਇੱਛਾ ਜਾਹਰ ਕਰਨ ਤੇ ਰਾਜਾ ਸਲਵਾਨ ਕ੍ਰੋਧਿਤ ਹੁੰਦਾ ਹੈ, ਪਰ ਮੰਤਰੀਆਂ ਦੁਆਰਾ ਸਮਝਾਉਣ ਤੇ ਮਾਹੌਲ ਸ਼ਾਂਤ ਹੁੰਦਾ ਹੈ

ਇਸ ਮਗਰੋਂ ਪੂਰਨ ਰਾਜੇ ਨੂੰ ਮਿਲਣ ਤੋਂ ਬਾਅਦ ਆਪਣੇ ਪਿਤਾ ਦੀਆਂ ਦੂਜੀਆਂ ਰਾਣੀਆਂ ਅਤੇ ਮਾਤਾ ਇੱਛਰਾ ਨੂੰ ਮਿਲਣ ਜਾਂਦਾ ਹੈ ਮਾਤਾ ਇੱਛਰਾ ਪੂਰਨ ਨੂੰ ਮਿਲ ਕੇ ਆਨੰਦਿਤ ਮਹਿਸੂਸ ਕਰਦੀ ਹੈ

ਮਾਤਾ ਇੱਛਰਾ ਤੋਂ ਪਹਿਲਾਂ ਪੂਰਨ ਰਾਜੇ ਸਲਵਾਨ ਦੀ ਸਭ ਤੋਂ ਪਿਆਰੀ ਰਾਣੀ ਲੂਣਾ ਨੂੰ ਮਿਲਣ ਜਾਂਦਾ ਹੈ ਉਸਨੂੰ ਮੱਥਾ ਟੇਕਦਾ ਹੈ ਰਾਣੀ ਲੂਣਾ ਪੂਰਨ ਦੀ ਸੁੰਦਰਤਾ ਦੇਖ ਕੇ ਆਪਣਾ ਧਰਮ ਭੁੱਲ ਜਾਂਦੀ ਹੈ ਉਹ ਡੋਲ ਜਾਂਦੀ ਹੈ, ਉਸਨੂੰ ਇਸ ਦੀ ਵੀ ਸੁੱਧ-ਬੁੱਧ ਨਹੀਂ ਰਹਿੰਦੀ ਕਿ ਰਿਸ਼ਤੇ ਵਿੱਚ ਉਹ ਪੂਰਨ ਦੀ ਧਰਮ ਦੀ ਮਾਂ ਲੱਗਦੀ ਹੈ, ਉਹ ਰਾਜੇ ਸਲਵਾਨ ਦੀ ਦੂਸਰੀ ਪਤਨੀ ਹੈ

ਰਾਣੀ ਲੂਣਾ ਪੂਰਨ ਪ੍ਰਤੀ ਕਾਮੁਕਤਾ ਦੀ ਭਾਵਨਾ ਰੱਖਦੀ ਹੈ ਤੇ ਇਹ ਮਹਿਸੂਸ ਕਰਦੀ ਹੈ ਕਿ ਜੇਕਰ ਪੂਰਨ ਉਸ ਨਾਲ ਵਿਆਹ ਕਰਵਾ ਲਵੇ ਤਾਂ ਉਸਦੇ ਭਾਗ ਖੁੱਲ੍ਹ ਜਾਣਗੇ ਰਾਣੀ ਲੂਣਾ ਪੂਰਨ ਨੂੰ ਆਪਣੇ ਨਾਲ ਵਿਆਹ ਕਰਵਾਉਣ ਲਈ ਪ੍ਰੇਰਦੀ ਹੈ ਪਰ ਪੂਰਨ ਭਗਤ ਧਰਮ ਤੇ ਦ੍ਰਿੜ ਹੈ ਉਹ ਆਖਦੀ ਹੈ ਕਿ ਮੈਂ ਤੈਨੂੰ ਜਨਮ ਨਹੀਂ ਦਿੱਤਾ, ਮੈਂ ਤੈਨੂੰ ਪਾਲਿਆ ਨਹੀਂ, ਫਿਰ ਮੈਂ ਕਿਵੇਂ ਤੇਰੀ ਮਾਂ ਹੋ ਸਕਦੀ ਹਾਂ ਪੂਰਨ ਭਗਤ ਰਾਣੀ ਲੂਣਾ ਨਰਕ ਦਾ ਡਰ ਦਿੰਦਾ ਸਮਝਾਉਂਦਾ ਹੋਇਟਾ ਉਸਦੇ ਮਹਿਲ ਵਿਚੋਂ ਬਾਹਰ ਆ ਜਾਂਦਾ ਹੈ

ਮਾਵਾਂ ਪੁੱਤਰਾਂ ਦੀ ਜੇ ਇਹ ਬਾਤ ਹੋਵੇ,
ਦੋਜਖ ਵਿੱਚ ਸੜਦੇ ਦੇਵੇ ਉਤ ਮਾਈ

ਇਸ ਮਗਰੋਂ ਰਾਣੀ ਲੂਣਾ ਆਪਣੀ ਹੇਠੀ ਮਹਿਸੂਸ ਕਰਦੀ ਹੋਈ ਆਪਣਾ ਹਾਰ-ਸ਼ਿੰਗਾਰ ਉਤਾਰ ਮਹਿਲ ਵਿੱਚ ਬੈਠ ਜਾਂਦੀ ਹੈ ਜਦੋਂ ਰਾਜਾ ਸਲਵਾਨ ਆਉਂਦਾ ਹੈ ਤਾਂ ਉਹ ਆਪਣੀ ਮਨਘੜਤ ਗੱਲ ਦੱਸ ਕੇ ਪੂਰਨ ਦੇ ਵਿਰੁੱਧ ਉਕਸਾਉਂਦੀ ਹੈ ਰਾਜਾ ਸਲਵਾਨ ਕ੍ਰੋਧ ਵਿੱਚ ਆ ਕੇ ਪੂਰਨ ਭਗਤ ਨੂੰ ਮਾਰਨ ਲਈ ਜਲਾਦ ਨੂੰ ਹੁਕਮ ਦਿੰਦਾ ਹੈ

ਜਦੋਂ ਇਸ ਸਾਰੀ ਗੱਲ ਦਾ ਪਤਾ ਮਾਤਾ ਇੱਛਰਾ ਨੂੰ ਲੱਗਦਾ ਹੈ ਤਾਂ ਉਹ ਰਾਜੇ ਸਲਵਾਨ ਦੇ ਤਰਲੇ ਕਰਦੀ ਹੈ, ਪਰ ਰਾਜਾ ਸਲਵਾਨ ਇੱਕ ਨਹੀਂ ਸੁਣਦਾ ਉਹ ਪੂਰਨ ਭਗਤ ਨੂੰ ਮਾਰਨ ਦਾ ਹੁਕਮ ਦਿੰਦਾ ਹੋਇਆ ਜਲਾਦਾਂ ਨੂੰ ਭੇਜਦਾ ਹੈ ਇਹ ਸਭ ਸੁਣ ਕੇ ਰਾਣੀ ਇੱਛਰਾ ਬੇਹੋਸ਼ ਹੋ ਜਾਂਦੀ ਹੈ ਜਲਾਦ ਪੂਰਨ ਨੂੰ ਲੈ ਕੇ ਤੁਰ ਪੈਂਦੇ ਹਨ

ਇਤਿਹਾਸਕਾਰਾਂ ਅਨੁਸਾਰ ਰਾਣੀ ਲੂਣਾ ਰਸਤੇ ਵਿੱਚ ਪੂਰਨ ਭਗਤ ਲਈ ਇੱਕ ਖੱਤ ਭੇਜਦੀ ਹੈ ਜਿਸ ਵਿੱਚ ਉਹ ਅਜੇ ਵੀ ਆਪਣੀ ਗੱਲ ਮੰਨਣ ਦੀ ਸ਼ਰਤ ਤੇ ਰਾਜੇ ਕੋਲੋ ਸ਼ਜਾ ਤੋਂ ਬਚਾ ਲਵੇਗੀ, ਪਰ ਪੂਰਨ ਭਗਤ ਕਹਿੰਦਾ ਹੈ ਕਿ ਧਰਮ ਛੱਡਣ ਨਾਲੋਂ ਮੌਤ ਗਲੇ ਲਗਾਉਣਾ ਬੇਹਤਰ ਹੈ

ਰਾਜੇ ਸਲਵਾਨ ਦੇ ਜਲਾਦ ਭਗਤ ਪੂਰਨ ਤੇ ਤਰਸ ਕਰਦੇ ਹਨ ਉਹ ਪੂਰਨ ਨੂੰ ਮਾਰਨ ਦੀ ਬਜਾਇ, ਉਸਦੇ ਹੱਥ ਪੈਰ ਕੱਟ ਕੇ ਇੱਕ ਜੰਗਲ ਵਿਚਲੇ ਖੂਹ ਵਿੱਚ ਸੁੱਟ ਦਿੰਦੇ ਹਨ ਪੂਰਨ ਭਗਤ ਇੱਕ ਕਿੱਸਾ ਮੱਧਕਾਲੀ ਕਥਾਨਕ ਰੂੜੀ ਅਨੁਸਾਰ ਬਾਰਾਂ ਸਾਲਾਂ ਤੱਕ ਖੂਹ ਵਿੱਚ ਪਿਆ ਰਹਿੰਦਾ ਹੈ

ਕਿਹਾ ਜਾਂਦਾ ਹੈ ਕਿ ਪੂਰਨ ਭਗਤ ਸਿੱਧ ਯੋਗੀ ਗੋਰਖ ਨਾਥ ਨਾਲ ਇੱਕ ਵਾਰ ਆਪਣਿਆਂ ਚੇਲਿਆਂ ਨਾਲ ਜੰਗਲ ਵਿੱਚ ਦੀ ਸਿਆਲਕੋਟ ਦੇ ਇਲਾਕੇ ਜਾ ਰਿਹਾ ਸੀ ਉਹ ਰਸਤੇ ਵਿੱਚ ਰੁਕੇ ਤਾਂ ਖੂਹ ਵਿਚੋਂ ਪਾਣੀ ਲੈਣ ਲਏ ਇੱਕ ਗੋਰਖ ਨਾਥ ਦੇ ਚੇਲੇ ਨੂੰ ਪੂਰਨ ਭਗਤ ਦੀ ਖੂਹ ਵਿਚੋਂ ਆਵਾਜ਼ ਸੁਣਾਈ ਦਿੱਤੀ ਉਹਨਾਂ ਆ ਗੋਰਖਨਾਥ ਨੂੰ ਦੱਸਿਆ ਤੇ ਗੋਰਖਨਾਥ ਨੇ ਪੂਰਨ ਨੂੰ ਬਾਹਰ ਕਢਵਾਇਆ

ਗੋਰਖਨਾਥ ਦੁਆਰਾ ਪੂਰਨ ਭਗਤ ਦੀ ਸਾਰੀ ਵਿੱਥਿਆ ਪੁੱਛਣ ਤੋਂ ਉਸਦੇ ਖਾਣ-ਦਾਨ ਦੀ ਜਾਣਕਾਰੀ ਮਗਰੋਂ ਪਾਣੀ ਤੇ ਮੰਤਰੀ ਦੀ ਸਹਾਇਤਾ ਨਾਲ ਮੁੜ ਠੀਕ ਕਰ ਦਿੱਤਾ

ਪੂਰਨ ਭਗਤ ਗੋਰਖਨਾਥ ਦੀਆਂ ਕਰਾਮਾਤਾ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਇੱਕ ਜਾਤੀ ਵਾਲਾ ਕਠੋਰ ਜੀਵਨ ਬਤੀਤ ਕਰਨ ਲਈ ਤਿਆਰ ਹੋ ਗਿਆ ਇਸ ਮਗਰੋਂ ਗੋਰਖਨਾਥ ਤੋਂ ਪੂਰਨ ਯੋਗੀ ਦੀ ਭਿੱਖਿਆ ਲੈਣ ਉਪਰੰਤ ਉਹਨਾਂ ਦੇ ਟਿੱਲੇ ਤੇ ਰਹਿਣ ਲੱਗ ਗਿਆ

ਇੱਕ ਦਿਨ ਗੋਰਖਨਾਥ ਦੇ ਕਹਿਣ ਤੇ ਉਹ ਭਿੱਖਿਆ ਲੈਣ ਲਈ ਰਾਣੀ ਸੁੰਦਰਾ ਦੇ ਮਹਿਲ ਗਿਆ ਰਾਣੀ

ਸੁੰਦਰਾ ਦੀ ਗੋਲੀ ਭਿੱਖਿਆ ਲੈ ਕੇ ਆਈ ਪਰ ਪੂਰਨ ਨੇ ਕਿਹਾ ਰਾਣੀ ਆਪ ਆ ਕੇ ਭਿੱਖਿਆ ਦੇਵੇ ਰਾਣੀ ਸੁੰਦਰਾ ਆਪ ਭਿੱਖਿਆ ਲੈ ਕੇ ਆਈ ਤਾਂ ਉਹ ਪੂਰਨ ਭਗਤ ਦੀ ਸੁੰਦਰਤਾ ਤੇ ਮੋਹਿਤ ਹੋ ਗਈ ਉਸਨੇ ਪੂਰਨ ਭਗਤ ਨੂੰ ਹੀਰਿਆਂ, ਜਵਾਹਰਾਤ ਤੇ ਮੋਤੀਆਂ ਦੀਆਂ ਥਾਲੀਆਂ ਭਰ ਦਿੱਤੀਆਂ ਜੋ ਟਿੱਲੇ ਤੇ ਲੈ ਕੇ ਆਉਣ ਮਗਰੋਂ ਯੋਗੀ ਗੋਰਖਨਾਥ ਦੇ ਕਹਿਣ ਤੇ ਵਾਪਸ ਕਰਨ ਗਿਆ ਤੇ ਪੱਕੇ ਅੰਨ ਦੀ ਭਿੱਖਿਆ ਦੀ ਮੰਗ ਕਰਦਾ ਹੈ

ਇਸ ਮਗਰੋਂ ਰਾਣੀ ਸੁੰਦਰਾ ਪੂਰਨ ਭਗਤ ਦੇ ਪਿਆਰ ਵਿੱਚ ਮਸਤ ਹੋਈ ਗੋਰਖਨਾਥ ਦੇ ਟਿੱਲੇ ਤੇ ਆਉਂਦੀ ਹੈ ਬਹੁਤ ਹੀ ਸ਼ਰਧਾਪੂਰਨ ਸੇਵਾ ਕਰਨ ਉਪਰੰਤ ਗੋਰਖਨਾਥ ਨੂੰ ਪ੍ਰਸੰਨ ਕਰਕੇ ਪੂਰਨ ਭਗਤ ਨੂੰ ਵਰ ਵਜੋਂ ਮੰਗਦੀ ਹੈ ਗੋਰਖਨਾਥ ਪੂਰਨ ਭਗਤ ਨੂੰ ਵਰ ਵਜੋਂ ਰਾਣੀ ਨੂੰ ਦਿੰਦਾ ਹੈ ਪਰ ਇਸ ਸਭ ਤੋਂ ਪੂਰਨ ਖੁਸ਼ ਨਹੀਂ ਸੀ ਉਹ ਕੁੱਝ ਸਮੇਂ ਮਗਰੋਂ ਹੀ ਮਹਿਲ ਛੱਡ ਕੇ ਟਿੱਲੇ ਤੇ ਆ ਜਾਂਦਾ ਹੈ, ਰਾਣੀ ਸੁੰਦਰਾ ਮਰਦ ਜਾਤ ਨੂੰ ਲਾਅਨਤਾ ਪਾਉਂਦੀ ਹੋਈ ਮਹਿਲ ਤੋਂ ਛਾਲ ਮਾਰ ਕੇ ਮਰ ਜਾਂਦੀ ਹੈ ਜਿਸ ਤੋਂ ਗੋਰਖਨਾਥ ਨਾ ਖੁਸ਼ ਹੁੰਦਾ ਹੋਇਆ ਬਾਅਦ ਵਿੱਚ ਉਹ ਪੂਰਨ ਦੇ ਸਿਦਕ ਨੂੰ ਧਿਆਨ ਵਿੱਚ ਰੱਖਦਿਆਂ ਸਿਆਲਕੋਟ ਵੱਲ ਨੂੰ ਭੇਜਦਾ ਹੈ

ਪੂਰਨ ਭਗਤ ਇੱਕ ਸਿੱਧ ਯੋਗੀ ਬਣ ਗਿਆ ਸੀ ਉਹ ਰਾਜੇ ਸਲਵਾਨ ਦੇ ਪੁਰਾਣੇ ਵਿਰਾਨ ਹੋਏ ਬਾਗ ਵਿੱਚ ਆ ਡੇਰਾ ਲਗਾਉਂਦਾ ਹੈ ਜੋ ਬਾਗ ਹਰਾ-ਭਰਾ ਹੋ ਜਾਂਦਾ ਹੈ ਉਸਦੀ ਮਹਿਮਾ ਮਹਿਲਾਂ ਤੱਕ ਵੀ ਪਹੁੰਚਦੀ ਹੈ, ਰਾਜਾ ਸਲਵਾਨ ਵੀ ਰਾਣੀ ਲੂਣਾ ਨਾਲ ਉੱਥੇ ਆਉਂਦਾ ਹੈ ਆਪਣੀ ਵਿੱਥਿਆ ਵਿੱਚ ਦੱਸਦਾ ਹੈ ਕਿ ਚੌਵੀ ਸਾਲਾਂ ਤੋਂ ਉਸ ਦੇ ਘਰ ਕੋਈ ਵੀ ਔਲਾਦ ਨਹੀਂ ਹੋਈ ਪਰ ਪੂਰਨ ਭਗਤ ਪੁੱਛਦਾ ਹੈ ਪਹਿਲੇ ਪੁੱਤਰ ਗੱਲ ਕੀ ਬੀਤੀ ਸੀ? ਉਹ ਪੁੱਤਰ ਬੇਗਾਨਾਹ ਸੀ ਰਾਣੀ ਲੂਣਾ ਵੀ ਸਾਰੀ ਵਿੱਥਿਆ ਦੱਸਦੀ ਹੋਈ ਕਬੂਲਦੀ ਹੈ ਕਿ ਉਹ ਗੁਨਹੇਗਾਰ ਸੀ ਅਤੇ ਪੂਰਨ ਨਿਰਦੋਸ਼ ਸੀ ਰਾਜਾ ਗੁੱਸੇ ਵਿੱਚ ਆਉਂਦਾ ਹੈ ਪਰ ਪੂਰਨ ਭਗਤ ਸਮਝਾਉਂਦਾ ਹੋਇਆ ਆਖਦਾ ਹੈ ਕਿ ਇਹ ਸਾਰੀ ਖੇਡ ਕਿਸਮਤ ਦੀ ਸੀ ਇਸ ਵਿੱਚ ਕਿਸੇ ਦੀ ਕੋਈ ਦੋਸ਼ ਨਹੀਂ ਸੀ ਇਸ ਮਗਰੋਂ ਰਾਜੇ ਸਲਵਾਨ ਤੇ ਰਾਣੀ ਲੂਣਾ ਨੂੰ ਇੱਕ ਚਾਵਲ ਦਾ ਦਾਣਾ ਦਿੰਦਾ ਹੋਇਆ ਕਹਿੰਦਾ ਹੈ ਕਿ ਤੁਹਾਡੇ ਘਰ ਇੱਕ ਸੂਰਬੀਰ ਪੁੱਤਰ ਹੋਵੇਗਾ, ਰਾਣੀ ਲੂਣਾ ਵੀ ਉਸਦੇ ਵਿਯੋਗ ਦਾ ਸੰਤਾਪ ਭੋਗੇਗੀ ਜੋ ਬਾਅਦ ਵਿੱਚ ਰਾਜਾ ਰਸਾਲੂ ਦੇ ਨਾਂ ਨਾਲ ਮਸ਼ਹੂਰ ਹੋਇਆ ਹੈ

ਪੂਰਨ ਭਗਤ ਰਾਜਾ ਸਲਵਾਨ ਦੇ ਕਹਿਣ ਤੇ ਵੀ ਰਾਜ ਭਗ ਨਹੀਂ ਲੈਂਦਾ ਤੇ ਅੰਤ ਆਪਣੀ ਮਾਂ ਤੋਂ ਆਗਿਆ ਲੈ ਕੇ ਟਿੱਲੇ ਵੱਲ ਚਾਲੇ ਪਾਉਂਦਾ ਹੈ ਕੁਝ ਸਮਾਂ ਬਤੀਤ ਕਰਨ ਮਗਰੋਂ ਭਗਤ ਪੂਰਨ ਫਿਰ ਸਿਆਲਕੋਟ ਆਂਉਂਦਾ ਹੈ ਰਾਜਾ ਰਸਾਲੂ ਦਾ ਰਾਜਾ ਸੀ ਉਹ ਆਪਣੀ ਮਾਂ ਨੂੰ ਮਿਲਦਾ ਹੈ ਜਿਸ ਸਮੇਂ ਉਹ ਅੰਤਮ ਅਵਸਥਾ ਵਿੱਚ ਹੁੰਦੀ ਹੈ ਇਸ ਤੋਂ ਅੱਗੇ (ਕਹਾਣੀ) ਕਥਾ ਦਾ ਅੰਤ ਹੁੰਦਾ ਹੈ

## ਕਾਦਰਯਾਰ ਰਚਿਤ ਪੂਰਨ ਭਗਤ : ਵਿਸ਼ਾ ਪੱਖ

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਪਰੰਪਰਾ ਦੀ ਆਪਣੀ ਨਿਵੇਕਲੀ ਭੂਮਿਕਾ ਹੈ ਜਿਸਨੂੰ ਨਾ ਤਾਂ ਲਾਂਭੇ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਉਸਦੀ ਥਾਂ ਕੋਈ ਬਦਲਾਵ ਲੈ ਸਕਦਾ ਹੈ ਕਿਸੇ ਵੀ ਸਾਹਿਤ ਦੀ ਉਪਯੋਕਤਾ ਉਸ ਦੀ ਪਰੰਪਰਾ ਵਿੱਚ ਪਈ ਲੋਕ ਸਮੂਹ ਦੀ ਪ੍ਰਵਾਨਗੀ ਹੁੰਦੀ ਹੈ ਇਸ ਵਿੱਚ ਲੋਕ ਸਮੂਹ ਲੋਕ ਗਾਥਾਵਾਂ, ਲੋਕ ਕਹਾਣੀਆਂ, ਅਤੇ ਲੋਕ ਵਿਰਸੇ ਵਿੱਚ ਪੰਨਪਦੇ ਉਹਨਾਂ ਨਾਇਕਾਂ, ਨਾਇਕਾਵਾਂ, ਉਹਨਾਂ ਦੇ ਆਚਰਣ, ਆਦਰਸ਼ਾਂ ਆਦਿ ਨੂੰ ਪ੍ਰਵਾਨਗੀ ਦੇ ਕੇ ਲੋਕ-ਸਾਹਿਤ ਹੋਣ ਦੀ ਤਰਜਮਾਨੀ ਕਰਦੇ ਹਨ ਇਸ ਪ੍ਰਕਾਰ ਹੀ ਮੱਧਕਾਲੀ ਸਾਹਿਤ ਦੀਆਂ ਉਪਜੀਆਂ ਕਾਵਿ ਧਰਾਵਾਂ ਵਿਚੋਂ ਕਿੱਸਾ ਕਾਵਿ ਧਾਰਾ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ ਜਿਹੜੀਆਂ ਪੰਜਾਬੀ ਸਾਹਿਤ ਵਿੱਚ ਲੋਕ ਕਹਾਣੀਆਂ ਜਾਂ ਲੋਕ ਕਥਾਵਾਂ ਦੇ ਰੂਪ ਵਿੱਚ ਪੀੜੀ-ਦਰ-ਪੀੜੀ ਵਿਕਾਸ ਕਰਦੀਆਂ ਹੋਈਆਂ ਲੋਕ ਮਾਨਸ ਦਾ ਹਿੱਸਾ ਬਣੀਆਂ ਤੇ ਬਾਅਦ ਵਿੱਚ ਇਸ ਜਰਖੇਜ ਸਾਹਿਤ ਦੇ ਖੇਤਰ ਵਿਚਲੇ ਕਿੱਸਾਕਾਰਾਂ ਨੇ ਵਿਸ਼ੇਸ਼ ਟੁੰਬਾ ਦੇ ਕੇ ਕਲਮਬੱਧ ਕੀਤਾ ਉਹਨਾਂ ਕਿੱਸਾਕਾਰਾਂ ਵਿੱਚੋਂ ਇੱਕ ਕਾਦਰਯਾਰ ਨਾ ਦੇ ਕਿੱਸਾਕਾਰ ਨੇ ਪੂਰਨ ਭਗਤ ਕਿੱਸੇ ਦੀ ਰਚਨਾ ਕਰ ਨਾਮਣਾ ਖੱਟਿਆ

### ਕਾਦਰਯਾਰ ਦੇ ਕਿੱਸਾ ਪੂਰਨ ਭਗਤ ਦਾ ਸੱਭਿਆਚਾਰਕ ਪੱਖ

ਮੱਧਕਾਲੀ ਪੰਜਾਬੀ ਸਾਹਿਤ ਵਿੱਚ ਜਿੱਥੇ ਕਿੱਸਾਕਾਰੀ ਕਾਵਿ ਸਾਹਿਤ ਦੀ ਆਪਣੀ ਵਿਲੱਖਣਤਾ ਹੈ, ਉੱਥੇ ਹੀ ਰਚਿਤ ਕਿੱਸਿਆਂ ਵਿੱਚ ਪੂਰਨ ਭਗਤ ਦੇ ਕਿੱਸੇ ਦੀ ਆਪਣੀ ਨਿਵੇਕਲੀ ਪਹਿਚਾਣ ਹੈ ਆਮ ਤੌਰ ਤੇ ਮੱਧਕਾਲੀ ਸਾਹਿਤ ਵਿੱਚ ਕਿੱਸਾ ਕਾਵਿ ਨੂੰ ਮਸਨਵੀ ਕਾਵਿ ਦੀ ਦੇਣ ਮੰਨੇ ਜਾਣ ਕਰਕੇ ਪ੍ਰੀਤ ਕਾਵਿ ਕਥਾਵਾਂ ਨਾਲ ਹੀ ਜੋੜਿਆ ਜਾਂਦਾ ਹੈ ਪਰ ਜੇਕਰ ਕਾਦਰਯਾਰ ਦੀ ਰਚਨਾ ਕਿੱਸਾ ਪੂਰਨ ਭਗਤ ਦੀ ਗੱਲ ਕਰੀਏ ਤਾਂ ਇਹ ਕਿੱਸਾ ਕਾਵਿ ਨੂੰ ਰੁਮਾਂਸ ਦੇ ਬੰਧਨਾਂ ਵਿਚੋਂ ਕੱਢ ਕੇ ਸੱਭਿਆਚਾਰਕ ਅਤੇ ਸਦਾਚਾਰਕ ਪ੍ਰਸੰਗ ਵਿੱਚ ਸਾਡੇ ਸਾਹਮਣੇ ਲਿਆਉਂਦਾ ਹੈ

ਕਾਦਰਯਾਰ ਦੀ ਰਚਨਾ ਕਿੱਸਾ ਪੂਰਨ ਭਗਤ ਸੱਭਿਆਚਾਰ ਦੇ ਆਚਾਰ-ਵਿਹਾਰ, ਕਦਰਾਂ-ਕੀਮਤਾਂ, ਅੰਤਰ-ਸੰਬੰਧਾਂ, ਮਾਨਾ-ਪ੍ਰਤੀਮਾਨਾ, ਟੋਟਮ-ਟੈਬੂ ਆਦਿ ਸੰਦਰਭਾਂ ਦੀ ਪੇਸ਼ਕਾਰੀ ਕਰਦੀ ਹੈ

"ਕਾਦਰਯਾਰ ਦੀ ਆਪਣੀ ਸੱਭਿਆਚਾਰ ਪ੍ਰਤੀ ਅਪਣੱਤ-ਚੇਤਨਾ 'ਤੇ ਉਸਾਰੀ ਬਿਰਤਾਂਤਕਾਰੀ ਦੀ ਉਸ ਬੇਜੋੜ

ਕਲਾਤਮਕ ਸਮਰੱਥਾ ਵਿੱਚ ਨਿਹਿਤ ਹੈ ਜਿਸ ਸਦਕਾ ਉਹ ਇਸ ਕਥਾ ਦੇ ਸਮੁੱਚੇ ਵਿਵਰਣ ਜਾਂ ਘਟਨਾ-ਚੱਕਰ ਨੂੰ ਡੂੰਘੇ ਮਾਨਵੀ ਵਿਵੇਕ ਅਧੀਨ ਤੱਥ-ਮੂਲਕ ਤੋਂ ਅਗਾਹ ਸਾਡੇ ਚੇਤਨਾਮੂਲਕ ਆਚਰਣ-ਵਿਚਰਣ, ਨੈਤਿਕ-ਆਤਮਕ ਸਰੋਕਾਰਾਂ, ਉਚ ਆਦਰਸ਼ਾਂ, ਸਾਡੀਆਂ ਭਾਵਨਾਵਾਂ, ਸੋਚਾਂ, ਸੁਹਜਭਾਵੀ ਕਲਪਨਾਵਾਂ ਅਤੇ ਕਦਰਾਂ-ਕੀਮਤਾਂ ਨਾਲ ਸਫ਼ਲਤਾ ਸਹਿਤ ਜੋੜਨ ਵਿਚ ਸਫ਼ਲ ਹੋਇਆ ਹੈ"[16]

ਕਾਦਰਯਾਰ ਦੀ ਰਚਨਾ ਕਿੱਸਾ ਪੂਰਨ ਭਗਤ ਦੀ ਕਥਾ ਕੇਵਲ ਲੋਕ ਸਮੂਹ ਦੀ ਸਹਿਮਤੀ ਅਤੇ ਪ੍ਰਵਾਨਗੀ ਦਾ ਹੀ ਅੰਗ ਨਹੀਂ ਬਣੀ, ਸਗੋਂ ਲੋਕ ਜੀਵਨ ਵਿੱਚ ਲਕੋਕਤੀਆਂ ਦਾ ਰੂਪ ਵੀ ਧਾਰਨ ਕਰ ਗਈ ਹੈ ਕਿੱਸਾ ਪੂਰਨ ਦੀ ਕਥਾ ਦੇ ਵਾਪਰਨ ਅਤੇ ਕਾਦਰਯਾਰ ਦੇ ਦੁਆਰਾ ਕਿੱਸਾ ਕਲਮਬੱਧ ਕਰਨ ਦੇ ਵਿਚਕਾਰ ਕਈ ਸਦੀਆਂ ਦਾ ਸਮਾਂ ਹੈ

ਪੰਡਿਤ ਰਾਹੁਲ ਸੰਕ੍ਰਿਤਆਇਨ ਗੋਰਖਨਾਥ ਦਾ ਸਮਾਂ 809-949 ਮੰਨਦਾ ਹੈ ਜਦੋਂ ਕਿ ਡਾ. ਮੋਹਨ ਸਿੰਘ ਦੀਵਾਨਾ 940-1040 ਈ. ਵਿਚਕਾਰ ਨਿਸ਼ਚਿਤ ਕਰਦਾ ਹੈ

"ਪੂਰਨ ਭਗਤ ਦੀ ਕਥਾ ਜਿਹੜੀ ਕਿਸਦੀਆਂ ਤੋਂ ਕੇ ਲੋਕਗੀਤਾਂ, ਲੋਕ ਕਥਾਵਾਂ, ਵਾਂਗ ਅਤੇ ਕਾਵਿ-ਟੂਕਾਂ ਦੇ ਰੂਪ ਵਿੱਚ ਲੋਕ-ਮਨ ਅਤੇ ਲੋਕ ਕੰਡ ਤੇ ਨਿਰੰਤਰ ਪੁਨਰ ਸਿਰਜਤ ਹੁੰਦੀ ਰਹੀ ਹੈ"

ਪੰਜਾਬੀ ਸਾਹਿਤ ਜਗਤ ਵਿੱਚ ਮੱਧਕਾਲੀਨ ਸਾਹਿਤ ਦੀਆਂ ਲੋਕ ਕਹਾਣੀਆਂ, ਲੋਕ ਗਥਾਵਾਂ ਬਾਰੇ ਪੀੜ੍ਹੀ-ਦਰ-ਪੀੜ੍ਹੀ ਗਿਆਨ ਅੱਗੇ ਜ਼ੁਬਾਨੀ ਰੂਪ ਵਿੱਚ ਵੱਧਦਾ ਰਿਹਾ ਹੈ ਸਮੇਂ ਨਾਲ ਇਹਨਾਂ ਵਿੱਚ ਪਰਿਵਰਤਨ ਵੀ ਇਲਾਕਾਈ ਪੱਖਾਂ ਤੋਂ ਦੇਖਣ ਨੂੰ ਮਿਲਦਾ ਰਿਹਾ ਹੈ ਪਰ ਕਿੱਸਾਕਾਰਾਂ ਦੁਆਰਾ ਇਹਨਾਂ ਨੂੰ ਕਲਮਬੱਧ ਕਰਨ ਤੋਂ ਪਹਿਲਾਂ ਇਹ ਲੋਕ ਕਹਾਣੀਆਂ ਲੋਕ-ਕਥਾਵਾਂ ਲੋਕ ਸਮੂਹ ਦੇ ਮਨਾਂ ਵਿੱਚ ਘਰ ਕਰ ਗਈਆਂ ਸਨ ਲੋਕ ਸਮੂਹ ਇਹਨਾਂ ਨੂੰ ਪ੍ਰਵਾਨਗੀ ਮਿਲ ਗਈ ਸੀ

"ਕਿੱਸੇ ਲੋਕ ਗਥਾਵਾਂ ਤੇ ਆਧਾਰਿਤ ਹੋਣ ਕਰਕੇ ਲੋਕ ਸਾਹਿਤ ਦਾ ਅੰਗ ਹਨ ਸਾਹਿਤ ਅਤੇ ਲੋਕਧਾਰਾ ਦਾ ਆਪਸ ਵਿੱਚ ਅਨਿੱਖੜ ਸੰਬੰਧ ਹੈ"[17]

ਕੋਈ ਵੀ ਸਾਹਿਤਕਾਰ ਦਾ ਰਚੀ ਗਈ ਸਾਹਿਤਕ ਰਚਨਾ ਅਸਲ ਵਿੱਚ ਕਿੱਸੇ ਸੱਭਿਆਚਾਰ ਦੇ ਸਮੂਹ ਤਾਣੇ-ਬਾਣੇ ਦਾ ਪ੍ਰਤੀਬਿੰਬ ਹੁੰਦੀ ਹੈ ਮੱਧਕਾਲੀ ਸਾਹਿਤ ਮੌਖਿਕਤਾ ਦੀ ਕਸਵੱਟੀ ਆਧਾਰਿਤ ਹੋਣ ਕਰਕੇ ਸੱਭਿਆਚਾਰ ਸਾਂਚੇ ਵਿੱਚ ਵਧੇਰੇ ਫਿੱਟ ਹੁੰਦਾ ਨਜ਼ਰ ਆਉਂਦਾ ਹੈ

"ਪਰੰਪਰਾਗਤ ਰੂਪ ਵਿੱਚ ਪ੍ਰਾਪਤ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਨਾਲ ਭਰਪੂਰ ਲੋਕ-ਸਮੂਹ ਦਾ ਉਹ ਗਿਆਨ, ਜਿਸ ਵਿੱਚ ਲੋਕ-ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਵਿੱਚ ਲੋਕ ਸਮੂਹ ਦੀ ਪ੍ਰਵਾਨਗੀ ਦੇ ਕੇ ਪੀੜੀਉ ਪੀੜੀ ਅੱਗੇ ਤੋਰੇ, ਲੋਕਯਾਨ ਹੈ"[18]

ਪੰਜਾਬੀ ਮੱਧਕਾਲੀ ਸਾਹਿਤ ਜਗਤ ਵਿੱਚ ਕਿੱਸਾ ਕਾਵਿ ਕਥਾ ਪ੍ਰਮੁੱਖ ਕਾਵਿ ਰੂਪ ਹੈ ਕਿੱਸੇ ਕਾਵਿ ਲੋਕ ਗਾਥਾਵਾਂ ਤੇ ਆਧਾਰਿਤ ਹੋਣ ਕਰਕੇ ਪੀੜ੍ਹੀ-ਦਰ-ਪੀੜ੍ਹੀ ਚਲਦਾ ਆਇਆ ਹੈ ਸੋ ਪੰਜਾਬੀ ਸੱਭਿਆਚਾਰਕ ਅੰਸ਼ਾਂ ਦੀ ਭਰਮਾਰ ਇਸ ਵਿੱਚ ਆਮ ਦੇਖੀ ਜਾ ਸਕਦੀ ਹੈ

ਪੰਜਾਬੀ ਕਿੱਸਾ ਕਾਵਿ ਵਿੱਚ ਕਾਦਰਯਾਰ ਦੀ ਰਚਨਾ ਵਿੱਚ ਸੱਭਿਆਚਾਰਕ ਅੰਸ਼ਾਂ ਦੀ ਬਹੁਤਾਤ ਦੇਖੀ ਜਾ ਸਕਦੀ ਹੈ ਅਸੀਂ ਦੇਖਦੇ ਹਾਂ ਕਿ ਰਾਜਾ ਦੇ ਘਰ ਪੁੱਤਰ ਦੀ ਪ੍ਰਾਪਤੀ ਮਗਰੋਂ ਇੱਕ ਸੱਭਿਆਚਾਰ ਵਿਸ਼ਵਾਸ ਅਨੁਸਾਰ ਪੰਡਿਤਾਂ ਤੋਂ ਭਗਤ ਪੂਰਨ ਦੀ ਕੁੰਡਲੀ ਤਿਆਰ ਕਰਵਾਈ ਜਾਂਦੀ ਹੈ ਪੰਡਿਤਾਂ ਦੇ ਕਹਿਣ ਤੇ ਸੱਭਿਆਚਾਰਕ ਮਿੱਥ ਅਨੁਸਾਰ ਬਾਰਾਂ ਸਾਲਾਂ ਲਈ ਪੂਰਨ ਭਗਤ ਨੂੰ ਭੋਰੇ ਵਿੱਚ ਪਾ ਦਿੱਤਾ ਜਾਂਦਾ ਹੈ ਅਤੇ ਰਾਜੇ ਸਲਵਾਨ ਨੂੰ ਪੁੱਤਰ ਦੇ ਮੱਥੇ ਲੱਗਣ ਤੋਂ ਸੱਭਿਆਚਾਰਕ ਟੈਬੂ ਅਨੁਸਾਰ ਮਨਾਹੀ ਕੀਤੀ ਜਾਂਦੀ ਹੈ

ਬਾਪ ਜੰਮਦਿਆਂ ਹੀ ਭੋਹਰੇ ਪਾਇਆ ਈ
ਬੇ-ਬਦ ਉਤੇ ਜਿਵੇਂ ਲਿਖਿਆ ਸੀ
ਤਿਵੇਂ ਪੰਡਤਾਂ ਆਖਿ ਸੁਣਾਇ ਦਿੱਤਾ

ਭਾਰਤੀ ਪੁਰਸ਼ ਪ੍ਰਧਾਨ ਸਮਾਜ ਅਨੁਸਾਰ ਰਾਜੇ ਕਈ ਰਾਣੀਆਂ ਰੱਖਦੇ ਸਨ ਉਸ ਪ੍ਰਕਾਰ ਹੀ ਰਾਜਾ ਸਲਵਾਨ ਵੀ ਆਪਣੇ ਮਹਿਲ ਬਹੁਤ ਸੁੰਦਰ ਅਤੇ ਆਪਣੇ ਤੋਂ ਛੋਟੀ ਉਮਰ ਦੀ ਚਮਿਆਰ ਜਾਤੀ ਦੀ ਲੂਣਾ ਨਾਮਕ ਇਸਤਰੀ ਵਿਆਹ ਕੇ ਲਿਆਉਂਦਾ ਹੈ

ਇਕ ਇਸਤਰੀ ਹੋਰ ਵਿਆਹ ਕੇ ਜੀ,
ਉਸ ਦੀ ਜਾਤ ਚਮਿਆਰੀ ਤੇ ਨਾਮ ਲੂਣਾ

ਪੰਜਾਬੀ ਸੱਭਿਆਚਾਰ ਵਿੱਚ ਕਈ ਪ੍ਰਕਾਰ ਦੇ ਵਹਿਮ-ਭਰਮ ਤੇ ਰਸਮਾਂ ਪਾਈਆਂ ਜਾਂਦੀਆਂ ਹਨ ਜਿਸ

---

16 ਡਾ. ਜਗਜੀਵਨ ਸਿੰਘ, ਪੂਰਨ ਭਗਤ ਦੀ ਦੰਤ ਕਥਾ ਅਤੇ ਆਧੁਨਿਕ ਪੰਜਾਬੀ ਚਿੰਤਨ, ਪੰਨਾ-143.

17 ਭਰਤਬੀਰ ਕੌਰ ਸੰਧੂ, ਪੂਰਨ ਭਗਤ ਦੇ ਕਿੱਸੇ ਸੰਵਾਦ ਤੇ ਸਮੀਖਿਆ, ਪੰਨਾ-16.

18 ਕਰਨੈਲ ਸਿੰਘ ਥਿੰਦ (ਸੰਪਾ.), ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ-26

ਵਿੱਚ ਅਕਸਰ ਦਾਨ-ਪੁੰਨ ਕੀਤੇ ਜਾਂਦੇ ਸਨ ਜਦੋਂ ਪੂਰਨ ਬਾਰਾਂ ਪਿਛੋਂ ਭੋਰੇ ਵਿਚੋਂ ਬਾਹਰ ਆਉਂਦਾ ਹੈ ਤਾਂ ਰਾਜਾ ਸਲਵਾਨ ਖੁਸ਼ੀ ਦਾਨ ਪੁੰਨ ਕਰਦਾ ਹੈ

ਗਊਆਂ ਮਣਸੀਆਂ ਤੇ ਪੁੰਨ ਦਾਨ ਕੀਤਾ

ਭਾਰਤੀ ਸਭਿਆਚਾਰ ਵਿੱਚ ਸਮਾਜਿਕ ਮਨੁੱਖ ਲਈ ਵਿਆਹ ਪਰਿਵਾਰਕ ਪੱਖ ਤੋਂ ਅਹਿਮ ਕੜੀ ਦਾ ਕੰਮ ਕਰਦਾ ਹੈ ਇਹ ਮਨੁੱਖ ਦੀ ਸਮਾਜਿਕ ਜਿੰਮੇਵਾਰੀ ਵੀ ਹੈ ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਜਦੋਂ ਭਗਤ ਪੂਰਨ ਆਪਣੀ ਵਿੱਦਿਆ ਪ੍ਰਾਪਤੀ ਮਗਰੋਂ ਬਾਹਰ ਆਉਂਦਾ ਹੈ ਤਾਂ ਉਹ ਰਾਜੇ ਸਲਵਾਨ ਨੂੰ ਮਿਲਣ ਜਾਂਦਾ ਹੈ ਰਾਜਾ ਸਲਵਾਨ ਆਪਣੇ ਮੰਤਰੀ ਨੂੰ ਪੁੱਤਰ ਪੂਰਨ ਦੇ ਵਿਆਹ ਲਈ ਆਖਦਾ ਹੈ

ਪੂਰਨ ਭਗਤ ਦਾ ਢੂੰਡਸਾਂ ਸਾਕ ਯਾਰੋ,
ਜਿੱਥੇ ਚਲ ਢੁਕੀਏ ਦਿਨ ਅਜ ਕੇ ਜੀ

ਪੰਜਾਬੀ ਸੱਭਿਆਚਾਰ ਵਿੱਚ ਮਾਂ-ਪੁੱਤਰ ਦਾ ਰਿਸ਼ਤਾ ਬਹੁਤ ਅਹਿਮ ਸਥਾਨ ਰੱਖਦਾ ਹੈ ਪਰ ਜੇਕਰ ਅਸੀਂ ਸੱਭਿਆਚਾਰ ਦੀਆਂ ਜ਼ਿਆਦਾਤਰ ਲੋਕ ਕਥਾਵਾਂ ਜਾਂ ਲੋਕ ਕਹਾਣੀਆਂ ਦੇਖਦੇ ਹਾਂ ਜਿਨ੍ਹਾਂ ਵਿੱਚ ਮਤਰੇਈ ਮਾਂ ਦਾ ਪਾਤਰ ਅਕਸਰ ਨਕਰਾਤਮਕ ਆਭਾਸ ਵਿਚ ਮਿਲਦਾ ਹੈ ਉਸ ਪ੍ਰਕਾਰ ਹੀ 'ਕਿੱਸਾ ਪੂਰਨ ਭਗਤ' ਵਿੱਚ ਮਤਰੇਈ ਮਾਂ ਲੂਣਾ ਪੂਰਨ ਨੂੰ ਆਪਣਾ ਪੁੱਤਰ ਮੰਨਣ ਤੋਂ ਇਨਕਾਰੀ ਹਮ ਉਮਰ ਕਹਿ ਉਸ ਤੇ ਮੋਹਿਤ ਹੋ ਜਾਂਦੀ ਹੈ ਅਤੇ ਆਪਣੀ ਕਾਮ ਪੂਰਤੀ ਕਰਨਾ ਲੋਚਦੀ ਹੈ ।

ਵੇ ਨਾ ਮੈਂ ਜੰਮਿਆ ਤੇ ਨਾ ਪਾਲਿਆ
ਕਿਤ ਬਿਧ ਧਰਮ ਦੀ ਮਾਂ?
ਵੇ ਮੇਰਿਆ ਹਾਣੀਆਂ ਪੂਰਨਾ

ਜਦੋਂ ਰਾਣੀ ਲੂਣਾ ਪੂਰਨ ਭਗਤ ਤੇ ਚਰਿੱਤਰਹੀਣਤਾ ਦਾ ਦੋਸ਼ ਲਗਾਉਂਦੀ ਹੈ ਅਤੇ ਉਦੋਂ ਕੋਲ ਖੜੀ ਇੱਛਰਾ ਦੀ ਇੱਕ ਵੀ ਨਹੀਂ ਸੁਣੀ ਜਾਂਦੀ ਅਤੇ ਰਾਜਾ ਸਲਵਾਨ ਪੂਰਨ ਭਗਤ ਦੀ ਕਿਸੇ ਵੀ ਗੱਲ ਦਾ ਯਕੀਨ ਨਹੀਂ ਕਰਦਾ ਕਿਉਂਕਿ ਜਾਗੀਰਦਾਰੀ ਸਮਾਜ ਵਿੱਚ ਰਾਜਾ ਹੀ ਸਰਵਕਤੀਸ਼ਾਲੀ ਹੁੰਦਾ ਸੀ ਇਸਤਰੀ ਦੀ ਆਵਾਜ਼ ਅਕਸਰ ਦਬਾ ਦਿੱਤੀ ਜਾਂਦੀ ਹੈ

ਪੰਜਾਬੀ ਸੱਭਿਆਚਾਰ ਵਿੱਚ ਪ੍ਰਮਾਤਮਾ ਦਾ ਸੰਕਲਪ ਵਿਦਮਾਨ ਹੈ ਉਹ ਅਕਸਰ ਸੱਚੇ ਅਤੇ ਉੱਚੇ ਚਰਿੱਤਰ ਵਾਲੇ ਵਿਅਕਤੀ ਦੀ ਮੱਦਦ ਲਈ ਕੋਈ ਨਾ ਕੋਈ ਜਰੀਆ ਬਣਾਉਂਦਾ ਹੈ, ਪੂਰਨ ਭਗਤ ਬਾਰਾਂ ਸਾਲ ਖੂਹ ਵਿੱਚ ਪਿਆ ਰਹਿਣ ਮਗਰੋਂ ਉਸਦੀ ਮੱਦਦ ਲਈ ਯੋਗੀ ਗੋਰਖਨਾਥ ਨੂੰ ਭੇਜਦਾ ਹੈ ਜਿਹੜਾ ਉਸ ਨੂੰ ਖੂਹ ਵਿੱਚੋਂ ਬਾਹਰ ਕੱਢ ਕੇ ਫਿਰ ਠੀਕ ਕਰ ਦਿੰਦਾ ਹੈ

ਪੰਜਾਬੀ ਮੱਧਕਾਲੀ ਸਾਹਿਤ ਵਿੱਚ ਯੋਗੀ ਸ਼ਬਦ ਦੀ ਵਰਤੋਂ ਆਮ ਮਿਲਦੀ ਹੈ ਕਿਉਂਕਿ ਪੰਜਾਬੀ ਸੱਭਿਆਚਾਰ ਵਿੱਚ ਯੋਗੀਆਂ ਨੂੰ ਉੱਚੀ-ਸੁੱਚੀ ਪੱਧਤੀ ਪ੍ਰਾਪਤ ਹੈ ਲੋਕਾਂ ਦਾ ਵਿਸ਼ਵਾਸ ਹੈ ਕਿ ਉਹ ਸਮਾਜਿਕ ਕੁਰੀਤੀਆਂ ਤੋਂ ਦੂਰ ਰਹਿ ਕੇ ਸਿੱਧੀਆਂ ਪ੍ਰਾਪਤ ਕਰਦੇ ਹਨ ਇਸ ਤਰ੍ਹਾਂ ਕਾਦਰਯਾਰ ਰਚਿਤ ਕਿੱਸਾ ਪੂਰਨ ਭਗਤ ਵਿਚ ਵੀ ਪੂਰਨ, ਯੋਗੀ ਗੋਰਖਨਾਥ ਤੋਂ ਪ੍ਰਭਾਵਿਤ ਹੋ ਕੇ ਯੋਗ ਧਾਰਨ ਕਰ ਲੈਂਦਾ ਹੈ

ਜਦੋਂ ਇੱਕ ਵਾਰ ਪੂਰਨ ਰਾਣੀ ਸੁੰਦਰਾ ਦੇ ਮਹਿਲ ਜਾਂਦਾ ਹੈ ਤਾਂ ਉਹ ਪੂਰਨ ਭਗਤ ਤੇ ਮੋਹਿਤ ਹੋ ਜਾਂਦੀ ਹੈ ਪੂਰਨ ਦੀ ਪ੍ਰਾਪਤੀ ਲਈ ਉਹ ਗੋਰਖਨਾਥ ਦੇ ਟਿੱਲੇ ਤੇ ਆ ਜਾਂਦੀ ਹੈ ਸੱਭਿਆਚਾਰਕ ਪਰੰਪਰਾ ਅਨੁਸਾਰ ਗੋਰਖਨਾਥ ਸੇਵਾ ਤੋਂ ਪ੍ਰਭਾਵਿਤ ਹੋ ਕੇ ਰਾਣੀ ਸੁੰਦਰਾਂ ਨੂੰ ਪੂਰਨ ਬਖਸ਼ ਦਿੰਦਾ ਹੈ

ਆਖੇ ਮੰਗ ਬੇਟੀ ਜੋ ਕੁਝ ਮੰਗਣਾ ਹੈ, ਤੇਰਾ ਭਾਉ ਸਾਡੇ ਮਨ ਭਾਇਆ ਸੀ
ਤੁਸਾਂ ਭਾਉ ਪ੍ਰੀਤ ਸੇ ਕਰੀ ਸੇਵਾ, ਮੇਵਾ ਉਸ ਦਾ ਤੁਰੰਤ ਖਵਾਇਆ ਸੀ

ਪਰੰਤੂ ਪੂਰਨ ਭਗਤ ਰਾਣੀ ਸੁੰਦਰਾ ਦੇ ਮਹਿਲ ਤਿਆਗ ਗੋਰਖਨਾਥ ਦੇ ਟਿੱਲੇ ਤੇ ਆ ਜਾਂਦਾ ਹੈ ਉਹ ਯੋਗੀ ਗੋਰਖਨਾਥ ਤੋਂ ਆਗਿਆ ਲੈ ਆਪਣੇ ਦੇਸ ਸਿਆਲਕੋਟ ਆ ਬੈਠਦਾ ਹੈ ਮਿੱਥ ਅਨੁਸਾਰ ਸੁੱਕਾ ਬਾਗ ਹਰਿਆ-ਭਰਿਆ ਹੋ ਜਾਂਦਾ ਹੈ ਲੂਣਾ ਆਪਣੀ ਗਲਤੀ ਲਈ ਸ਼ਰਮਿੰਦਾ ਹੁੰਦੀ ਹੋਈ ਪੂਰਨ ਤੋਂ ਮਾਫੀ ਮੰਗਦੀ ਹੈ, ਪੂਰਨ ਰਾਜਾ ਸਲਵਾਨ ਤੇ ਰਾਣੀ ਲੂਣਾ ਨੂੰ ਵਰ ਦੇ ਕੇ ਪੁੱਤਰ ਦੀ ਦਾਤ ਬਖਸ਼ਦਾ ਹੈ

ਜੇ ਕੋਈ ਪਾਸ ਆਵੇ ਉਹੁ ਮੁਰਾਦ ਪਾਵੇ, ਨਾਮ ਰੱਬ ਦੇ ਅਸ ਪਹਚਾਂਵਦਾ ਈ
ਕਾਦਰਯਾਰ ਜਾਂਦੇ ਦੁੱਖ ਦੋਖੀਆਂ ਦੇ, ਪੂਰਨ ਮੰਨਿਆ ਨੈਨ ਦਿਵਾਵਦਾ ਜੀ

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਕਾਦਰਯਾਰ ਦੀ ਰਚਨਾ ਵਿੱਚ ਪੰਜਾਬੀ ਸੱਭਿਆਚਾਰ ਦੀਆਂ ਉਹ ਸਾਰੀਆਂ ਸਥਿਤੀਆਂ ਬਿਆਨ ਕੀਤੀਆਂ ਗਈਆਂ ਹਨ ਜਿਹੜੀਆਂ ਇੱਕ ਸਮਾਜਕ ਵਿਅਕਤੀ ਹੰਢਾਉਂਦਾ ਹੈ

**ਕਿੱਸਾ ਪੂਰਨ ਭਗਤ ਦਾ ਨੈਤਿਕ ਪੱਖ**

ਕਾਦਰਯਾਰ ਪੰਜਾਬੀ ਕਿੱਸਾ-ਕਾਵਿ ਦੇ ਖੇਤਰ ਦਾ ਇੱਕ ਮਹੱਤਵਪੂਰਨ ਤੇ ਜਿੰਮੇਵਾਰ ਕਿੱਸਾਕਾਰ ਹੈ ਜਿਹੜਾ ਸਮਕਾਲੀ ਕਿੱਸਾ ਕਾਵਿ ਖੇਤਰ ਦੀਆਂ ਪੀੜੀਆਂ ਹੋਈਆਂ ਪਰੰਪਰਾਗਤ ਧਰਾਵਾਂ ਤੋਂ ਜਾਣੂ ਹੁੰਦਿਆਂ ਹੋਇਆਂ ਵੀ ਪੰਜਾਬੀ ਕਿੱਸਾ ਕਾਵਿ ਨੂੰ ਰੁਮਾਂਸਵਾਦ ਦੇ ਘੇਰੇ ਵਿੱਚੋਂ ਕੱਢ ਕੇ ਸਦਾਚਾਰਕ ਤੇ ਨੈਤਿਕਤਾ ਦੇ ਪੱਧਰਾਂ

ਉੱਪਰ ਪੂਰਨ ਭਗਤ ਦੀ ਲੋਕ ਗਾਥਾ ਨੂੰ ਵਧੇਰੇ ਪਰਖਦਾ ਨਜ਼ਰ ਆਉਂਦਾ ਹੈ ਕਾਦਰਯਾਰ ਦੁਆਰਾ ਪੂਰਨ ਭਗਤ ਦੀ ਕਥਾਂ ਨੂੰ ਸ਼ੁਰੂਆਤ ਤੋਂ ਅੰਤ ਤੱਕ ਸਦਾਚਾਰਕ ਪੱਖ ਤੋਂ ਹੀ ਪੇਸ਼ ਕੀਤਾ ਹੈ, ਪੂਰਨ ਭਗਤ ਦਾ ਚਰਿੱਤਰ ਨੈਤਿਕ ਸੰਦਰਭ ਤੋਂ ਉੱਚਾ-ਸੁੱਚਾ ਤੇ ਸੱਚੇ ਆਚਰਣ ਵਾਲਾ ਸਾਹਮਣੇ ਆਉਂਦਾ ਹੈ

"ਪੂਰਨ ਭਗਤ ਦੀ ਦੰਤ-ਕਥਾ ਦਾ ਮੁੱਢਲਾ ਅਤੇ ਪ੍ਰਮਾਣਿਕ ਕਾਵਿ-ਰੁਪਾਂਤਰ ਹੋਣ ਦੇ ਨਾਤੇ ਅਤੇ ਇਸਦੇ ਸਾਡੇ ਲੋਕ-ਮਨਾ, ਵਿਅਕਤਿੱਤਵ ਅਤੇ ਆਚਰਣ-ਵਿਚਰਣ 'ਤੇ ਉਕਰੇ ਡੂੰਘੇ ਅਤੇ ਸਦੀਵੀ ਬਿੰਬਾਤਮਕ ਪ੍ਰਭਾਵ ਦੇ ਪੱਖ ਤੋਂ ਪੂਰਨ ਭਗਤ ਦੀ ਦੰਤ ਕਥਾ ਤੇ ਆਧਾਰਿਤ ਸਮੁੱਚੀ ਸਾਹਿਤ ਪਰੰਪਰਾ ਵਿੱਚ ਕਾਦਰਯਾਰ ਰਚਿਤ ਕਿੱਸਾ ਪੂਰਨ ਭਗਤ ਆਪਣੇ ਨਿਵੇਕਲੇ ਅਤੇ ਗੌਰਵਸ਼ਾਲੀ ਮੁਕਾਮ ਸਥਾਪਿਤ ਕਰਦਾ ਹੈ" [19]

ਇਸ ਕਿੱਸੇ ਨੂੰ ਸੱਭਿਆਚਾਰਕ ਅਤੇ ਨੈਤਿਕ ਪੱਖ ਤੋਂ ਮਹੱਤਵਪੂਰਨ ਥਾਂ ਹੈ ਇਸ ਕਿੱਸੇ ਨੂੰ ਆਮ ਲੋਕਾਂ ਵੱਲੋਂ ਪ੍ਰਮਾਨਤਾ ਦਿੱਤੀ ਗਈ ਹੈ ਇਸ ਨੂੰ ਜੋ ਆਮ ਲੋਕਾਈ ਵੱਲੋਂ ਜੋ ਸੱਭਿਆਚਾਰਕ ਅਤੇ ਨੈਤਿਕ ਪੱਖ ਤੋਂ ਹੁੰਗਾਰਾ ਪ੍ਰਾਪਤ ਹੋਇਆ ਹੈ, ਉਸਦਾ ਮੁੱਖ ਕਾਰਨ ਕਾਦਰਯਾਰ ਦੀ ਆਪਣੇ ਸੱਭਿਆਚਾਰ ਪ੍ਰਤੀ ਡੂੰਘੀ ਜਾਣਕਾਰੀ ਅਤੇ ਸਮੇਂ ਦੀਆਂ ਲੋੜਾਂ ਅਨੁਸਾਰ ਨੈਤਿਕ ਮੁੱਲਾਂ ਦਾ ਰੁਪਾਂਤਰਨ ਹੈ

ਕਿੱਸੇ ਦੀ ਸ਼ੁਰੂਆਤ ਵਿੱਚ ਹੀ ਅਸੀਂ ਦੇਖਦੇ ਹਾਂ ਕਿ ਰਾਜੇ ਸਲਵਾਨ ਦੇ ਘਰ ਪੂਰਨ ਭਗਤ ਦੇ ਜਨਮ ਸਮੇਂ ਹੀ ਪੰਡਤਾਂ ਦੇ ਕਹਿਣ ਅਨੁਸਾਰ ਪੂਰਨ ਭਗਤ ਨੂੰ ਭੋਰੇ ਵਿੱਚ ਬਾਰਾਂ ਸਾਲਾਂ ਲਈ ਪਾ ਦਿੱਤਾ ਜਾਂਦਾ ਹੈ

ਬਾਪ ਜੰਮਦਿਆ ਹੀ ਭੋਹਰੇ ਵਿੱਚ ਪਾਇਆ ਈ
ਬੇ ਬੇਦ ਉਤੇ ਜਿਵੇ ਲਿਖਿਆ ਸੀ
ਤਿਵੇਂ ਪੰਡਤਾਂ ਆਖਿ ਸੁਣਾਇ ਦਿੱਤਾ

ਜਦੋਂ ਬਾਰਾਂ ਵਰਿਆਂ ਮਗਰੋਂ ਪੂਰਨ ਭਗਤ ਭੋਰੇ ਵਿੱਚੋਂ ਬਾਹਰ ਆਉਂਦਾ ਹੈ ਤਾਂ ਉਹ ਰਾਜੇ ਦੇ ਦਰਬਾਰ ਜਾ ਕੇ ਉਸਦੇ ਪੈਰ ਛੂੰਹਦਾ ਹੈ ਜੋ ਸੱਭਿਆਚਾਰਕ ਵਿੱਚ ਨੈਤਿਕਤਾ ਦਾ ਪ੍ਰਤੀਕ ਹੈ ਇਸ ਮਗਰੋਂ ਰਾਜਾ ਆਪਣੇ ਨੈਤਿਕ ਕਰਤੱਵ ਨੂੰ ਸਮਝਦਾ ਹੋਇਆ ਪੁੱਤਰ ਦਾ ਵਿਆਹ ਜਲਦੀ ਤੋਂ ਜਲਦੀ ਕਰਨਾ ਚਾਹੁੰਦਾ ਹੈ ਜਿਸ ਲਈ ਉਹ ਆਪਣੇ ਵਜੀਰਾਂ ਨੂੰ ਆਖਦਾ ਹੈ ਇਸ ਦੇ ਸੰਦਰਭ ਵਿੱਚ ਪੂਰਨ ਭਗਤ ਹੱਥ ਜੋੜ ਕੇ ਆਪਣੇ ਪਿਤਾ ਰਾਜਾ ਸਲਵਾਨ ਅੱਗੇ ਬੇਨਤੀ ਕਰਦਾ ਹੈ

ਹੱਥ ਜੋੜ ਕੇ ਬੇਨਤੀ ਕਰੇ ਪੂਰਨ, ਮੇਰੇ ਕਾਜ ਦਾ ਨਾ ਬੰਦੋਬਸਤ ਚਾਹੀਏ
ਪੰਝੀ ਬਰਸ ਤੋੜੀ ਬ੍ਰਹਮਚਰਜ ਲਿਖਿਆ, ਪਿੱਛੇ ਉਸਦੇ ਫਿਰ ਗ੍ਰਿਹਸਤ ਚਾਹੀਏ

ਪੰਜਾਬੀ ਸੱਭਿਆਚਾਰ ਵਿੱਚ ਮਾਂ ਅਤੇ ਗੁਰੂ ਦਾ ਦਰਜਾ ਬਹੁਤ ਉੱਚਾ ਹੈ ਰਾਜੇ ਸਲਵਾਨ ਨੂੰ ਮਿਲਨ ਤੋਂ ਮਗਰੋਂ ਪੂਰਨ ਭਗਤ ਰਾਜੇ ਦੀਆਂ ਰਾਣੀਆਂ ਅਤੇ ਆਪਣੀ ਮਾਂ ਇੱਛਰਾ ਨੂੰ ਮਿਲਣ ਜਾਂਦਾ ਹੈ ਏਥੇ ਵੀ ਰਾਜਾ ਦੇ ਦਿੱਤੇ ਹੁਕਮ ਵਿੱਚ ਪੂਰਨ ਭਗਤ ਲਈ ਨੈਤਿਕਤਾ ਦਾ ਪੱਖ ਸਾਹਮਣੇ ਆਉਂਦਾ ਹੈ

ਜਾਹ ਬਚੇ, ਹੁਣ ਆਪਣੀ ਮਾਵਾਂ ਨੂੰ ਮਿਲ ਆ,
ਪਹਿਲਾ ਲੂਣਾ ਦੇ ਮਹਿਲ ਵਿਚ ਜਾਵੀਂ ਤੇ ਫਿਰ ਇੱਛਰਾ ਦੇ,
ਤੇ ਦੋਹਾਂ ਨੂੰ ਪ੍ਰਣਾਮ ਕਰ ਆ

ਪੂਰਨ ਭਗਤ ਰਾਜੇ ਦੇ ਹੁਕਮ ਨੂੰ ਆਪਣੀ ਨੈਤਿਕ ਫਰਜ਼ ਸਮਝਦਾ ਹੋਇਆ ਰਾਜੇ ਦੀ ਸਭ ਤੋਂ ਪਿਆਰੀ ਰਾਣੀ ਲੂਣਾ ਦੇ ਮਹਿਲ ਮਿਲਣ ਜਾਂਦਾ ਹੈ ਲੂਣਾ ਨੂੰ ਹੱਥ ਜੋੜ ਕੇ ਪ੍ਰਣਾਮ ਕਰਦਾ ਹੈ ਪਰ ਰਾਣੀ ਲੂਣਾ ਭਗਤ ਪੂਰਨ ਦੀ ਸੁੰਦਰਤਾ ਦੇਖ ਡੋਲ ਜਾਂਦੀ ਹੈ ਉਹ ਮਾਂ ਦੇ ਨੂੰ ਧਰਮ ਭੁੱਲ ਜਾਂਦੀ ਹੈ ਅਅਅਅਤੇ ਪੂਰਨ ਤੋਂ ਆਪਣੀ ਕਾਮੁਕ ਭੁੱਖ ਪੂਰੀ ਕਰਨਾ ਚਹੁੰਦੀ ਹੈ ਲੂਣਾ ਪੂਰਨ ਦੀ ਮਾਂ ਹੋਣ ਦਾ ਦਰਜਾ ਨਕਾਰਦੀ ਹੋਈ ਆਖਦੀ ਹੈ

ਵੇ ਨਾ ਮੈਂ ਜੰਮਿਆ ਤੇ ਨਾ ਪਾਲਿਆ
ਕਿਤ ਬਿਧ ਧਰਮ ਦੀ ਮਾਂ ?
ਵੇ ਮੇਰਿਅ ਹਾਣੀਆ ਪੂਰਨ

ਪਰ ਪੂਰਨ ਭਗਤ ਲੂਣਾ ਨੂੰ ਆਪਣੀ ਧਰਮ ਦੀ ਮਾਂ ਸਮਝਦਾ ਹੋਇਆ ਨਰਕਾਂ ਦਾ ਡਰ ਦਿੰਦਾ ਹੈ ਅਤੇ ਨੈਤਿਕ ਮੁੱਲ ਤੋਂ ਖੜੇ ਰਹਿਣ ਲਈ ਆਖਦਾ ਹੈ

ਮਾਵਾਂ ਪੁੱਤਰਾਂ ਦੀ ਜੇ ਇਹ ਬਾਤ ਹੋਵੇ, ਦੋਜਖ ਵਿਚ ਸੜਦੇ ਦੇ ਵੈ ਉਤ ਮਾਈ
ਉਹਦਾ ਲੋਕ ਪਰਲੋਕ ਨਾ ਭਲਾ ਹੋਵੇ, ਧਰਮ ਛੱਡ ਕੇ ਮਰੇ ਕਮੂਤ ਮਾਈ

ਲੂਣਾ ਦੇ ਦੱਸੇ ਅਨੁਸਾਰ ਜਦੋਂ ਰਾਜਾ ਸਲਵਾਨ ਨੂੰ ਇਹ ਪਤਾ ਲੱਗਦਾ ਹੈ ਕਿ ਪੂਰਨ ਰਾਣੀ ਲੂਣਾ ਪ੍ਰਤੀ ਪੁੱਤਰ ਦੀ ਭਾਵਨਾ ਨਹੀਂ ਰੱਖਦਾ ਤਾਂ ਰਾਜਾ ਆਪਣੇ ਸੈਨਿਕਾ ਨੂੰ ਪੂਰਨ ਨੂੰ ਮਾਰ ਕੇ ਜੰਗਲ ਵਿਚ ਸੁੱਟ ਆਉਣ ਦਾ ਹੁਕਮ ਦਿੰਦਾ ਹੈ ਪੂਰਨ ਰਾਜੇ ਦਾ ਹੁਕਮ ਕਬੂਲ ਕਰਦਾ ਸੈਨਿਕਾ ਨਾਲ ਤੁਰ ਪੈਂਦਾ ਹੈ ਕਿੱਸਾਕਾਰਾਂ ਦੇ ਦੱਸੇ ਅਨੁਸਾਰ ਲੂਣਾ ਉਸ ਸਮੇਂ ਵੀ ਰਸਤੇ ਵਿੱਚ ਪੂਰਨ ਲਈ ਇੱਕ ਚਿੱਠੀ ਭੇਜਦੀ ਹੈ ਜਿਸ ਵਿੱਚ ਰਾਣੀ ਲੂਣਾ ਪੂਰਨ

---

19 ਡਾ. ਜਗਜੀਵਨ ਸਿੰਘ, ਪੂਰਨ ਭਗਤ ਦੀ ਦੰਤ ਕਥਾ ਅਤੇ ਆਧੁਨਿਕ ਪੰਜਾਬੀ ਚਿੰਤਨ, ਪੰਨਾ-143.

ਭਗਤ ਨੂੰ ਆਪਣੀ ਸਰਤ ਮੰਨ ਜਾਣ ਤੇ ਇਹ ਆਖਦੀ ਹੈ ਕਿ ਉਹ ਰਾਜੇ ਦੇ ਕਹਿਰ ਤੋਂ ਉਸਨੂੰ ਬਚਾ ਲਵੇਗੀ, ਪਰ ਪੂਰਨ ਭਗਤ ਆਪਣੇ ਸੱਤ ਤੇ ਕਾਇਮ ਰਹਿੰਦਾ ਹੈ ਰਾਣੀ ਆਖਦੀ ਹੈ

ਜੁਆਦ ਜਾਮਨੀ ਦੇ ਛੁਡਾਵਣੀ ਹਾਂ, ਲੂਣਾ ਲਿਖਕ ਕੇ ਭੇਜਿਆ ਪੱਤ ਚੋਰੀ
ਪੁੱਤਰ ਬਣਨ ਨਾਲੋਂ ਮੇਰਾ ਪੂਰਨ ਵੇ, ਦੇਖ ਕਰੀ ਮੈਂ ਦਿੱਤੀ ਆ ਮਾਉ ਲੋਰੀ

ਰਾਜੇ ਦੇ ਹੁਕਮ ਅਨੁਸਾਰ ਪੂਰਨ ਨੂੰ ਮਾਰਨ ਦੀ ਬਜਾਇ ਉਸ ਦੇ ਹੱਥ ਪੈਰ ਕੱਟ ਕੇ ਖੂਹ ਵਿੱਚ ਸੁੱਟ ਦਿੱਤੇ ਜਾਂਦੇ ਹਨ ਬਾਰਾਂ ਸਾਲਾਂ ਮਗਰੋਂ ਯੋਗੀ ਗੋਰਖਨਾਥ ਉਸਨੂੰ ਖੂਹ ਵਿਚੋਂ ਕੱਢ ਕੇ ਪਾਣੀ ਦਾ ਛਿੱਟਾ ਮਾਰ ਮੰਤਰ ਪੜ੍ਹਨ ਉਪਰੰਤ ਸਾਬਤ ਸੂਰਤ ਕਰ ਦਿੰਦਾ ਹੈ

ਪੂਰਨ ਭਗਤ ਗੋਰਖਨਾਥ ਦੇ ਟਿੱਲੇ ਦਾ ਯੋਗੀ ਬਣ ਜਾਂਦਾ ਹੈ ਕੰਨ ਪੜਵਾ ਕੇ ਮੁੰਦਰਾ ਪਾ ਲੈਂਦਾ ਹੈ ਗੁਰੂ ਗੋਰਖਨਾਥ ਦੇ ਹੁਕਮ ਅਨੁਸਾਰ ਉਹ ਰਾਣੀ ਸੁੰਦਰਾ ਦੇ ਮਹਿਲ ਵਿੱਚ ਮੰਗਣ ਜਾਂਦਾ ਹੈ ਰਾਣੀ ਸੁੰਦਰਾ ਉਸ ਤੇ ਮੋਹਿਤ ਹੋ ਜਾਂਦੀ ਹੈ ਪਰ ਪੂਰਨ ਭਗਤ ਉਸ ਦੀ ਇੱਕ ਵੀ ਨਹੀਂ ਮੰਨਦਾ ਰਾਣੀ ਸੁੰਦਰਾ ਇੱਕ ਰੋਜ ਗੋਰਖਨਾਥ ਦੇ ਟਿੱਲੇ ਤੇ ਆਉਂਦੀ ਹੈ ਉਸਦੀ ਸੁੰਦਰਤਾ ਦੇਖ ਸਾਰੇ ਯੋਗੀਆਂ ਦਾ ਯੋਗ ਭੰਗ ਹੁੰਦਾ ਜਾਪਦਾ ਹੈ ਪਰ ਨੈਤਿਕਤਾ ਤੇ ਸਿਰੜਤਾ ਦੀ ਮੂਰਤ ਪੂਰਨ ਭਗਤ ਤੇ ਕੋਈ ਅਸਰ ਨਹੀਂ ਹੁੰਦਾ

ਗੁਰੂ ਨਾਥ ਤੇ ਪੂਰਨ ਰਹੇ ਸਾਬਤ
ਹੋਰ ਡੋਲਿਆ ਸਿੱਧਾ ਦਾ ਸਭ ਡੇਰਾ

ਇਸ ਮਗਰੋਂ ਰਾਣੀ ਸੁੰਦਰਾ ਦੀ ਸੇਵਾ ਅਤੇ ਭਗਤੀ ਤੋਂ ਯੋਗੀ ਗੋਰਖਨਾਥ ਬਹੁਤ ਪ੍ਰਸੰਨ ਹੁੰਦਾ ਹੈ ਤੇ ਭਗਤ ਪੂਰਨ ਨੂੰ ਰਾਣੀ ਸੁੰਦਰਾਂ ਇੱਛਾ ਅਨੁਸਾਰ ਦਾਨ ਕਰ ਦਿੱਤਾ ਹੈ ਪਰ ਪੂਰਨ ਕੁਝ ਦਿਨਾਂ ਮਗਰੋਂ ਮਹਿਲ ਤਿਆਗ ਕੇ ਗੋਰਖਨਾਥ ਦੇ ਟਿੱਲੇ ਤੇ ਆ ਜਾਂਦਾ ਹੈ ਜਿਸ ਦੇ ਦੁੱਖ ਵਿੱਚ ਰਾਣੀ ਸੁੰਦਰਾ ਮਹਿਲ ਤੋਂ ਛਾਲ ਮਾਰ ਕੇ ਮਰ ਜਾਂਦੀ ਹੈ

ਇਸ ਮਗਰੋਂ ਗੁਰੂ ਦੇ ਹੁਕਮਾਂ ਅਨੁਸਾਰ ਪੂਰਨ ਭਗਤ ਆਪਣੇ ਦੇਸ਼ ਸਿਆਲਕੋਟ ਦੇ ਵੈਰਾਨ ਬਾਗ ਵਿੱਚ ਜਾ ਕੇ ਡੇਰਾ ਲਾਉਂਦਾ ਹੈ ਜਿਸ ਕਰਕੇ ਸੁੱਕਿਆ ਬਾਗ ਵੀ ਹਰਾ ਹੋ ਜਾਂਦਾ ਹੈ ਰਾਜਾ ਸਲਵਾਨ ਤੇ ਉਸਦੀ ਪਤਨੀ ਲੂਣਾ ਬਾਗ ਵਿੱਚ ਮਿਲਣ ਆਉਂਦੇ ਹਨ, ਪਰ ਪੂਰਨ ਉਹਨਾਂ ਦਾ ਉੱਠ ਸਵਾਗਤ ਕਰਦਾ ਹੈ

ਰਾਜੇ ਸਲਵਾਨ ਦੇ ਪੁੱਤਰ ਦੀ ਮੁਰਾਦ ਮੰਗਣ ਤੇ ਭਗਤ ਪੂਰਨ ਦੱਸਦਾ ਹੈ ਕਿ ਤੁਹਾਡੇ ਘਰ ਅੱਗੇ ਵੀ ਇੱਕ ਪੁੱਤਰ ਹੋਇਆ ਸੀ, ਜੋ ਬੇ-ਦੋਸਾ ਮਾਰਿਆ ਹੈ, ਰਾਣੀ ਲੂਣਾ ਵੀ ਆਪਣੀ ਗਲਤੀ ਮੰਨਦੀ ਹੈ ਰਾਜਾ ਕ੍ਰੋਧਿਤ ਹੁੰਦਾ ਹੈ ਪਰ ਪੂਰਨ ਭਗਤ ਨੈਤਿਕਤਾ ਪੇਸ਼ ਕਰਦਾ ਆਖਦਾ ਹੈ

ਪੂਰਨ ਆਖੇ, ਸੁਣੋ ਪਿਤਾ ਜੀ, ਜੋ ਬਿਧ ਲੇਖ ਲਿਆਏ,
ਹੋਣੀ ਹਾਰ ਮਿਟੇ ਨ ਹਰਗਿਜ਼ ਪੇਸ਼ ਨਾ ਕੋਈ ਜਾਏ

ਇਸ ਮਗਰੋਂ ਪੂਰਨ ਭਗਤ ਰਾਜੇ ਸਲਵਾਨ ਨੂੰ ਚਾਵਲ ਦਾ ਦਾਣਾ ਦਿੰਦਾ ਹੋਇਆ ਆਖਦਾ ਹੈ ਕਿ ਉਸ ਦੇ ਘਰ ਵੀ ਰਾਜਾ ਰਸਾਲੂ ਨਾ ਦਾ ਮਹਾਨ ਯੋਧਾ ਪੁੱਤਰ ਪੈਦਾ ਹੋਵੇਗਾ, ਜੋ ਰਾਜਾ ਰਸਾਲੂ ਦੇ ਨਾਂ ਨਾਲ ਜਾਣਿਆ ਜਾਵੇਗਾ ਭਗਤ ਪੂਰਨ ਆਪਣੀ ਮਾਂ ਇੱਛਰਾ ਨੂੰ ਮਿਲਣ ਮਗਰੋਂ ਫਿਰ ਗੋਰਖਨਾਥ ਦੇ ਟਿੱਲੇ ਵੱਲ ਮੁੜ ਪੈਂਦਾ ਹੈ

**ਕਿੱਸਾ ਪੂਰਨ ਭਗਤ ਦਾ ਸਮਾਜਿਕ ਪੱਖ**

ਪੰਜਾਬੀ ਸੱਭਿਆਚਾਰ ਦੇ ਸਮਾਜਿਕ ਪੱਖ ਨੂੰ ਗਹੁ ਨਾ ਦੇਖਿਆ ਜਾਵੇ ਤਾਂ ਕਿੱਸਾ ਕਾਵਿ ਦੀਆਂ ਲਗਭਗ ਸਾਰੀਆਂ ਕਹਾਣੀਆਂ ਜਾਂ ਕਥਾਵਾਂ, ਮੱਧਕਾਲੀ ਰਜਵਾੜਾ ਜਾਂ ਜਗੀਰਦਾਰੀ ਪਰਿਵਾਰਾਂ ਨਾਲ ਸੰਬੰਧਤ ਹਨ ਮੱਧਕਾਲ ਵਿੱਚ ਸਾਰੀਆਂ ਕਹਾਣੀਆਂ ਪੁਰਸ਼ ਪਾਤਰਾਂ ਆਲੇ-ਦੁਆਲੇ ਘੁੰਮਦੀਆਂ ਸਨ ਇਸਤਰੀ ਪਾਤਰਾਂ ਨੂੰ ਮਰਦ ਪ੍ਰਧਾਨ ਸਮਾਜ ਵਿੱਚ ਪੁਰਸ਼ਾਂ ਦੇ ਅਧੀਨ ਰਹਿਣਾ ਪੈਂਦਾ ਸੀ ਇਹ ਪੁਰਸ਼ ਪ੍ਰਧਾਨ ਸਮਾਜ ਹੋਣ ਕਰਕੇ ਇਸਤਰੀਆਂ ਨੂੰ ਆਪਣੀ ਮਨ ਮਰਜੀ ਕਰਨ ਦੀ ਖੁੱਲ੍ਹ ਨਹੀ ਸੀ

ਪੰਜਾਬੀ ਕਿੱਸਾ ਕਾਵਿ ਵਿੱਚ ਕਾਦਰਯਾਰ ਦੁਆਰਾ ਰਚਿਤ ਕਿੱਸਾ ਪੂਰਨ ਵਿੱਚ ਵੀ ਰਜਵਾੜਾ ਸ਼ਾਹੀ ਕਦਰਾਂ-ਕੀਮਤਾਂ ਸਾਹਮਣੇ ਆਉਂਦੀਆਂ ਹਨ ਪੁਰਸ਼ ਪ੍ਰਧਾਨ ਹੋਣ ਕਰਕੇ, ਸਾਰੀਆਂ ਸ਼ਕਤੀਆਂ ਰਾਜੇ ਕੋਲ ਹੋਣ ਕਰਕੇ ਪੂਰਨ ਤੋਂ ਲੈ ਕੇ ਰਾਣੀ ਇੱਛਰਾ ਤੇ ਰਾਣੀ ਲੂਣਾ ਵੀ ਸੰਤਾਪ ਭੋਗਦੇ ਹਨ ਰਾਣੀ ਲੂਣਾ ਵੀ ਪੁਰਸ਼ ਪ੍ਰਧਾਨ ਸਮਾਜ ਵਿੱਚ ਅਣਜੋੜ ਵਿਆਹ ਦਾ ਸੰਤਾਪ ਭੋਗਦੀ ਨਜ਼ਰ ਆਉਂਦੀ ਹੈ

ਕਿੱਸਾ ਪੂਰਨ ਭਗਤ ਵਿੱਚ ਅਸੀਂ ਦੇਖਦੇ ਹਾਂ ਕਿ ਰਾਜਾ ਵੀ ਸਮਾਜਿਕ ਕਦਰਾਂ-ਕੀਮਤਾਂ ਦੀ ਹਾਮੀ ਭਰਦਾ ਹੈ ਜਦੋਂ ਰਾਜਾ ਦੇ ਘਰ ਪੁੱਤਰ ਹੁੰਦਾ ਹੈ ਤਾਂ ਉਹ ਵਿਸ਼ਵਾਸ ਅਨੁਸਾਰ ਪੰਡਤਾਂ ਤੋਂ ਪੂਰਨ ਭਗਤ ਦੀ ਕੁੰਡਲੀ ਤਿਆਰ ਕਰਵਾਉਂਦਾ ਹੈ ਉਹਨਾਂ ਦੇ ਦੱਸੇ ਅਨੁਸਾਰ ਭਗਤ ਨੂੰ ਬਾਰਾਂ ਸਾਲਾਂ ਤੱਕ ਭੋਰੇ ਵਿੱਚ ਪਾਉਂਦਾ ਹੈ ਅਤੇ ਉਸਦੇ ਮੱਥੇ ਲੱਗਣ ਤੋਂ ਬੱਚਦਾ ਹੈ

ਜਦੋਂ ਪੂਰਨ ਭਗਤ ਬਾਰਾਂ ਸਾਲਾਂ ਭੋਰੇ ਵਿਚ ਰਹਿਣ ਮਗਰੋਂ ਰਾਜੇ ਨੂੰ ਮਿਲਣਾ ਜਾਂਦਾ ਹੈ ਰਾਜਾ ਸਲਵਾਨ ਇੱਕ ਸਮਾਜਿਕ ਪੱਖ ਤੋਂ ਪੁੱਤਰ ਦਾ ਪਿਉ ਵੀ ਹੈ, ਇਸ ਲਈ ਉਹ ਆਪਣੇ ਵਜੀਰ ਨੂੰ ਭਗਤ ਪੂਰਨ ਲਈ ਸੁੰਦਰ ਰਾਜਕੁਮਾਰੀ ਦੀ ਭਾਲ ਆਖਦਾ ਹੈ

ਬਾਰਾਂ ਬਰਸ ਦਾ ਕੰਵਰ ਜਵਾਨ ਮੇਰਾ, ਦਿਨੋ ਦਿਨ ਇਕਬਾਲ ਬੁਲੰਦ ਹੋਇਆ
ਖਾਨਦਾਨ ਕੋਈ ਆਦਿ ਘਰ ਹੋਵੇ, ਸਾਨੂੰ ਉਸਦਾ ਸਾਕ ਪਸੰਦ ਹੋਇਆ
ਸਾਦੀ ਕੀਜੀਏ ਬੀਜੀਏ ਜੱਸ ਦੁਨੀਆ

ਪੰਜਾਬੀ ਕਿੱਸਾਕਾਰੀ ਦੇ ਵਿੱਚ ਕਿੱਸਾ ਪੂਰਨ ਭਗਤ ਵਿੱਚ ਸਾਡੇ ਸਮਾਜ ਵਿਚਲੀ ਸ਼ੋਕਣ ਹੋਣ ਦੀ ਵਿਡੰਬਣਾ ਵੀ ਪੇਸ਼ ਕੀਤੀ ਇੱਥੇ ਇੱਛਰਾ ਦੀ ਸੌਕਣ ਲੂਣਾ ਹੈ ਜਿਹੜੀ ਰਾਜੇ ਤੋਂ ਘੱਟ ਉਮਰ ਦੀ ਹੋਣ ਕਰਕੇ ਉਸ ਦੇ ਪੁੱਤਰ ਪੂਰਨ ਭਗਤ ਤੇ ਮੋਹਿਤ ਹੋ ਜਾਂਦੀ ਹੈ ਪਰ ਪੂਰਨ ਉਸਦੀਆਂ ਗੱਲਾਂ ਵਿੱਚ ਨਾ ਆਉਣ ਕਰਕੇ ਉਹ ਰਾਜੇ ਸਲਵਾਨ ਨੂੰ ਪੂਰਨ ਵਿਰੁੱਧ ਭੜਕਾਉਂਦੀ ਹੋਈ ਝੂਠੀ ਤੋਂਹਮਤ ਲਗਾ ਕੇ ਰਾਜੇ ਤੋਂ ਮਰਵਾਉਣ ਦਾ ਹੁਕਮ ਦਵਾਉਂਦੀ ਹੈ

ਮੱਧਕਾਲੀ ਸਮਾਜ ਇੱਕ ਜਾਗੀਰਦਾਰੀ ਜਾਂ ਰਜਵਾੜਾਸ਼ਾਹੀ ਸਮਾਜ ਹੋਣ ਕਰਕੇ ਔਰਤ ਦੀ ਕੋਈ ਵੀ ਸੁਣਵਾਈ ਨਹੀਂ ਸੀ ਰਾਣੀ ਇੱਛਰਾ ਇਹ ਵੀ ਜਾਣਦੀ ਸੀ ਕਿ ਉਸਦਾ ਪੁੱਤਰ ਪੂਰਨ ਭਗਤ ਦਾ ਕੋਈ ਵੀ ਗੁਨਾਹ ਨਹੀਂ ਹੈ ਪਰ ਪੁਰਸ਼ ਪ੍ਰਧਾਨ ਸਮਾਜ ਹੋਣ ਕਰਕੇ ਉਸ ਦੀ ਕੋਈ ਸੁਣਵਾਈ ਨਹੀਂ ਹੁੰਦੀ ਰਾਜਾ ਪੂਰਨ ਨੂੰ ਮਾਰ ਕੇ ਜੰਗਲ ਵਿੱਚ ਸੁੱਟ ਆਉਣ ਲਈ ਸਿਪਾਹੀਆਂ ਨੂੰ ਹੁਕਮ ਦਿੰਦਾ ਹੈ

ਪੰਜਾਬੀ ਸਮਾਜ ਵਿੱਚ ਯੋਗੀਆਂ ਦੀ ਪੱਧਤੀ ਵੀ ਬਹੁਤ ਉੱਚੀ ਹੈ ਜਦੋਂ ਪੂਰਨ ਭਗਤ ਨੂੰ ਗੋਰਖਨਾਥ ਯੋਗੀ ਦੁਆਰਾ ਖੂਹ ਵਿਚੋਂ ਬਾਹਰ ਕੱਢਿਆ ਜਾਂਦਾ ਹੈ ਤਾਂ ਗੋਰਖਨਾਥ ਪੂਰਨ ਭਗਤ ਨੂੰ ਮੰਤਰ ਸ਼ਕਤੀ ਰਾਹੀਂ ਠੀਕ ਕਰ ਦਿੰਦਾ ਹੈ ਇਸ ਤੋਂ ਪ੍ਰਭਾਵਿਤ ਹੋ ਕੇ ਭਗਤ ਪੂਰਨ ਯੋਗ ਧਾਰਨ ਕਰ ਲੈਂਦਾ ਹੈ

ਗੁਰੂ ਪਕੜ ਕੇ ਸੀਸ ਤੋਂ ਲਿੱਟ ਕਤਰੀ, ਕੰਨ ਪਾੜ ਕੇ ਮੁੰਦਰਾ ਪਾਵਦਾ ਏ
ਗੇਰੀ ਰੰਗ ਪੁਸ਼ਾਕੀਆਂ ਖੋਲ੍ਹ ਬੁਚਕੇ, ਹੱਥੀ ਆਪਣੀ ਨਾਥ ਪਹਿਨਾਵਦਾ ਏ

ਯੋਗ ਧਾਰਨ ਮਗਰੋਂ ਭਗਤ ਪੂਰਨ ਦੁਆਰਾ ਰਾਣੀ ਸੁੰਦਰਾ ਤੋਂ ਲੈ ਕੇ ਲੂਣਾ ਦਾ ਸੱਚ ਰਾਜੇ ਨੂੰ ਜਾਹਰ ਕਰਨ ਤੱਕ ਸਮਾਜਿਕ ਸੰਦਰਭ ਸਿਰੜਤਾ ਵਾਲੀ ਭੂਮਿਕਾ ਨਿਭਾਉਂਦਾ ਹੈ ਉਹ ਯੋਗ ਤਿਆਗ ਕੇ ਰਾਣੀ ਸੁੰਦਰਤਾ ਨਾਲ ਗ੍ਰਹਿਸਤੀ ਜੀਵਨ ਵਿੱਚ ਨਹੀਂ ਪੈਂਦਾ ਅਤੇ ਲੂਣਾ ਦੀ ਸੱਚਾਈ ਸਾਹਮਣੇ ਆਉਣ ਤੇ ਕ੍ਰੋਧਿਤ ਰਾਜੇ ਨੂੰ ਭਾਣਾ ਮੰਨਣ ਲਈ ਕਹਿੰਦਾ ਹੋਇਆ ਸਜਾ ਦੇਣ ਤੋਂ ਰੋਕਦਾ ਹੈ ਅੰਤ ਆਪਣੀ ਮਾਤਾ ਇੱਛਰਾ ਨੂੰ ਮਿਲ ਮੁੜ ਗੋਰਖਨਾਥ ਦੇ ਟਿੱਲੇ ਤੇ ਆ ਜਾਂਦਾ ਹੈ

**ਪਾਠ ਨੰਬਰ : 2.8** **ਚਰਨਜੀਤ ਕੌਰ (ਰਿਸਰਚ ਸਕਾਲਰ)**

# ਕਾਦਰਯਾਰ ਰਚਿਤ ਪੂਰਨ ਭਗਤ ਦੀਆਂ ਕਲਾਤਮਕ ਜੁਗਤਾਂ

ਕਾਦਰਯਾਰ ਦੀ ਰਚਨਾ 'ਪੂਰਨ ਭਗਤ' ਸਾਹਿਤਕ ਅਤੇ ਕਲਾਤਮਕ ਪੱਖ ਤੋਂ ਉਨ੍ਹਾਂ ਸਾਰੀਆਂ ਖੂਬੀਆਂ ਦੀ ਧਾਰਣੀ ਹੈ ਜੋ ਇੱਕ ਉਤਕ੍ਰਿਸ਼ੱਟ ਰਚਨਾ ਵਿੱਚ ਹੋਣੀ ਚਾਹੀਦੀ ਹੈ ਕਾਦਰਯਾਰ ਆਪਣੇ ਸਮੇਂ ਦਾ ਇੱਕ ਪ੍ਰਤੀਨਿਧ ਕਵੀ ਹੈ ਕਾਦਰਯਾਰ ਦੀ ਰਚਨਾ ਦਾ ਸਿਰਫ਼ ਵਿਸ਼ੇ ਪੱਖ ਤੋਂ ਮਜ਼ਬੂਤ ਹੈ ਸਗੋਂ ਕਲਾਤਮਕ ਪੱਖ ਤੋਂ ਵੀ ਖ਼ਾਸ ਮਹੱਤਤਾ ਰੱਖਦੀ ਹੈ ਕਿੱਸਾ ਪੂਰਨ ਭਗਤ ਰਚਨਾ ਦੀਆਂ ਕਲਾਤਮਕ ਜੁਗਤਾਂ ਇਸ ਪ੍ਰਕਾਰ ਦ੍ਰਿਸ਼ਟੀਗੋਚਰ ਹੁੰਦੀਆਂ ਹਨ:

**ਪੂਰਨ ਭਗਤ ਦੀ ਕਥਾ ਤੇ ਉਸਦਾ ਪਿਛਕੋੜ:**

ਕਾਦਰਯਾਰ ਨੇ ਪੂਰਨ ਭਗਤ ਦੀ ਦੰਤ ਕਥਾ ਨੂੰ ਕਿੱਸੇ ਦੇ ਰੂਪ ਵਿੱਚ ਰਚ ਕੇ ਪੰਜਾਬੀ ਸਾਹਿਤ ਦਾ ਅੰਗ ਬਣਾਇਆ ਹੈ ਪਰੰਤੂ ਪੂਰਨ ਭਗਤ ਦੀ ਕਥਾ ਇਤਿਹਾਸਕ ਅਤੇ ਮਿਥਿਹਾਸਕ ਹੋਣ ਸੰਬੰਧੀ ਵਾਦ-ਵਿਵਾਦ ਸਦਾ ਚਲਦਾ ਰਿਹਾ ਹੈ

"ਦਸਮ ਗ੍ਰੰਥ (1967 ਈ.) ਵਿੱਚ ਕਾਫ਼ੀ ਕਥਾਵਾਂ ਬੁਨਿਆਦੀ ਰੂਪ ਵਿੱਚ ਮਿਲਦੀਆਂ ਹਨ ਫਿਰ ਭਾਈ ਗੁਰਦਾਸ ਨੇ ਵੀ ਆਪਣੀ 'ਸਤਾਇਵੀਂ ਵਾਰ' ਵਿੱਚ ਇਨ੍ਹਾਂ ਵਿਚੋਂ ਕੁੱਝ ਬਾਰੇ ਸੰਕੇਤ ਮਾਤਰ ਜ਼ਿਕਰ ਕੀਤਾ ਹੈ ਜਦੋਂ ਕਿ ਤ੍ਰੀਆਂ ਚਰਿੱਤਰ ਵਿੱਚ ਇਨ੍ਹਾਂ ਕਥਾਵਾਂ ਦਾ ਸਿਖ਼ਰ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪੂਰਨ ਦੀ ਕਥਾ ਨਾ ਤਾਂ ਦਸਮ ਗ੍ਰੰਥ ਵਿੱਚ ਹੈ (ਜਦ ਕਿ ਰਾਜਾ ਸਲਵਾਨ ਤੇ ਰਸਾਲੂ ਬਾਰੇ ਜ਼ਿਕਰ ਮਿਲਦਾ ਹੈ) ਤੇ ਨਾ ਕਿਸੇ ਹੋਰ ਦਾ ਕਾਦਰਯਾਰ ਤੋਂ ਪਹਿਲਾਂ ਦਾ ਲਿਖਿਆ ਕੋਈ ਕਿੱਸਾ ਸਾਡੇ ਤੀਕ ਪੁੱਜਾ ਹੈ"[20]

ਇਸ ਤਰ੍ਹਾਂ ਵਿਦਵਾਨਾਂ ਵਿੱਚ ਇਸ ਕਥਾ ਦੀ ਇਤਿਹਾਸਕਤਾ/ਮਿਥਿਹਾਸਕਤਾ ਸਬੰਧੀ ਸੰਵਾਦ ਬਣਿਆ ਰਿਹਾ ਹੈ ਪੂਰਨ ਭਗਤ ਨੂੰ ਕਈ ਵਿਦਵਾਨਾਂ ਨੇ ਯੋਗੀ ਚੌਰੰਗੀ ਨਾਥ ਮੰਨਿਆ ਹੈ

"ਪੂਰਨ, ਜਿਸ ਨੂੰ ਪੂਰਨ ਭਗਤ, ਪੂਰਨ ਨਾਥ ਜਾਂ ਯੋਗੀ ਪੂਰਨ ਆਦਿ ਭਾਵਾਂ ਨਾਲ ਵੀ ਸੱਦਿਆ ਜਾਂਦਾ ਹੈ, ਯੋਗੀ ਬਣਨ ਤੋਂ ਪਿੱਛੋਂ ਦਾ ਨਾਂ ਚੌਰੰਗੀ ਨਾਥ ਚਤੁਰੰਗੀ ਨਾਥ ਜਾਂ ਯੋਗੀ ਚੌਰੰਗੀ ਹੈ ਇਸ ਦਾ ਸਮਾਂ 970 ਤੋਂ 1070 ਈ. ਤੱਕ ਦਾ ਹੈ.... ਪੱਟੀ ਜਿਲ੍ਹਾ ਅੰਮ੍ਰਿਤਸਰ ਦੇ ਜੈਨ ਮੰਦਰ ਵਿੱਚ ਹੱਥ ਲਿਖੀਆਂ ਚੌਖੀਆਂ ਹਨ ਉਹਨਾਂ ਵਿੱਚ ਨਾਥ ਬਾਣੀ ਹੈ.... ਚੌਰੰਗੀ ਨਾਥ ਜੀ ਆਪਣੀ ਕਵਿਤਾ ਵਿੱਚ ਕਹਿੰਦੇ ਹਨ ਕਿ ਮੈਂ ਸਲਵਾਨ ਦਾ ਪੁੱਤਰ ਹਾਂ ਉੱਥੇ ਮੈਨੂੰ ਮਛੰਦਰ ਨਾਥ ਜੀ ਨੇ ਕਢਵਾਇਆ, ਮੈਂ ਗੋਰਖ ਨਾਥ ਦਾ ਗੁਰੂ ਭਾਈ ਹਾਂ"[21]

ਪੂਰਨ ਭਗਤ ਦੇ ਇਤਿਹਾਸ ਪਤਾਰ ਹੋਣ ਦਾ ਦੂਜਾ ਵੱਡਾ ਸਬੂਤ ਸਿਆਲਕੋਟ ਵਿਖੇ ਚੌਰੰਜੀ ਜਾਂ ਪੂਰਨ ਦਾ ਖੂਹ ਅਤੇ ਅਬੋਹ ਵਿਖੇ ਚੌਰੰਗੀ ਨਾਥ ਦੀ ਧੂਣੀ ਜਾਂ ਮੱਠ ਹੈ ਪੂਰਨ ਦੀ ਕਹਾਣੀ 'ਟੁੰਡੇ ਅਸਰਾਜੇ' ਦੀ ਕਹਾਣੀ ਅਤੇ ਯੂਸਫ ਜੁਲੈਖ਼ਾਂ ਦੀ ਕਹਾਣੀ ਨਾਲ ਵੀ ਮੇਲ ਖਾਂਦੀ ਹੈ

**ਕਥਾਨਕ**

ਕਿੱਸਾ ਪੂਰਨ ਭਗਤ ਨੂੰ ਕਥਾਨਕ ਪੱਖ ਤੋਂ ਦੇਖਦਿਆਂ ਇਸ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਪਹਿਲੇ ਹਿੱਸੇ ਵਿੱਚ ਅਸੀਂ ਇੱਕ ਕਥਾ ਦੇ ਇਤਿਹਾਸਕ ਪਾਤਰਾਂ ਨਾਲ ਰੂ-ਬ-ਰੂ ਹੁੰਦੇ ਹਨ ਦੂਜੇ ਅੱਧ ਵਿੱਚ ਆਈਆਂ ਘਟਨਾਵਾਂ ਵਿੱਚ ਯੋਗੀ, ਸੁੰਦਰਾਂ ਅਤੇ ਹੋਰ ਮਨੋ-ਕਲਪਿਤ ਪਾਤਰ ਕਹਾਣੀ ਵਿੱਚ ਪ੍ਰਵੇਸ਼ ਕਰਦੇ ਹਨ, ਜਿਸ ਰਾਹੀਂ ਪੂਰਨ ਨੂੰ ਇੱਕ ਆਦਰਸ਼ਕ ਪਾਤਰ ਬਣਾਇਆ ਗਿਆ ਹੈ ਕਾਦਰਯਾਰ ਇਸ ਕਿੱਸੇ ਦੀ ਸ਼ੁਰੂਆਤ ਬਿਨ੍ਹਾਂ ਭੂਮਿਕਾ ਜਾਂ ਮੰਗਲਾਚਰਣ ਤੋਂ ਕਰਦਾ ਹੈ ਉਹ ਕਿੱਸੇ ਦੀ ਸ਼ੁਰੂਆਤ ਸੁਭਾਵਿਕ ਹੀ ਕਰ ਦਿੰਦਾ ਹੈ:

"ਅਲਫ ਆ ਸਖੀ ਸਿਆਲਕੋਟ ਅੰਦਰ
ਪੂਰਨ ਪੁਤ ਸਲਵਾਨ ਦੇ ਜਾਇਆ ਈ

ਕਹਾਣੀ ਦੀ ਸ਼ੁਰੂਆਤ ਪੂਰਨ ਦੇ ਜਨਮ ਤੋਂ ਹੁੰਦੀ ਹੋਈ ਪੰਡਤਾਂ ਅਤੇ ਜੋਤਸ਼ੀਆਂ ਦੀ ਭਵਿੱਖਬਾਣੀ ਨਾਲ ਗੁੰਝਲ ਵਿੱਚ ਪ੍ਰਵੇਸ਼ ਕਰ ਜਾਂਦੀ ਹੈ ਪੂਰਨ ਨੂੰ ਭੋਰੇ ਵਿੱਚ ਰਹਿਣ ਦਾ ਆਦੇਸ਼ ਹੁੰਦਾ ਹੈ ਇਸ ਦੌਰਾਨ ਰਾਜਾ ਸਲਵਾਨ ਦੂਜਾ ਵਿਆਹ ਕਰਵਾ ਲੈਂਦਾ ਹੈ ਪੂਰਨ ਦੇ ਭੋਰੇ ਵਿੱਚੋਂ ਬਾਹਰ ਆਉਂਣ ਤੇ ਕਹਾਣੀ ਵਿੱਚ ਨਵਾਂ ਮੋੜ

---

20 ਹਰਬੰਸ ਸਿੰਘ, ਪੂਰਨ ਭਗਤ ਕ੍ਰਿਤ ਕਾਦਰਯਾਰ, ਪੰਨਾ-82.

21 ਡਾ. ਮੋਹਨ ਸਿੰਘ ਦੀਵਾਨਾ, ਪੰਜਾਬੀ ਅਦਬ ਦੀ ਮੁਖਤਸਰ ਤਾਰੀਖ, ਪੰਨਾ-18.

ਆਉਂਦਾ ਹੈ ਮਤਰੇਈ ਮਾਂ ਲੂਣਾ ਪੂਰਨ ਦੀ ਜਵਾਨੀ ਨੂੰ ਦੇਖ ਕੇ ਆਪਣਾ ਸਿਦਕ ਗੁਆ, ਪੂਰਨ ਤੇ ਮੋਹਿਤ ਹੋ ਜਾਂਦੀ ਹੈ ਪਰ ਪੂਰਨ ਦਾ ਸਿਦਕ ਨਹੀਂ ਡੋਲਦਾ ਅਤੇ ਉਹ ਲੂਣਾ ਨੂੰ ਇਨਕਾਰ ਕਰ ਦਿੰਦਾ ਹੈ ਲੂਣਾ ਦੇ ਭੜਕਾਉਣ ਤੇ ਰਾਜਾ ਸਲਵਾਨ ਪੂਰਨ ਨੂੰ ਮਾਰਨ ਦੇ ਹੁਕਮ ਦਿੰਦਾ ਹੈ, ਪਰੰਤੂ ਜਲਾਦ ਪੂਰਨ ਨੂੰ ਮਾਰਨ ਦੀ ਬਜਾਏ ਉਸਦੇ ਪੈਰ ਕੱਟ ਕੇ ਉਸਨੂੰ ਖੂਹ ਵਿੱਚ ਸੁੱਟ ਜਾਂਦੇ ਹਨ

ਕਹਾਣੀ ਦੇ ਦੂਜੇ ਅੱਧ ਦੀ ਸ਼ੁਰੂਆਤ ਪੂਰਨ ਨੂੰ ਖੂਹ ਵਿਚੋਂ ਕੱਢਣ ਨਾਲ ਹੁੰਦੀ ਹੈ ਇਸ ਅੱਧ ਤੋਂ ਬਾਅਦ ਕਹਾਣੀ ਵਿੱਚ ਮੌਕਾ ਮੇਲ ਘਟਨਾਵਾਂ ਅਤੇ ਕਰਾਮਾਤਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ਮੌਕਾ ਮੇਲ ਰਾਹੀ ਯੋਗੀਆ ਨੂੰ ਪੂਰਨ ਦੇ ਖੂਹ ਵਿੱਚ ਹੋਣ ਦਾ ਪਤਾ ਲੱਗਦਾ ਹੈ ਅਤੇ ਉਹ ਕਰਾਮਾਤੀ ਢੰਗ ਨਾਲ ਪੂਰਨ ਨੂੰ ਮੁੜ ਸਾਬਤ ਸੂਰਤ ਕਰ ਦਿੰਦੇ ਹਨ ਇਹ ਯੋਗੀ ਪੂਰਨ ਨੂੰ ਜੋਗ ਬਖਸ਼ ਆਪਣਾ ਚੇਲਾ ਬਣਾ ਲੈਂਦੇ ਹਨ ਪੂਰਨ ਦੇ ਸਿਦਕ ਨੂੰ ਪਰਖਣ ਲਈ ਉਸਨੂੰ ਰਾਣੀ ਸੁੰਦਰਾਂ ਤੋਂ ਭਿਖਿਆ ਲੈਣ ਲਈ ਭੇਜਿਆ ਜਾਂਦਾ ਹੈ ਪੂਰਨ ਰਾਣੀ ਸੁੰਦਰਾ ਦੇ ਮਹੱਲ ਪਹੁੰਚਦਾ ਹੈ ਪਰੰਤੂ ਪੂਰਨ ਦੀ ਬਜਾਏ ਸੁੰਦਰਾ ਆਪਣਾ ਸਿਦਕ ਗੁਆ ਬੈਠਦੀ ਹੈ ਪੂਰਨ ਨੂੰ ਨਾ ਪ੍ਰਾਪਤ ਹੋਣ ਕਰਨ ਸਦਕਾ ਰਾਣੀ ਸੁੰਦਰਾ ਅਤੇ ਮਹੱਲ ਤੋਂ ਛਾਲ ਮਾਰ ਕੇ ਜਾਨ ਦੇ ਦਿੰਦੀ ਹੈ

ਇਸ ਉਪਰੰਤ ਕਹਾਣੀ ਆਪਣੀ ਅਸਲ ਵਾਰਤਾ ਨਾਲ ਜਾ ਜੁੜਦੀ ਹੈ ਪੂਰਨ ਸਿਆਲਕੋਟ ਆ ਬਾਗ ਵਿੱਚ ਡੇਰਾ ਲਗਾ ਲੈਂਦਾ ਹੈ ਅਤੇ ਆਪਣੀ ਕਰਾਮਾਤ ਸਦਕਾ ਸੁੱਕੇ ਬਾਗ ਨੂੰ ਹਰਾ-ਭਰਾ ਕਰ ਦਿੰਦਾ ਹੈ ਰਾਜਾ ਸਲਵਾਨ ਅਤੇ ਰਾਣੀ ਲੂਣਾ ਇਸ ਕਰਾਮਾਤੀ ਯੋਗੀ ਨੂੰ ਮਿਲਣ ਆਉਂਦੇ ਹਨ ਕਹਾਣੀ ਆਪਣੀਆਂ ਗੁੰਝਲਾਂ ਨੂੰ ਖੋਲ੍ਹਦੀ ਹੋਈ ਅੱਗੇ ਵੱਧਦੀ ਹੋਈ ਹੈ ਪੂਰਨ ਦੇ ਸੱਚ ਬਾਰੇ ਸਾਰਿਆਂ ਨੂੰ ਪਤਾ ਲੱਗਦਾ ਹੈ ਅਤੇ ਰਾਣੀ ਲੂਣਾ ਆਪਣਾ ਦੋਸ਼ ਮੰਨ ਲੈਂਦੀ ਹੈ ਮਾਂ ਇੱਛਰਾ ਚੌਵੀ ਸਾਲਾਂ ਦੀ ਲੰਮੀ ਜੁਦਾਈ ਤੋਂ ਬਾਅਦ ਪੂਰਨ ਨੂੰ ਮਿਲਦੀ ਹੈ

ਇਸ ਤਰ੍ਹਾਂ ਕਥਾਨਕ ਗੁੰਝਲਦਾਰ ਹੁੰਦਾ ਹੋਇਆ ਵੀ ਇਕਹਿਰਾ ਰੂਪ ਧਾਰ ਜਾਂਦਾ ਹੈ ਕਿਉਂਕਿ ਕਹਾਣੀ ਪੂਰਨ ਦੇ ਜਨਮ ਨਾਲ ਸ਼ੁਰੂ ਹੋ ਕੇ ਪੂਰਨ ਨੂੰ ਇੱਕ ਆਦਰਸ਼ਕ ਪਾਤਰ ਬਣਾ ਕੇ ਸੰਪੂਰਨ ਹੋ ਜਾਂਦੀ ਹੈ ਕਹਾਣੀ ਦਾ ਵਿਸਥਾਰ ਨਾਟਕੀ ਢੰਗ ਨਾਲ ਕੀਤਾ ਗਿਆ ਹੈ

**ਪਾਤਰ ਉਸਾਰੀ:**

ਪਾਤਰਾਂ ਦੇ ਕਲਾਤਮਿਕ ਅਤੇ ਸੁਚੇਤਕ ਚਿਤਰਨ ਤੋਂ ਬਿਨਾਂ ਕਿਸੇ ਵੀ ਸਾਹਿਤਕ ਰਚਨਾ ਦੀ ਉਸਾਰੀ ਨਹੀਂ ਕੀਤੀ ਜਾ ਸਕਦੀ ਕਿੱਸਾ ਪੂਰਨ ਭਗਤ ਵਿੱਚ ਆਦਰਸ਼ਕ, ਯਥਾਰਥਕ, ਰੋਮਾਂਟਕ, ਮਨੋਵਿਗਿਆਨ ਆਦਿ ਪਾਤਰਾਂ ਦੀ ਉਸਾਰੀ ਕੀਤੀ ਗਈ ਹੈ ਇਸ ਕਿੱਸੇ ਵਿੱਚ ਆਏ ਪਾਤਰ ਇਸ ਪ੍ਰਕਾਰ ਹਨ:

ਮਰਦ ਪਾਤਰ : ਪੂਰਨ, ਸਲਵਾਨ, ਗੋਰਖ ਨਾਥ ਤੇ ਰਾਜਾ ਰਸਾਲੂ ਆਦਿ

ਇਸਤਰੀ ਪਾਤਰ : ਰਾਣੀ ਇੱਛਰਾ, ਰਾਣੀ ਲੂਣਾ ਤੇ ਗੋਲੀ

ਪੂਰਨ ਇਸ ਕਿੱਸੇ ਦਾ ਮੁੱਖ ਪਾਤਰ ਹੈ ਇਸ ਕਿੱਸੇ ਦੀ ਸਾਰੀ ਕਹਾਣੀ ਉਸ ਦੇ ਆਲੇ-ਦੁਆਲੇ ਘੁੰਮਦੀ ਹੈ ਉਹ ਰਾਜੇ ਸਲਵਾਨ ਅਤੇ ਰਾਣੀ ਇੱਛਰਾ ਦਾ ਪੁੱਤਰ ਹੈ ਇੱਕ ਰਾਜਕੁਮਾਰ ਹੁੰਦਿਆਂ ਹੋਇਆਂ ਵੀ ਉਸ ਨੂੰ ਕਠਿਨਾਈਆਂ ਭਰਿਆ ਜੀਵਨ ਬਤੀਤ ਕਰਨਾ ਪੈਂਦਾ ਹੈ ਦੰਤ ਕਥਾ ਵਿੱਚ ਜਿੱਥੇ ਪੂਰਨ ਨੂੰ ਉੱਚੇ-ਸੁੱਚੇ ਆਚਰਨ ਵਾਲਾ ਪੇਸ਼ ਕੀਤਾ ਗਿਆ ਹੈ, ਉੱਥੇ ਹੀ ਉਹ ਇੱਕ ਆਗਿਆਕਾਰੀ ਅਤੇ ਦ੍ਰਿੜ ਇਰਾਦੇ ਵਾਲੇ ਪੁੱਤਰ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਜਿਵੇਂ ਇੱਕ ਜਗ੍ਹਾਂ ਪੂਰਨ ਆਪਣੇ ਬਾਪ ਸਲਵਾਨ ਤੋਂ ਵੀ ਨਿਆਂ ਦੀ ਮੰਗ ਕਰਦਾ ਹੈ:

ਜੀਮ ਜੀਉ ਵਸੋ ਤੁਸੀਂ ਘਰ ਬਾਰੀ, ਪੂਰਨ ਆਖਦਾ ਬਾਪ ਨੂੰ ਸੁਣੀ ਰਾਜਾ
ਨਾਲੇ ਲੂਣਾ ਨੂੰ ਜਾਣਨਾ ਉਸੇ ਤਰ੍ਹਾਂ, ਸੱਚੋ ਸੱਚ ਨਿਤਾਰ ਕੇ ਪੁਣੀ ਰਾਜਾ

ਇਹ ਦੰਤ ਕਥਾ ਪੂਰਨ ਦੇ ਰੂਪ ਵਿੱਚ ਹੱਕ ਸੱਚ ਦੀ ਜਿੱਤ ਕਰਵਾਉਂਦੀ ਨਜ਼ਰ ਆਉਂਦੀ ਹੈ।

ਰਾਜਾ ਸਲਵਾਨ ਸਿਆਲਕੋਟ ਦਾ ਰਾਜਾ ਅਤੇ ਪੂਰਨ ਦਾ ਪਿਤਾ ਹੈ ਸਲਵਾਨ ਇੱਕ ਯਥਾਰਥਕ ਪਾਤਰ ਦੇ ਰੂਪ ਵਿੱਚ ਨਜ਼ਰ ਆਉਂਦਾ ਹੈ ਉਹ ਆਪਣੇ ਗੁਣਾਂ ਅਤੇ ਔਗੁਣਾਂ ਨੂੰ ਸਮੇਤ ਕਥਾ ਵਿੱਚ ਪ੍ਰਤੱਖ ਹੁੰਦਾ ਹੈਕਥਾ ਵਿੱਚ ਸਲਵਾਨ ਕ੍ਰੋਧੀ ਸੁਭਾਅ ਅਤੇ ਜਲਦਬਾਜ਼ੀ ਵਿੱਚ ਫੈਸਲੇ ਲੈਣ ਵਾਲੇ ਰਾਜੇ ਦੇ ਰੂਪ ਵਿੱਚ ਨਜ਼ਰ ਆਉਂਦਾ ਹੈ ਉਹ ਸੁੰਦਰਤਾ ਤੋਂ ਭ੍ਰਮਿਤ ਹੋਣ ਵਾਲਾ ਰਾਜਾ ਹੈ ਜੋ ਲੂਣਾ ਦੀ ਸੁੰਦਰਤਾ ਦਾ ਕਾਇਰ ਹੈ

ਗੋਰਖਨਾਥ ਇਸ ਦੰਤ ਕਥਾ ਵਿੱਚ ਇੱਕ ਕਰਾਮਾਤੀ ਅਤੇ ਆਦਰਸ਼ਕ ਪਾਤਰ ਦੇ ਰੂਪ ਵਿੱਚ ਹੋਂਦ ਰੱਖਦਾ ਹੈ ਜੋ ਖੁਦ ਇੱਕ ਯੋਗੀ ਹੈ ਅਤੇ ਪੂਰਨ ਨੂੰ ਜੋਗ ਵਿੱਚ ਪਰਿਪੱਕ ਕਰਦਾ ਹੈ

ਰਾਣੀ ਇੱਛਰਾ ਪੂਰਨ ਦੀ ਮਾਂ ਅਤੇ ਰਾਜੇ ਸਲਵਾਨ ਦੀ ਰਾਣੀ ਹੈ ਪਰੰਤੂ ਉਹ ਇੱਕ ਰਾਣੀ ਹੋਣ ਦੇ ਬਾਵਜੂਦ ਵੀ ਇੱਕ ਬੇਬੱਸ ਅਤੇ ਮਜਬੂਰ ਪਾਤਰ ਹੈ ਉਹ ਆਪਣੇ ਪੁੱਤਰ ਨੂੰ ਨਾ ਤਾਂ ਭੋਰੇ ਵਿੱਚ ਜਾਣ ਤੋਂ ਬਚਾ ਪਾਉਂਦੀ ਹੈ ਅਤੇ ਨਾ ਹੀ ਮੌਤ ਦੀ ਸਜਾ ਤੋਂ ਉਹ ਇੱਕ ਦੁਖੀ ਮਾਂ ਦੇ ਰੂਪ ਵਿੱਚ ਰਾਜੇ ਨੂੰ ਕੋਸਦੀ ਹੈ ਅਤੇ ਉਸਦੇ ਕਾਰਜ ਦੀ ਨਿਖੇਧੀ ਕਰਦੀ ਹੈ ਜਿਵੇਂ:

ਕਹਿੰਦੀ ਇੱਛਰਾ ਰਾਜਿਆ ਹੋਸ਼ ਕੀਚੇ, ਕੂੜੀ ਤੁਹਮਤੋਂ ਪੁਤਰ ਨੂੰ ਮਾਰਿਆ ਈਂ
ਆਖੇ ਲਗ ਰੰਨਾ ਪੁਟਿਆਰੀਆਂ ਦੇ, ਕਰਮ ਮਇਉਂ ਆਪਣਿਉਂ ਹਾਰਿਆ ਈ

ਇੱਛਰਾ ਮਮਤਾ ਦੀ ਇੱਕ ਅਜਿਹੀ ਤਸਵੀਰ ਬਣ ਕੇ ਸਾਹਮਣੇ ਆਉਂਦੀ ਹੈ ਜੋ ਪੁੱਤਰ ਦੇ ਵਿਯੋਗ ਵਿੱਚ ਅੱਖਾਂ ਦੀ ਰੌਸ਼ਨੀ ਤੱਕ ਗੁਆ ਦਿੰਦੀ ਹੈ ਅਤੇ ਉਥੇ ਹੀ ਪੁੱਤਰ ਦਾ ਮਿਲਾਪ ਉਸਦੇ ਸਾਰੇ ਦੁੱਖ ਭੁਲਾ ਦਿੰਦਾ ਹੈ

ਲੂਣਾ ਇਸ ਦੰਦ ਕਥਾ ਵਿੱਚ ਇੱਕ ਸੁੰਦਰ ਅਤੇ ਜੋਬਨਮੱਤੀ ਇਸਤਰੀ ਹੈ ਜੋ ਆਪਣੇ ਬਾਪ ਦੀ ਉਮਰ ਦੇ ਵਿਅਕਤੀ ਨਾਲ ਵਿਆਹੀ ਗਈ ਹੈ ਕਾਦਰਯਾਰ ਲੂਣਾ ਨੂੰ ਇੱਕ ਅਜਿਹੇ ਪਾਤਰ ਦੇ ਰੂਪ ਵਿੱਚ ਪੇਸ਼ ਕਰਦਾ ਹੈ ਜੋ ਆਪਣੀਆਂ ਅਤ੍ਰਿਪਤ-ਕਾਮ ਇੱਛਾਵਾਂ ਕਰਕੇ ਆਪਣੇ ਹਮ-ਉਮਰ ਪੁੱਤਰ ਵੱਲ ਖਿੱਚੀ ਜਾਂਦੀ ਹੈ ਜਿਵੇਂ:

ਕਾਫ ਕਹਿਰ ਕਰਾ ਨਾ ਪੂਰਨ ਵੇ, ਆਖੇ ਲਗ ਜਾ ਜੇ ਭਲਾ ਚਾਹਨਾ ਏ
ਝੋਲੀ ਅਡ ਮੈਂ ਖਲੀ ਹਾਂ ਪਾਸ ਤੇਰੇ, ਹੈਸਿਆਰਿਆ ਖੈਰ ਨਾ ਪਾਉਂਣਾ ਏ

ਕਾਦਰਯਾਰ ਲੂਣਾ ਲਈ ਚੰਚਲਹਾਰੀ, ਡਾਰੀ, ਹੈਸਿਆਰੀ ਆਦਿ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ

ਰਾਣੀ ਸੁੰਦਰਾਂ ਨੂੰ ਬਹੁਤੇ ਵਿਦਵਾਨਾਂ ਨੇ ਮਿਥਿਹਾਸਕ ਪਾਤਰ ਹੀ ਮੰਨਿਆ ਹੈ ਕਿੱਸੇ ਵਿਚਲੇ ਵਰਣਨ ਅਨੁਸਾਰ ਸੁੰਦਰਾ ਇੱਕ ਸ਼ਹਿਰ ਦੀ ਰਾਣੀ ਹੈ ਜੋ ਅਤਿ ਸੁੰਦਰ ਅਤੇ ਮਨਮੋਹਣੀ ਹੈ ਪੂਰਨ ਦਾ ਯੋਗ ਪਰਖਣ ਲਈ ਗੋਰਖ ਪੂਰਨ ਨੂੰ ਸੁੰਦਰਾਂ ਕੋਲ ਭੀਖ ਮੰਗਣ ਭੇਜਦਾ ਹੈਭੀਖ ਮੰਗਣ ਦੁਰਾਨ ਪੂਰਨ ਤਾਂ ਅਡੋਲ ਰਹਿੰਦਾ ਹੈ ਪਰੰਤੂ ਸੁੰਦਰਾਂ ਪੂਰਨ ਤੇ ਮੋਹਿਤ ਹੋ ਜਾਂਦੀ ਹੈ ਜਦੋਂ ਉਹ ਪੂਰਨ ਨੂੰ ਮੰਗਣ ਗੋਰਖ ਨਾਲ ਕੋਲ ਆਉਂਦੀ ਹੈ ਤਾਂ ਕਈ ਯੋਗੀ ਆਪਣਾ ਸਿਦਕ ਗੁਆ ਬੈਠਦੇ ਹਨ ਜਿਵੇਂ:

ਰਾਣੀ ਸੁੰਦਰਾਂ ਮੁਖ ਤੋਂ ਲਾਹ ਪੜਦਾ, ਸਭਨਾ ਵਲ ਦਿਦਾਰ ਦਾ ਦੇ ਫੇਰਾ
ਗੁਰੂ ਨਾਥ ਤੇ ਪੂਰਨ ਹੀ ਰਹੇ ਸਾਬਤ, ਹੋਰ ਡੋਲਿਆ ਸਿੱਧਾਂ ਦਾ ਸਭ ਡੇਰਾ

ਅਸਲ ਵਿੱਚ ਰਾਣੀ ਸੁੰਦਰਾਂ ਇੱਕ ਅਜਿਹੇ ਪਾਤਰ ਦੇ ਰੂਪ ਵਿੱਚ ਇਸ ਦੰਤ ਕਥਾ ਵਿੱਚ ਹੋਂਦ ਰੱਖਦੀ ਹੈ, ਜੋ ਪੂਰਨ ਦੇ ਆਦਰਸ਼ਕ ਪਾਤਰ ਹੋਣ ਦਾ ਸਬੂਤ ਬਣਦੀ ਹੈ

**ਛੰਦ ਪ੍ਰਬੰਧ ਅਤੇ ਕਾਵਿ ਰੂਪ:**

ਕਾਦਰਯਾਰ ਨੇ ਕਿੱਸੇ ਪੂਰਨ ਭਗਤ ਵਿੱਚ ਬੈਂਤ ਛੰਦ ਨੂੰ ਸੀਹਰਫ਼ੀ ਕਾਵਿ-ਰੂਪ ਵਿੱਚ ਨਿਭਾਇਆ ਹੈ ਬੈਂਤ ਛੰਦ ਪੰਜਾਬੀਆਂ ਦਾ ਹਰਮਨ ਪਿਆਰਾ ਛੰਦ ਰਿਹਾ ਹੈ ਅਹਿਮਦ ਗੁੱਜਰ, ਵਾਰਿਸ ਸ਼ਾਹ, ਮੁਕਬਲ ,ਹਾਸ਼ਮ, ਮੁਹੰਮਦ ਬਖਸ਼ ਆਦਿ ਕਵੀਆਂ ਨੇ ਆਪਣੇ ਕਿੱਸਿਆਂ ਲਈ ਬੈਂਤ ਛੰਦ ਦੀ ਵਰਤੋਂ ਕੀਤੀ ਹੈ ਪਰੰਤੂ ਇਨ੍ਹਾਂ ਕਿੱਸਾਕਾਰਾਂ ਨੇ ਪ੍ਰੀਤ ਕਿੱਸਿਆਂ ਵਾਸਤੇ ਹੀ ਇਸ ਛੰਦ ਦਾ ਪ੍ਰਯੋਗ ਕੀਤਾ ਸੀ ਕਾਦਰਯਾਰ ਨੇ ਪਹਿਲੀ ਵਾਰ ਇੱਕ ਉਪਦੇਸ਼ਾਤਮਕ ਦੰਤ ਕਥਾ ਨੂੰ ਬੈਂਤ ਛੰਦ ਲਈ ਵਰਤਿਆ ਪੂਰਨ ਭਗਤ ਦਾ ਕਿੱਸਾ ਲਗਭਗ ਚਾਰ-ਚਾਰ ਤੁਕਾਂ ਤੇ ਡੇਢ ਸੌ ਬੈਂਤਾਂ ਵਿੱਚ ਹੈ

"ਕਾਦਰਯਾਰ ਨੇ ਚਾਲੀ ਮਾਤਰਾ ਵਾਲਾ ਛੰਦ ਵਰਤਿਆ ਹੈ ਅਤੇ ਵਿਸਰਾਮ 20+20 ਮਾਤਰਾ ਬਾਅਦ ਆਉਂਦਾ ਹੈ ਤੁਕਾਂਤ ਚਾਰ ਤੁਕਾਂ ਦਾ ਵੀ ਮਿਲਦਾ ਹੈ ਪਰ ਕਿਤੇ ਕਿੱਤੇ ਇਕੋ ਹੀ ਬੰਦ ਦੀਆਂ ਦੋ ਦੋ ਲਾਈਨਾਂ ਦਾ ਵੀ ਮਿਲਦਾ ਹੈ"[22]

ਕਾਦਰਯਾਰ ਭਾਵੇਂ ਕਿੱਸੇ ਦੇ ਛੰਦ ਪ੍ਰਬੰਧ ਵਿੱਚ ਕੁੱਝ ਹੇਰ-ਫੇਰ ਵੀ ਕਰਦਾ ਹੈ ਪ੍ਰੰਤੂ ਇਸ ਦੇ ਬਾਵਜੂਦ ਉਸਦੇ ਬੈਂਤਾਂ ਵਿੱਚ ਵਾਰਿਸ ਸ਼ਾਹ ਵਰਗੀ ਰਵਾਨੀ ਬਣੀ ਰਹਿੰਦੀ ਹੈ ਸੀਹਰਫ਼ੀ ਕਾਵਿ ਰੂਪ ਫਾਰਸੀ ਲਿਪੀ ਦੇ ਸਹਾਰੇ ਲਿਖੀ ਜਾਣ ਵਾਲੀ ਰਚਨਾ ਹੁੰਦੀ ਹੈ ਇਨ੍ਹਾਂ ਅੱਖਰਾਂ ਦੀ ਗਿਣਤੀ ਤੀਹ ਹੈ ਮੱਧਕਾਲੀ ਕਵਿਤਾ ਥਿੱਤਾਂ, ਮਹੀਨਿਆਂ ਅਤੇ ਹਫਤੇ ਦੇ ਦਿਨਾਂ ਦੇ ਸਹਾਰੇ ਵੀ ਰਚੀ ਜਾਂਦੀ ਰਹੀ ਹੈ ਕਾਦਰਯਾਰ ਨੇ ਕਿੱਸਾ ਪੂਰਨ ਭਗਤ ਲਈ ਸੀਹਰਫ਼ੀ ਕਾਵਿ-ਭੇਦ ਦੀ ਵਰਤੋਂ ਕੀਤੀ ਇਸ ਕਿੱਸੇ ਨੂੰ ਪੰਜ ਸੀਹਰਫ਼ੀਆਂ ਵਿੱਚ ਰਚਿਆ ਗਿਆ ਹੈ ਫਾਰਸੀ ਦੇ ਜਿਸ ਅੱਖਰ ਦਾ ਕ੍ਰਮ ਹੁੰਦਾ ਹੈ, ਉਸ ਹੀ ਅੱਖਰ ਨਾਲ ਛੰਦ ਦੀ ਸ਼ੁਰੂਆਤ ਕਰ ਲਈ ਜਾਂਦੀ ਹੈ ਜਿਵੇਂ:

(ੳ) ਅਲਫ: ਆਖ ਸਖੀ ਸਿਆਲਕੋਟ ਅੰਦਰ,
(ਅ) ਕਾਫ: ਕਤਲ ਕਰਾਉਂਗੀ ਪੂਰਨਾ ਵੇ
(ੲ) ਮੀਮ :ਮਿਲਣ ਆਈ ਚਲ ਇੱਛਰਾ ਦੀ

ਕਾਦਰਯਾਰ ਨੇ ਸੀਹਰਫ਼ੀ ਕਾਵਿ ਰੂਪ ਦੀ ਵਰਤੋਂ ਰਾਹੀਂ ਬੈਂਤ ਛੰਦ ਦੇ ਨਿਭਾਅ ਨੂੰ ਸੰਜਮ ਅਤੇ ਰੌਚਿਕਤਾ ਨਾਲ ਭਰ ਦਿੱਤਾ

**ਅਲੰਕਾਰ**

ਅਲੰਕਾਰ ਕਵਿਤਾ ਵਿੱਚ ਗਹਿਣੇ ਦਾ ਕੰਮ ਕਰਦੇ ਹਨ ਕਾਦਰਯਾਰ ਨੇ ਆਪਣੇ ਕਿੱਸੇ ਪੂਰਨ ਭਗਤ ਵਿੱਚ ਸ਼ਬਦ ਅਤੇ ਅਰਥ ਦੋਹਾਂ ਹੀ ਸ੍ਰੇਣੀਆਂ ਦੇ ਅਲੰਕਾਰਾਂ ਦੇ ਪ੍ਰਯੋਗ ਕੀਤਾ ਹੈ ਪ੍ਰੰਤੂ ਉਹ ਮੁੱਖ ਰੂਪ ਵਿੱਚ ਉਪਮਾ ਅਤੇ ਰੂਪਕ ਅਲੰਕਾਰ ਨੂੰ ਪਹਿਲ ਦੇ ਆਧਾਰ ਤੇ ਵਰਤਦਾ ਹੈ ਜੋ ਕਿ ਅਰਥ ਅਲੰਕਾਰ ਨਾਲ ਸਬੰਧਤ ਹਨ ਜਿਵੇਂ :

(ੳ) ਸੂਰਤ ਉਸਦੀ ਚੰਦ ਮਹਿਤਾਬ ਵਾਂਗੂ

---

22 ਹਰਬੰਸ ਸਿੰਘ, ਪੂਰਨ ਭਗਤ ਕ੍ਰਿਤ ਕਾਦਰਯਾਰ, ਪੰਨਾ-133-134.

ਜਦੋਂ ਬੈਠੀ ਸੀ ਜ਼ੇਵਰ ਪਾਇ ਕੇ ਜੀ

(ਉਪਮਾ ਅਲੰਕਾਰ)

(ਅ) ਪਰੀ ਜੇਹੀ ਮੈਂ ਇਸਤਰੀ ਅਰਜ਼ ਕਰਾਂ,
ਜਾ ਤੂੰ ਮਰਦ ਨਾਹੀ ਕੋਈ ਹੈ ਭੋਲਾ

(ਉਪਮਾ ਅਲੰਕਾਰ)

(ੲ) ਰਾਣੀ ਸੁੰਦਰਾ ਉਠ ਕੇ ਨਜ਼ਰ ਕੀਤੀ
ਪੂਰਨ ਭਗਤ ਹੈ ਅੰਮ੍ਰਿਤ ਫਲ ਕੋਲਾ

(ਰੂਪਕ ਅਲੰਕਾਰ)

ਇਸ ਤੋਂ ਇਲਾਵਾ ਅਨੁਪ੍ਰਾਸ, ਦ੍ਰਿਸ਼ਟਾਂਤ, ਅਤਿਕਥਨੀ, ਵਿਰੋਧਭਾਸ਼, ਕਾਵਿ ਲਿੰਗ ਆਦਿ ਅਲੰਕਾਰਾਂ ਦੀ ਵਰਤੋਂ ਵੀ ਕਾਦਰਯਾਰ ਵਿਸ਼ੇਸ਼ ਵਜਨ–ਤੋਲ ਨਾਲ ਕਰਦਾ ਹੈ ਜਿਵੇਂ:

ਕਾਦਰਯਾਰ ਜਦ ਝੂਠ ਪਹਾੜ ਜੇਡਾ
ਰਾਣੀ ਰਾਜੇ ਨੂੰ ਤੁਰਕ ਸਖਾਲਿਉਂ ਈ

(ਅਤਿਕਥਨੀ ਅਲੰਕਾਰ)

ਅਰਥ ਅਲੰਕਾਰ ਤੋਂ ਬਿਨਾਂ ਸ਼ਬਦ ਅਲੰਕਾਰ ਦੀਆਂ ਕੁੱਝ ਉਦਾਹਰਨਾਂ ਵੀ ਸਾਹਮਣੇ ਉਭਰਵੇਂ ਰੂਪ ਵਿੱਚ ਆਉਂਦੀਆਂ ਹਨ ਜਿਵੇਂ:

1) ਕਾਫ ਕਰਮ ਕਰੋ ਵਸੋ ਪਾਸ ਮੇਰੇ
2) ਕਾਮ ਮਾਰ ਕੇ ਕ੍ਰੋਧ ਨੂੰ ਦੂਰ ਕਰਨਾ
3) ਫਾਕਾ ਫਿਕਰ ਤੇ ਸਫ਼ਰ ਕਬੂਲ ਕਰਨਾ

ਸਮੂੱਚੇ ਰੂਪ ਵਿੱਚ ਕਾਦਰਯਾਰ ਨੇ ਵਿਭਿੰਨ ਅਲੰਕਾਰਾਂ ਦੀ ਚੋਣ ਅਤੇ ਵਰਤੋਂ ਨਾਲ ਕਿੱਸੇ ਨੂੰ ਸ਼ਿੰਗਾਰਿਆ ਅਤੇ ਸੰਵਾਰਿਆ ਹੈ

**ਰਸ:**

ਕਿੱਸਾ ਪੂਰਨ ਭਗਤ ਇੱਕ ਉਪਦੇਸ਼ਾਤਮਕ ਕਲਾਕ੍ਰਿਤ ਹੋਣ ਕਰਕੇ ਸ਼ਾਂਤ ਰਸ ਪ੍ਰਧਾਨ ਰਚਨਾ ਹੈ ਪਰ ਇਸਦੇ ਨਾਲ ਹੀ ਪੂਰਨ, ਲੂਣਾ ਅਤੇ ਸੁੰਦਰਾ ਦੇ ਸੁਹੱਪਣ ਅਤੇ ਤੇਜ ਦੀ ਸਿਫ਼ਤ ਕਰਦਿਆਂ ਸ਼ਿੰਗਾਰ ਰਸ ਦਾ ਵੀ ਸਿਖ਼ਰ ਦੇਖਣ ਨੂੰ ਮਿਲਦਾ ਹੈ ਜਿਵੇਂ ਲੂਣਾ ਦੀ ਸੁੰਦਰਤਾ ਦੀ ਸਿਫ਼ਤ ਕਰਦਾ ਹੋਇਆ ਕਿੱਸਾਕਾਰ ਲਿਖਦਾ ਹੈ:

ਸੂਰਤ ਉਸਦੀ ਚੰਦ ਮਹਿਤਾਬ ਵਾਂਗੂੰ, ਜਦੋਂ ਬੈਠੀ ਸੀ ਜ਼ੇਵਰ ਪਾਇ ਕੇ ਜੀ
ਕਾਦਰਯਾਰ ਕੀ ਆਖ ਸੁਣਾਵਸਾਂ ਮੈਂ, ਪੰਛੀ ਡਿਗਦੇ ਦਰਸ਼ਨ ਪਾਇ ਕੇ ਜੀ

ਜਦੋਂ ਪੂਰਨ ਤੇ ਲੂਣਾ ਵੱਲੋਂ ਤੁਹਮਤ ਲਗਾਈ ਜਾਂਦੀ ਹੈ ਅਤੇ ਰਾਜਾ ਸਲਵਾਨ ਪੂਰਨ ਉੱਤੇ ਕ੍ਰੋਧਤ ਹੁੰਦਾ ਹੈ ਤਾਂ ਰੌਂਦਰ ਰਸ ਦੀ ਝਲਕ ਮਿਲਦੀ ਹੈ ਜਿਵੇਂ:

ਅਲਫ ਆਉ ਖਾਂ ਪੂਰਨ ਕਹੇ ਰਾਜ, ਬੱਚਾ ਨਿਜ ਤੂੰ ਜਮਿਉ ਜਾਇਉ ਵੇ
ਜੇ ਮੈਂ ਜਾਣਦਾ ਮਾਰਦਾ ਤਦੋਂ ਤੈਨੂੰ, ਜਦੋਂ ਭੋਹਰੇ ਪਾਲਣ ਪਾਇਉਂ ਵੇ,
ਸੀਨੇ ਲਾਇਓ ਈ ਪੂਰਨ ਦਾਗ ਮੇਰੇ, ਰਖੇ ਪੈਰ ਪੁਠੇ ਘਨੇ ਚਾਇਉਂ ਵੇ

ਇਸੇ ਤਰ੍ਹਾਂ ਮਾਂ ਇੱਛਰਾ ਦਾ ਪੂਰਨ ਨਾਲ ਵਿਯੋਗ ਅਤੇ ਰਾਣੀ ਸੁੰਦਰਾ ਦਾ ਪੂਰਨ ਨੂੰ ਪ੍ਰਾਪਤ ਕਰ ਸਕਣਾ ਕਰੁਣਾ ਰਸ ਨੂੰ ਉਪਜਾਉਂਦਾ ਹੈ ਜਿਵੇਂ :

(ੳ) ਗੈਨ ਗਮ ਖਾਂਦਾ ਰਾਣੀ ਹੋਈ ਅੰਨ੍ਹੀ,
ਆਰੀ ਮਾਰਦੀ ਰਬ ਦੇ ਦੇਖ ਬੂਹੇ

(ਅ) ਚੂੜਾ ਭੰਨਕੇ ਤੋੜ ਹਮੇਲ ਬੀੜੇ,
ਵਾਲ ਪੁਟ ਰਾਣੀ ਸਿਰ ਖਾਕ ਪਾਈ

ਇਸ ਕਿੱਸੇ ਦੇ ਅੰਤ ਵਿੱਚ ਰਾਜੇ ਸਲਵਾਨ ਦਾ ਪੂਰਨ ਨੂੰ ਰਾਜ ਭਾਗ ਸੌਂਪਣਾ ਅਤੇ ਪੂਰਨ ਦਾ ਦੁਨਿਆਵੀ ਪਦਾਰਥਾਂ ਦਾ ਤਿਆਗ ਸ਼ਾਂਤ ਰਸ ਦਾ ਸ਼ਿਖਰ ਹੋ ਨਿੱਬੜਦਾ ਹੈ ਜਿਵੇਂ;

ਖੇ ਖਾਹਸ਼ ਜੰਜਾਲ ਦੀ ਨਹੀਂ ਮੈਨੂੰ, ਪੂਰਨ ਆਖਦਾ ਬੰਨ੍ਹ ਕੇ ਰੱਖਦੇ ਹੋ
ਮੇਰੇ ਵਲੋਂ ਤਾਂ ਰਾਜ ਲੁਟਾਇ ਦੇਵੇ, ਜੋ ਕਰ ਆਪ ਕਮਾਇ ਨਾ ਸਕਦੇ ਹੋ

ਇਸ ਦੇ ਨਾਲ ਹੀ ਇਸ ਕਿੱਸੇ ਵਿੱਚ ਅਦਭੁਤ ਰਸ, ਬੀਰ ਰਸ, ਵੀਪਤਸ ਰਸ ਆਦਿ ਦੀ ਵਰਤੋਂ ਵੀ ਮਿਲਦੀ ਹੈ

**ਭਾਸ਼ਾ :**

ਕਿੱਸਾ ਪੂਰਨ ਭਗਤ ਵਿੱਚ ਕਾਦਰਯਾਰ ਸਰਲ ਸਾਦੀ ਅਤੇ ਠੇਠ ਪੰਜਾਬੀ ਦੀ ਵਰਤੋਂ ਕਰਦਾ ਹੈ ਇਹ ਆਮ ਪੇਂਡੂ ਜੀਵਨ ਨਾਲ ਸਬੰਧਤ ਮਿੱਟੀ ਤੇ ਵੇਗਮਈ ਹੈ ਭਾਸ਼ਾ ਦਾ ਸੰਜਮ ਇਸ ਕਿੱਸੇ ਦਾ ਵਿਸ਼ੇਸ਼ ਗੁਣ ਹੈ

ਕਾਦਰਯਾਰ ਠੇਠ ਪੰਜਾਬੀ ਸ਼ਬਦਾਵਲੀ ਦੀ ਵਰਤੋਂ ਕਰਦਾ ਹੋਇਆ ਇਸ ਕਿੱਸੇ ਨੂੰ ਤਾਜ਼ਗੀ ਅਤੇ ਜੋਸ਼ ਨਾਲ ਲਬਰੇਜ਼ ਕਰ ਦਿੰਦਾ ਹੈ ਪੰਜਾਬੀ ਸ਼ਬਦਾਵਲੀ ਦੇ ਠੇਠ ਸ਼ਬਦ ਜੋ ਕਾਦਰਯਾਰ ਨੇ ਵਰਤੇ ਹਨ, ਇਸ ਪ੍ਰਕਾਰ ਹਨ ਜਿਵੇਂ: ਈਣ, ਦਾਰੂ, ਡਾਰੀ, ਕੁਜਾਤ, ਗੋਲੀਆ, ਕੁਲੱਖਣੇ, ਪੈਂਤੜੇ ਆਦਿ

ਇਸ ਦੇ ਨਾਲ ਹੀ ਉਹ ਅਰਬੀ ਫਾਰਸੀ ਏ ਤਤਸਮ ਅਤੇ ਭਦਭਵ ਸ਼ਬਦਾਂ ਦੀ ਵਰਤੋਂ ਵੀ ਕਰਦਾ ਨਜ਼ਰ ਆਉਂਦਾ ਹੈ ਜਿਵੇਂ: ਖਿਜ਼ਮਤਗਾਰ, ਤਾਲਿਆ, ਸ਼ਿਕਮ, ਫਿਰਾਕ, ਤੁਖਮ, ਹਕੀਕਤ, ਮਹਿਤਾਰ, ਕੁਫਰ, ਅਹਿਲ ਆਦਿ ਇਸ ਤੋਂ ਇਲਾਵਾ ਲਹਿੰਦੀ ਪੰਜਾਬੀ ਦੇ ਕੁੱਝ ਸ਼ਬਦਾਂ ਦਾ ਪ੍ਰਯੋਗ ਵੀ ਹੋਇਆ ਮਿਲਦਾ ਹੈ ਜਿਵੇਂ : ਜਾਵਸਾਂ, ਲਿਆਵਸਾਂ, ਸਦਾਵਸਾਂ, ਕਰਾਵਸਾਂ ਆਦਿ ਲਹਿੰਦੀ ਦੇ ਸ਼ਬਦਾਵਲੀ ਰਾਹੀਂ ਕਾਦਰਯਾਰ ਕਿੱਸੇ ਵਿੱਚ ਸੁਹਜ ਅਤੇ ਆਨੰਦ ਭਰ ਦਿੰਦਾ ਹੈ ਜਿਵੇਂ:

ਤੂੰ ਹੀ ਦੋਰ ਮਾਤਾ ਰਾਜੀ ਹੋਏ ਕੇ ਨੀ, ਮੈਨੂੰ ਜਾਣ ਕੇ ਫਾਹੀ ਨਾ ਮੂਲ ਘਤੀ
ਕਾਦਰਯਾਰ ਫ਼ਕੀਰ ਦਾ ਰਹਿਣ ਨਾਹੀਂ, ਰੋਇ ਰੋਇ ਕੇ ਮੇਰੇ ਨਾ ਮੰਗਰ ਵਤੀ

ਕਵੀ ਆਪਣੀ ਗੱਲ ਨੂੰ ਸਿੱਧੇ ਸ਼ਬਦਾਂ ਵਿੱਚ ਕਹਿਣ ਦੀ ਬਜਾਇ ਜਦੋਂ ਅਖਾਣਾ, ਮੁਹਾਵਰਿਆਂ ਅਤੇ ਅਟਲ ਸੱਚਾਈਆਂ ਨਾਲ ਕਰਦਾ ਹੈ ਤਾਂ ਇਹ ਜੁਗਤਾਂ ਪ੍ਰਭਾਵਸ਼ਾਲੀ ਰੂਪ ਵਿੱਚ ਪਾਠਕਾਂ ਨੂੰ ਟੁੰਬਦੀਆਂ ਹਨ ਕਾਦਰਯਾਰ ਦਾ ਹਰਮਨ ਪਿਆਰਾ ਹੋਣ ਦਾ ਕਾਰਨ ਇਹੀ ਹੈ ਕਿ ਉਸ ਨੇ ਲੋਕਾਈ ਦੀ ਭਾਸ਼ਾ ਦੀ ਵਰਤੋਂ ਕੀਤੀ ਉਸਨੇ ਲੋਕਾਂ ਵਿੱਚ ਪ੍ਰਚੱਲਿਤ ਅਖਾਣ, ਮੁਹਾਵਰੇ ਅਤੇ ਅਟੱਲ ਸੱਚਾਈਆਂ ਨੂੰ ਆਪਣੇ ਕਾਵਿ ਵਿੱਚ ਇਸ ਤਰ੍ਹਾਂ ਪ੍ਰਯੋਗ ਕੀਤਾ ਕਿ ਇਹ ਕਿੱਸਾ ਲੋਕਾਂ ਨੂੰ ਆਪਣੇ ਨੇੜੇ ਜਾਪਿਆ

ਕਾਦਰਯਾਰ ਦੁਆਰਾ ਵਰਤੇ ਗਏ ਕੁੱਝ ਮੁਹਾਵਰੇ ਇਸ ਪ੍ਰਕਾਰ ਹਨ:

1) ਪੁੱਠੀ ਨਦੀ ਵਗਾਵਦੀ
2) ਲੱਜ ਟੁੱਟਣੀ
3) ਅੱਗ ਭੜਕਣੀ
4) ਕਰਮ ਜਾਗਣੇ
5) ਧ੍ਰੋਹ ਕਮਾਣਾ
6) ਦਿਲ ਖੁੱਸਣਾ

ਇਸੇ ਤਰ੍ਹਾਂ ਕਾਦਰਯਾਰ ਬਹੁਤ ਸਾਰੇ ਅਖਾਣ ਵੀ ਆਪਣੀ ਰਚਨਾ ਵਿੱਚ ਸ਼ਾਮਿਲ ਕਰਦਾ ਹੈ, ਜਿਸ ਰਾਹੀਂ ਉਹ ਆਪਣੀ ਗੱਲ ਪਾਠਕਾਂ ਤੱਕ ਤੀਖਣ ਪ੍ਰਭਾਵ ਨਾਲ ਪੇਸ਼ ਕਰਦਾ ਹੈ ਜਿਵੇਂ :

(ੳ) ਲੋਕ ਆਖਦੇ ਮਾਇਆ ਹੈ ਖੁਸਮ ਇਹਦਾ,
ਤਖਤ ਉਜੜੇ ਤਦੋਂ ਵੈਰਾਨ ਹੋ ਕੇ

(ਅ) ਅੰਬ ਵੱਢ ਕੇ ਅੱਕ ਨੂੰ ਵਾੜ ਦੇਵੇ,
ਪਛੋਤਾਵੇਗਾ ਵਕਤ ਵਿਰਾਏ ਕੇ ਜੀ

ਜਦੋਂ ਕਿਸੇ ਸਾਹਿਤਕ ਰਚਨਾ ਵਿੱਚ ਸਦੀਵਤਾ ਦੇ ਗੁਣ ਭਰੇ ਜਾਂਦੇ ਹਨ ਤਾਂ ਉਸ ਵਿੱਚ ਉੱਥੋਂ ਦੇ ਸਮਾਜ ਵਿੱਚ ਪ੍ਰਚੱਲਿਤ ਅਟੱਲ ਸੱਚਾਈਆਂ ਦਾ ਉਲੇਖ ਜਰੂਰੀ ਬਣ ਜਾਂਦਾ ਹੈ ਕਾਦਰਯਾਰ ਦੀ ਰਚਨਾ ਵਿੱਚ ਵੀ ਅਜਿਹੀਆਂ ਅਟੱਲ ਸੱਚਾਈਆਂ ਦਾ ਭਰਪੂਰ ਵਰਣਨ ਮਿਲਦਾ ਹੈ ਜੋ ਪੰਜਾਬੀ ਸਮਾਜ ਵਿੱਚ ਸਦੀਵੀ ਪ੍ਰਚੱਲਿਤ ਹਨ ਜਿਵੇਂ:

(1) ਕਾਦਰਯਾਰ ਬੁਰੇ ਦੁੱਖ ਪੁੱਤਰਾਂ ਦੇ, ਗਿਆ ਦਰਦ ਵਿਛੋੜੇ ਦਾ ਮਾਰ ਮੈਨੂੰ
(2) ਡਿੱਗੇ ਲਾਲ ਹੱਥਾਂ ਵਿੱਚੋਂ ਲਭਦੀ ਨੇ, ਕਰਮਾਂ ਵਾਲਿਆਂ ਨੂੰ ਦੂਜੀ ਵਾਰ ਲੋਕੋ

**ਸਭਿਆਚਾਰਕ ਹਵਾਲੇ:**

ਕੋਈ ਰਚਨਾ ਸਮਕਾਲੀ ਸਮਾਜ ਨਾਲ ਤਦ ਹੀ ਜੁੜ ਸਕਦੀ ਹੈ ਜਦੋਂ ਸਮਕਾਲੀ ਸਮਾਜ ਦੇ ਸੱਭਿਆਚਾਰਕ ਬਿਊਰੇ ਦਾ ਨਿਰੂਪਣ ਉਸ ਰਚਨਾ ਵਿੱਚ ਹੁੰਦਾ ਹੋਵੇ ਕਿੱਸਾ ਪੂਰਨ ਭਗਤ ਵਿੱਚ ਅਜਿਹੇ ਪ੍ਰਗਟਾਅ ਨੂੰ ਪ੍ਰਤੱਖ ਦੇਖਿਆ ਜਾ ਸਕਦਾ ਹੈ ਕਾਦਰਯਾਰ ਅਚੇਤ ਅਤੇ ਸੁਚੇਤ ਰੂਪਾਂ ਵਿੱਚ ਸਭਿਆਚਾਰ ਵਰਣਨ ਕਰਦਾ ਹੈ ਪੂਰਨ ਭਗਤ ਦੇ ਕਿੱਸੇ ਦੀ ਸ਼ੁਰੂਆਤ ਵਿਚਲੀਆਂ ਘਟਨਾਵਾਂ ਤੋਂ ਹੀ ਸਾਨੂੰ ਪਤਾ ਲੱਗਦਾ ਹੈ ਕਿ ਉਸ ਸਮੇਂ ਲੋਕਾਈ ਪੰਡਤਾਂ, ਜੋਤਸ਼ੀਆਂ ਤੇ ਵਿਸ਼ਵਾਸ ਕਰਦੀ ਸੀ ਤਾਂ ਹੀ ਪੂਰਨ ਦੇ ਜੀਵਨ ਬਾਰੇ ਭਵਿੱਖਬਾਣੀ ਕਰਵਾਈ ਜਾਂਦੀ ਹੈ ਅਤੇ ਇਸੇ ਭਵਿੱਖਬਾਣੀ ਦੇ ਆਧਾਰ ਤੇ ਉਸ ਨੂੰ ਭੋਰੇ ਵਿੱਚ ਰੱਖਿਆ ਜਾਂਦਾ ਹੈ ਇਸੇ ਤਰ੍ਹਾਂ ਰਾਜੇ ਦੇ

ਇੱਕ ਤੋਂ ਜ਼ਿਆਦਾ ਵਿਆਹ ਹੋਣਾ, ਲੋਕਾਂ ਦਾ ਹਾਰ–ਸ਼ਿੰਗਾਰ ਆਦਿ ਸਭ ਸਮਕਾਲੀ ਸਮਾਜ ਦੇ ਬਿੰਬ ਨੂੰ ਪੇਸ਼ ਕਰਦੇ ਨਜ਼ਰ ਆਉਂਦੇ ਹਨ

ਇਸ ਤੋਂ ਇਲਾਵਾ ਕਾਦਰਯਾਰ ਇਸ ਰਚਨਾ ਵਿੱਚ ਕੁੱਝ ਇਤਿਹਾਸਕ/ਮਿਥਿਹਾਸਕ ਨਾਵਾਂ–ਥਾਵਾਂ ਦੇ ਹਵਾਲੇ ਵੀ ਦਿੰਦਾ ਨਜ਼ਰ ਆਉਂਦਾ ਹੈ, ਜੋ ਪੰਜਾਬੀ ਲੋਕਾਂ ਦੀਆਂ ਸਮ੍ਰਿਤੀਆਂ ਵਿੱਚ ਬਿਰਾਜਮਾਨ ਸਨ

ਰਾਜਾ ਭੋਗ, ਯੂਸਫ, ਦਹਿਸਰ, ਸੱਸੀ, ਅਰਜਨ ਦਾਸ, ਗੋਪੀ ਚੰਦ, ਅਭਿਮੰਨਯੂ, ਰਾਜਾ ਬਿਕਰਮਾਜੀਤ ਆਦਿ ਪਾਤਰਾਂ ਦੇ ਹਵਾਲੇ ਤਾਂ ਉਹ ਇਸ ਕਿੱਸੇ ਕਾਵਿਓਵਾਚ ਅਧੀਨ ਹੀ ਕਰ ਦਿੰਦਾ ਹੈ ਜਿਵੇਂ:

ਰਾਜੇ ਭੋਗ ਉਤੇ ਅਸਵਾਰ ਹੋਈਆਂ
ਮਾਰ ਅੱਡੀਆਂ ਅਕਲ ਭੁਲਾਇ ਦਿੱਤੇ

ਇਸ ਤਰ੍ਹਾਂ ਸੱਸੀ ਦੀ ਤੜਪਣਾ ਰਾਹੀਂ ਉਹ ਰਾਣੀ ਸੁੰਦਰਾਂ ਦੀ ਵਿਯੋਗ ਅਵਸਥਾ ਨੂੰ ਚਿਤਰਤ ਕਰਦਾ ਹੈ, ਜਿਵੇਂ :

ਕਾਦਰਯਾਰ ਮੀਆਂ ਸੱਸੀ ਵਾਂਗ ਮੈਨੂੰ,
ਥਲਾਂ ਵਿਚ ਕੂਕੇਂਦੀ ਨੂੰ ਸੁਟ ਗਾਇਉ

**ਨਿਸ਼ਕਰਸ਼:**

ਸੰਖੇਪ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਕਾਦਰਯਾਰ ਜਨ–ਸਮੂਹ ਦੇ ਹਾਵ ਭਾਵ ਨੂੰ ਕਲਾਮਈ ਸ਼ੈਲੀ ਵਿੱਚ ਪੇਸ਼ ਕਰਨ ਵਾਲਾ ਲੋਕ ਕਵੀ ਹੈ ਭਾਰਤੀ ਪ੍ਰਚੀਨ ਸੱਭਿਆਚਾਰ ਦੇ ਹਵਾਲੇ ਨਾਲ ਉਹ ਲੋਕ ਮਨਾਂ ਵਿੱਚ ਵਸੀ ਦੰਤ–ਕਥਾ ਨੂੰ ਸੰਜੀਵ ਕਰਦਾ ਹੋਇਆ ਸੁੰਦਰ ਅਲੰਕਾਰ ਦੀ ਜੜਤ ਕਰਦਾ ਹੈ ਉਸ ਦੀ ਠੇਠ ਪੰਜਾਬੀ, ਪੰਜਾਬ ਦੇ ਲੋਕਾਂ ਦੇ ਨੇੜੇ ਦੀ ਬੋਲੀ ਹੈ ਜੋ ਮੁਹਾਵਰਿਆ ਅਤੇ ਅਖਾਣਾ ਨਾਲ ਲਬਰੇਜ ਹੈ ਉਸਨੇ ਇੱਕ ਉਪਦੇਸ਼ਾਤਮਕ ਦੰਤ ਕਥਾ ਨੂੰ ਬੈਂਤ ਛੰਦ ਅਤੇ ਸ਼ੀਹਰਫੀ ਕਾਵਿ ਵਿੱਚ ਪਰੋਣ ਦਾ ਜੋ ਯਤਨ ਕੀਤਾ ਸੀ ਉਹ ਲੋਕਾਂ ਵੱਲੋਂ ਮਿਲੇ ਕਿੱਸੇ ਨੂੰ ਹੁੰਘਾਰੇ ਸਦਕਾ ਸਫ਼ਲ ਜਾਪਦਾ ਹੈ ਕਾਦਰਯਾਰ ਆਪਣੇ ਕਾਵਿ–ਕਿਰਤ ਪੂਰਨ ਭਗਤ ਸਦਾ ਪੰਜਾਬੀ ਲੋਕ–ਮਨਾਂ ਵਿੱਚ ਸਦਾ ਜੀਵਦਾ ਰਹੇਗਾ

## ਸਹਾਇਕ ਪੁਸਤਕ ਸੂਚੀ


1) ਅਮਰ ਕੋਮਲ, ਪੂਰਨ ਭਗਤ ਦੇ ਪੰਜਾਬੀ ਕਿੱਸਿਆ ਦਾ ਆਲੋਚਨਾਤਮਕ ਅਧਿਐਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1974
2) ਅਮਰਜੀਤ ਸਿੰਘ ਕਾਂਗ (ਸੰਪਾ.), ਪੰਜਾਬੀ ਕਿੱਸਾ ਸਾਹਿਤ, ਸਾਹਿਤ ਅਕਾਦਮੀ, ਦਿੱਲੀ, 2003
3) ਸੰਤ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਇਤਿਹਾਸ (1701–1850), ਲਾਹੌਰ ਬੁੱਕ ਸ਼ਾਪ, ਲੁਧਿਆਣਾ, 1974
4) ਸਤਿੰਦਰ ਸਿੰਘ ਨੂਰ (ਸੰਪਾ.), ਪੰਜਾਬੀ ਕਿੱਸਾ ਕਾਵਿ ਦਾ ਬਦਲਦੇ ਪਰਿਪੇਖ, ਪੰਜਾਬੀ ਅਕਾਦਮੀ, ਦਿੱਲੀ, 1991
5) ਸੁਰਜੀਤ ਸਿੰਘ ਸੇਠੀ, ਫੋਕ ਥੀਏਟਰ ਫੈਸਟੀਵਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ , 1974
6) ਕਰਨੈਲ ਸਿੰਘ, ਪੰਜਾਬੀ ਕਿੱਸਾ ਕਾਵਿ ਦਾ ਵਿਚਾਰਧਾਰਕ ਪੱਖ, ਵੈਲਵਿਸ਼ਸ ਪਬਲੀਸਰਜ, ਦਿੱਲੀ, (ਦੂਜਾ ਐਡੀਸਨ) 2008
7) ਕਰਨੈਲ ਸਿੰਘ ਥਿੰਦ (ਸੰਪਾ.), ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1973
8) ਗੁਲਵੰਤ ਸਿੰਘ (ਸੰਪਾ.), ਕਾਦਰਯਾਰ : ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980
9) ਜਗਜੀਵਨ ਸਿੰਘ, ਪੂਰਨ ਦੀ ਦੰਤ ਕਥਾ ਅਤੇ ਆਧੁਨਿਕ ਪੰਜਾਬੀ ਚਿੰਤਨ , ਗੁਰਮਤਿ ਪ੍ਰਕਾਸ਼ਨ, ਪਟਿਆਲਾ, 2011
10) ਡਾ. ਮੋਹਨ ਸਿੰਘ ਦੀਵਾਨਾ, ਪੰਜਾਬੀ ਅਦਬ ਦੀ ਮੁਖਤਸਰ ਤਾਰੀਖ, ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, 1948
11) ਡਾ. ਮੋਹਨ ਸਿੰਘ ਦੀਵਾਨਾ, ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ,1951
12) ਪ੍ਰੋ. ਹਰਬੰਸ ਸਿੰਘ, ਪੂਰਨ ਭਗਤ ਕ੍ਰਿਤ ਕਾਦਰਯਾਰ, ਲਹੌਰ ਬੁਕ ਸ਼ਾਪ, ਲੁਧਿਆਣਾ, 1983

13) ਪ੍ਰੋ. ਗੁਰਬਚਨ ਸਿੰਘ (ਸੰਪਾ.), ਕਾਦਰਯਾਰ, ਭਾਸ਼ਾ ਵਿਭਾਗ, ਪੰਜਾਬ, 1961
14) ਬਿਕਰਮ ਸਿੰਘ ਘੁੰਮਣ, ਪੂਰਨ ਭਗਤ ਕਾਦਰਯਾਰ : ਪਾਠ ਅਤੇ ਆਲੋਚਨਾ, ਵਾਰਿਸ ਸ਼ਾਹ ਫਾਉਂਡੇਸ਼ਨ, ਅਮ੍ਰਿਤਸਰ, 2003
15) ਭਾਰਤਬੀਰ ਕੌਰ ਸੰਧੂ, ਪੂਰਨ ਭਗਤ ਦੇ ਕਿੱਸੇ : ਸੰਵਾਦ ਅਤੇ ਸਮੀਖਿਆ, ਵਾਰਿਸ ਸ਼ਾਹ ਫਾਉਂਡੇਸ਼ਨ, 2005
16) ਰਤਨ ਸਿੰਘ ਜੱਗੀ, ਵਿਚਾਰਧਾਰਾ, ਮਦਾਨ ਪਬਲੀਕੇਸ਼ਨ, ਪਟਿਆਲਾ, 1966

Type Setting :
Department of Distance Education, Punjabi University, Patiala.